18-JULY-PAGE-1.qxd 7/17/2023 10:32 PM Page 1

ਮੰਗਲਵਾਰ, 18 ਜੁਲਾਈ, 2023
3 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 47

# ਨਵਾਂ ਜ਼ਮਾਨਾ

DAILY NAWAN ZAMANA • TUESDAY, 18 JULY, 2023

ਜਲੰਧਰ

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ : 12

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਮੁਰਦੇ ’ਚ ਰੂਹ ਫੂਕਣ ਦੇ ਯਤਨ

## ‘ਮੈਂ ਅਕੇਲਾ ਕਾਫੀ ਹੂੰ’ ਦੀ ਫੜ੍ਹ ਮਾਰਨ ਵਾਲਾ ਹੁਣ 30 ਪਾਰਟੀਆਂ ਇਕੱਠੀਆਂ ਕਰਨ ਕਿਉਂ ਤੁਰ ਪਿਆ : ਕਾਂਗਰਸ

**ਬੇਂਗਲੁਰੂ** : ਕਾਂਗਰਸ ਨੇ ਸੋਮਵਾਰ ਕਿਹਾ ਕਿ ਆਪੋਜ਼ੀਸ਼ਨ ਏਕਤਾ ਭਾਰਤੀ ਸਿਆਸਤ ’ਚ ਪਾਸਾ ਪਲਟਣ ਵਾਲੀ ਹੋਵੇਗੀ ਅਤੇ ਜਿਹੜੇ ਆਪੋਜ਼ੀਸ਼ਨ ਪਾਰਟੀਆਂ ਨੂੰ ਇਕੱਲਿਆਂ ਢਾਹੁਣ ਦੀਆਂ ਗੱਲਾਂ ਕਰਦੇ ਹੁੰਦੇ ਸੀ, ਹੁਣ ‘ਮੁਰਦਾ’ ਬਣ ਚੁੱਕੇ ਐੱਨ ਡੀ ਏ ਵਿਚ ਨਵੀਂ ਰੂਹ ਫੂਕਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਆਪੋਜ਼ੀਸ਼ਨ ਪਾਰਟੀਆਂ ਦੀ ਸੋਮਵਾਰ ਸ਼ੁਰੂ ਹੋਣ ਵਾਲੀ ਦੋ ਦਿਨਾਂ ਮੀਟਿੰਗ ਤੋਂ ਪਹਿਲਾਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਚਾਨਕ ਐੱਨ ਡੀ ਏ ਦੀ ਯਾਦ ਆ ਗਈ ਹੈ। ਉਨ੍ਹਾ ਕਿਹਾ-ਐੱਨ ਡੀ ਏ ਵਿਚ ਨਵੀਂ ਜਾਨ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਐੱਨ ਡੀ ਏ ਦੀ ਕਦੇ ਕੋਈ ਗੱਲ ਨਹੀਂ ਕਰਦਾ ਸੀ ਅਤੇ ਪਿਛਲੇ ਕੁਝ ਦਿਨਾਂ ਤੋਂ ਅਸੀਂ ਇਸ ਬਾਰੇ ਸੁਣ ਤੇ ਪੜ੍ਹ ਰਹੇ ਹਾਂ।



ਆਪੋਜ਼ੀਸ਼ਨ ਪਾਰਟੀਆਂ ਦੀ ਮੀਟਿੰਗ ਲਈ ਬੇਂਗਲੁਰੂ ਪੁੱਜੀ ਸੋਨੀਆ ਦਾ ਸਵਾਗਤ।

### ਅਸਲ ਸਵਾਲ

ਦਿੱਲੀ ਵਿਚ ਪ੍ਰਸ਼ਾਸਕੀ ਸੇਵਾਵਾਂ ਨੂੰ ਕੰਟਰੋਲ ਕਰਨ ਦੇ ਕੇਂਦਰ ਦੇ ਆਰਡੀਨੈਂਸ ਦਾ ਕਾਂਗਰਸ ਵੱਲੋਂ ਵਿਰੋਧ ਕਰਨ ’ਤੇ ਭਾਜਪਾ ਵੱਲੋਂ ਇਹ ਕਹਿਣ ਕਿ ਕਾਂਗਰਸ ਹਾਈ ਕਮਾਨ ਨੇ ਆਪਣੀ ਦਿੱਲੀ ਤੇ ਪੰਜਾਬ ਇਕਾਈ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ, ਦਾ ਜਵਾਬ ਦਿੰਦਿਆਂ ਕਾਂਗਰਸ ਪ੍ਰਧਾਨ ਖੜਗੇ ਨੇ ਕਿਹਾ ਕਿ ਇਹ ਇਕ ਵਿਅਕਤੀ ਦਾ ਸਵਾਲ ਨਹੀਂ ਸਗੋਂ ਜਮਹੂਰੀਅਤ ਤੇ ਸੰਵਿਧਾਨ ਨੂੰ ਬਚਾਉਣ ਦਾ ਸਵਾਲ ਹੈ।

ਅਚਾਨਕ ਮੰਗਲਵਾਰ ਐੱਨ ਡੀ ਏ ਦੀ ਮੀਟਿੰਗ ਸੱਦ ਲਈ ਗਈ ਹੈ। ਸੋ, ਮੁਰਦਾ ਬਣ ਗਏ ਐੱਨ ਡੀ ਏ ਵਿਚ ਹੁਣ ਨਵੀਂ ਰੂਹ ਫੂਕਣ ਦੇ ਯਤਨ ਕੀਤੇ ਜਾ ਰਹੇ

● ਬਾਕੀ ਸਫ਼ਾ 2 ’ਤੇ

## ਬੱਦਲ ਫਟਣ ਨਾਲ ਇੱਕ ਮੌਤ, ਤਿੰਨ ਜ਼ਖ਼ਮੀ



**ਸ਼ਿਮਲਾ** : ਸੋਮਵਾਰ ਕੁੱਲੂ ਜ਼ਿਲ੍ਹੇ ਦੇ ਰਾਇਸੋਨ ਇਲਾਕੇ ਦੇ ਪਿੰਡ ਕਯਾਸ ਵਿਚ ਬੱਦਲ ਫਟਣ ਨਾਲ ਅਚਾਨਕ ਆਏ ਹੜ੍ਹ ਕਾਰਨ ਵਾਹਨ ਰੁੜ੍ਹਨ ਕਰਕੇ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਉਸ ਦੇ ਨਾਲ ਸਫਰ ਕਰ ਰਹੇ ਤਿੰਨ ਵਿਅਕਤੀ ਜ਼ਖਮੀ ਹੋ ਗਏ। ਮਰਨ ਵਾਲਾ ਕੁੱਲੂ ਦੇ ਪਿੰਡ ਚਨਸਾਰੀ ਦਾ ਬਾਦਲ ਸ਼ਰਮਾ ਸੀ। ਜ਼ਖਮੀ ਹੋਣ ਵਾਲੇ ਖੇਮ ਚੰਦ, ਸੁਰੇਸ਼ ਸ਼ਰਮਾ ਤੇ ਕਪਿਲ ਹਨ। ਅੱਠ ਹੋਰ ਵਾਹਨ ਵੀ ਰੁੜ੍ਹ ਗਏ ਅਤੇ ਇਕ ਘਰ ਨੂੰ ਵੀ ਨੁਕਸਾਨ ਪੁੱਜਾ। ਪਿੰਡ ਦਾ ਸੜਕੀ ਸੰਪਰਕ ਟੁੱਟ ਗਿਆ।

### ਗੁਰਕੀਰਤ ਗ੍ਰਹਿ ਸਕੱਤਰ ਬਣੇ



**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਸੋਮਵਾਰ ਚਾਰ ਆਈ ਏ ਐੱਸ ਤੇ ਇਕ ਪੀ ਸੀ ਐੱਸ ਅਧਿਕਾਰੀ ਬਦਲ ਦਿੱਤੇ। ਗੁਰਕੀਰਤ ਕਿਰਪਾਲ ਸਿੰਘ ਨੂੰ ਸੂਬੇ ਦਾ ਨਵਾਂ ਗ੍ਰਹਿ ਸਕੱਤਰ ਨਿਯੁਕਤ ਕੀਤਾ ਗਿਆ ਹੈ।

### ਹਸੀਬਾ ਨੂਰੀ ਦਾ ਕਤਲ



**ਪੇਸ਼ਾਵਰ** : ਅਫਗਾਨੀ ਗਾਇਕਾ ਹਸੀਬਾ ਨੂਰੀ (38) ਨੂੰ ਐਤਵਾਰ ਖੈਬਰ ਪਖਤੂਨਖਵਾ ਦੇ ਕੁਜ਼ਾ ਵਿਚ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਤਾਲਿਬਾਨ ਦੇ ਮੁੜ ਸੱਤਾ ’ਚ ਆਉਣ ’ਤੇ ਉਹ 2021 ਵਿਚ ਪਾਕਿਸਤਾਨ ਆ ਗਈ ਸੀ ਤੇ ਮਾਂ ਨਾਲ ਇਸਲਾਮਾਬਾਦ ’ਚ ਰਹਿ ਰਹੀ ਸੀ। ਮਸ਼ਹੂਰ ਪਸ਼ਤੋ ਗਾਇਕਾ ਨੇ ਵੱਖ-ਵੱਖ ਟੀ ਵੀ ਚੈਨਲਾਂ ’ਤੇ ਪਰਫਾਰਮੈਂਸ ਦਿੱਤੀ ਸੀ। ਉਸ ਦੇ ਮਸ਼ਹੂਰ ਗੀਤ ‘ਸਬਜ਼ਾ ਜਾਨਮ’, ‘ਅਲਾ ਯਾਰਮ’ ਤੇ ‘ਮੀਨਾ’ ਹਨ।

### ਸ਼ਮੀਨਾ ਸਿੰਘ ਨੂੰ ਅਹਿਮ ਅਹੁਦਾ



**ਵਾਸ਼ਿੰਗਟਨ** : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ ਮੂਲ ਦੀ ਸ਼ਮੀਨਾ ਸਿੰਘ ਨੂੰ ਰਾਸ਼ਟਰਪਤੀ ਦੀ ਨਿਰਯਾਤ ਕੌਂਸਲ ਵਿਚ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਕੌਂਸਲ ਕੌਮਾਂਤਰੀ ਵਪਾਰ ’ਤੇ ਪ੍ਰਮੁੱਖ ਕੌਮੀ ਸਲਾਹਕਾਰ ਸੰਸਥਾ ਵਜੋਂ ਕੰਮ ਕਰਦੀ ਹੈ। ਸ਼ਮੀਨਾ ਸਿੰਘ ਮਾਸਟਰਕਾਰਡ ਸੈਂਟਰ ਫਾਰ ਇਨਕਲੂਸਿਵ ਗਰੋਥ ਦੀ ਸੰਸਥਾਪਕ ਅਤੇ ਚੇਅਰਪਰਸਨ ਹੈ।

### ਕੇਜਰੀਵਾਲ ਨੂੰ ਰਾਹਤ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ 2014 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਯੂ ਪੀ ਵਿਚ ਭਾਜਪਾ ਅਤੇ ਕਾਂਗਰਸ ਵਿਰੁੱਧ ਕਥਿਤ ਤੌਰ ’ਤੇ ਇਤਰਾਜ਼ਯੋਗ ਬਿਆਨ ਦੇਣ ਦੇ ਮਾਮਲੇ ਵਿਚ ਕਾਰਵਾਈ ’ਤੇ ਅੰਤ੍ਰਿਮ ਰੋਕ ਵਧਾ ਦਿੱਤੀ ਹੈ। ਕੇਜਰੀਵਾਲ ਨੇ ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਦੇ ਉਸ ਆਦੇਸ਼ ਦੇ ਖਿਲਾਫ ਅਪੀਲ ਕੀਤੀ ਸੀ, ਜਿਸ ਨੇ ਸੁਲਤਾਨਪੁਰ ਦੀ ਹੇਠਲੀ ਅਦਾਲਤ ਵੱਲੋਂ ਅਪਰਾਧਿਕ ਮਾਮਲੇ ’ਚ ਉਨ੍ਹਾ ਨੂੰ ਬਰੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

### ਮਨੀਪੁਰ ’ਚ ਇਕ ਹੋਰ ਕਤਲ

**ਇੰਫਾਲ** : ਮਨੀਪੁਰ ਦੇ ਕਾਂਗਪੋਕਪੀ ਜ਼ਿਲ੍ਹੇ ਦੇ ਲੈਮਟਨ ਥੰਗਬੂ ਪਿੰਡ ਵਿਚ ਹਥਿਆਰਬੰਦ ਹਮਲਾਵਰਾਂ ਨੇ ਪੇਂਡੂ ਰੱਖਿਆ ਬਲ ’ਤੇ ਹਮਲਾ ਕਰਕੇ ਇਕ ਵਿਅਕਤੀ ਨੂੰ ਮਾਰ ਦਿੱਤਾ। 3 ਮਈ ਨੂੰ ਜਾਤੀ ਹਿੰਸਾ ਸ਼ੁਰੂ ਹੋਣ ਤੋਂ ਬਾਅਦ ਪਿੰਡ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਚੂੜਾਚਾਂਦਪੁਰ ਲਿਜਾਇਆ ਗਿਆ। ਇਲਾਕੇ ਦੀ ਸੁਰੱਖਿਆ ਲਈ ਸਿਰਫ ਪੇਂਡੂ ਰੱਖਿਆ ਬਲ ਤਾਇਨਾਤ ਹੈ। ਐਤਵਾਰ ਸਵੇਰੇ 30 ਵਿਅਕਤੀ ਛੋਟੀ ਪਹਾੜੀ ’ਤੇ ਚੜ੍ਹੇ ਅਤੇ ਪੇਂਡੂ ਰੱਖਿਆ ਬਲ ਦੇ ਮੈਂਬਰਾਂ ’ਤੇ ਗੋਲੀਬਾਰੀ ਕਰਕੇ ਇਕ ਵਿਅਕਤੀ ਨੂੰ ਮਾਰ ਦਿੱਤਾ।

### ਬਿਲਕੀਸ ਕੇਸ ਦੀ ਅੰਤਿਮ ਸੁਣਵਾਈ 7 ਨੂੰ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਬਿਲਕੀਸ ਬਾਨੋ ਸਮੂਹਕ ਬਲਾਤਕਾਰ ਕੇਸ ਦੇ ਸਾਰੇ 11 ਦੋਸ਼ੀਆਂ ਨੂੰ ਦਿੱਤੀ ਮੁਆਫੀ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ’ਤੇ ਅੰਤਿਮ ਸੁਣਵਾਈ ਲਈ 7 ਅਗਸਤ ਦੀ ਤਰੀਕ ਤੈਅ ਕੀਤੀ ਹੈ।

## ਵਿਦਿਆਰਥੀ ਦਾ ਕਤਲ

**ਖਰੜ (ਹਰਨਾਮ ਸਿੰਘ ਡੱਲਾ)**

ਸਰਪੰਚ ਕਲੋਨੀ ਦੇ ਇੱਕ ਫਲੈਟ ਵਿੱਚ ਰਹਿੰਦੇ ਦੋ ਵਿਦਿਆਰਥੀਆਂ ਵਿੱਚੋਂ ਇੱਕ ਨੂੰ ਕੁਝ ਅਣਪਛਾਤੇ ਕਾਤਲਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਹਰਿਆਣਾ ਦੇ ਭਿਵਾਨੀ ਦੇ ਵਿਦਿਆਰਥੀ ਦਾ ਨਾਂਅ ਅਨੁਸ ਦੱਸਿਆ ਗਿਆ ਹੈ।

ਉਸ ਨਾਲ ਰਹਿੰਦਾ ਵਿਦਿਆਰਥੀ ਵੀ ਜ਼ਖਮੀ ਹੋ ਗਿਆ। ਇਹ ਦੋਵੇਂ ਘੜੂੰਆਂ ਦੀ ਚੰਡੀਗੜ੍ਹ ਯੂਨੀਵਰਸਿਟੀ ’ਚ ਪੜ੍ਹਦੇ ਸਨ। ਖਰੜ ਦੀ ਡੀ ਐੱਸ ਪੀ ਰੁਪਿੰਦਰਦੀਪ ਕੌਰ ਸੋਹੀ ਨੇ ਦੱਸਿਆ ਕਿ ਇਸ ਕਤਲ ਲਈ ਜ਼ਿੰਮੇਵਾਰ ਦੋ ਅਣਪਛਾਤੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

## ਪਨਬਸ ਦੀਆਂ 371 ਕਰਜ਼ਾ ਮੁਕਤ ਬੱਸਾਂ ਦੇ ਪੰਜਾਬ ਰੋਡਵੇਜ਼ ’ਚ ਰਲੇਵੇਂ ਨੂੰ ਮਨਜ਼ੂਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਇੱਥੇ ਦੱਸਿਆ ਕਿ ਵਿੱਤ ਵਿਭਾਗ ਨੇ ਪਨਬਸ ਦੀਆਂ 371 ਕਰਜ਼ਾ ਮੁਕਤ ਬੱਸਾਂ ਨੂੰ ਪੰਜਾਬ ਰੋਡਵੇਜ਼ ਦੇ ਬੇੜੇ ਵਿੱਚ ਰਲੇਵੇਂ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾ ਦੱਸਿਆ ਕਿ ਵਿਭਾਗ ਵੱਲੋਂ ਇਸ ਵਿੱਤੀ ਵਰ੍ਹੇ ਦੌਰਾਨ ਇਸ ਫੈਸਲੇ ਕਾਰਨ ਆਉਣ ਵਾਲੇ 73 ਕਰੋੜ ਰੁਪਏ ਦੇ ਖਰਚੇ ਨੂੰ ਪੂਰਾ ਕਰਨ ਲਈ ਬਜਟ ਨੂੰ ਵੀ ਮਨਜ਼ੂਰ ਕੀਤਾ ਗਿਆ ਹੈ।

ਚੀਮਾ ਨੇ ਦੱਸਿਆ ਕਿ ਇਹ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਿਆ ਗਿਆ ਹੈ, ਜੋ ਪੰਜਾਬ ਰੋਡਵੇਜ਼ ਨੂੰ ਮੁੜ ਵਿਕਾਸ ਦੀਆਂ ਲੀਹਾਂ ’ਤੇ ਲਿਆਉਣ ਲਈ ਵਚਨਬੱਧ ਹਨ। ਉਨ੍ਹਾ ਕਿਹਾ ਕਿ ਪੰਜਾਬ ਰੋਡਵੇਜ਼ ਦੇ ਫਲੀਟ ਵਿੱਚ ਸਿਰਫ 115 ਬੱਸਾਂ ਰਹਿ ਗਈਆਂ ਸਨ ਅਤੇ ਇਸ ਰਲੇਵੇਂ ਨਾਲ ਇਹ ਗਿਣਤੀ 486 ਹੋ ਜਾਵੇਗੀ।

ਵਿੱਤ ਮੰਤਰੀ ਨੇ ਕਿਹਾ ਕਿ ਇਹ ਫੈਸਲਾ ਪੰਜਾਬ ਰੋਡਵੇਜ਼ ਨੂੰ ਮਜ਼ਬੂਤ ਕਰਨ ਵਿੱਚ ਸਹਾਈ ਹੋਵੇਗਾ। ਟਰਾਂਸਪੋਰਟ ਵਿਭਾਗ ਦੀ ਤਜਵੀਜ਼ ਵਿੱਚ ਸ਼ਾਮਲ ਅਨੁਮਾਨਾਂ ਅਨੁਸਾਰ ਪੂਰੇ ਵਿੱਤੀ ਸਾਲ 2023-24 ਲਈ ਪੰਜਾਬ ਰੋਡਵੇਜ਼ ਵੱਲੋਂ ਇਨ੍ਹਾਂ 371 ਬੱਸਾਂ ਨੂੰ ਚਲਾਉਣ ’ਤੇ 138.70 ਕਰੋੜ ਰੁਪਏ ਦੀ ਆਮਦਨ ਦੇ ਨਾਲ 109.61 ਕਰੋੜ ਰੁਪਏ ਦਾ ਅਨੁਮਾਨਤ ਖਰਚਾ ਹੋਣ ਦੀ ਸੰਭਾਵਨਾ ਸੀ। ਇਸ ਵਿੱਤੀ ਸਾਲ ਦੇ ਬਾਕੀ ਰਹਿੰਦੇ 8 ਮਹੀਨਿਆਂ ਦੇ ਸੰਸੋਧਿਤ

● ਬਾਕੀ ਸਫ਼ਾ 2 ’ਤੇ

## ਜਾਲ੍ਹੀ ਡਿਗਰੀ ’ਤੇ ਨੌਕਰੀ ਕਰਨ ਵਾਲੀ ਪ੍ਰਿੰਸੀਪਲ ਗ੍ਰਿਫ਼ਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਵਿਜੀਲੈਂਸ ਬਿਊਰੋ ਨੇ ਸੋਮਵਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫੇਜ਼-11, ਐੱਸ ਏ ਐੱਸ ਨਗਰ (ਮੋਹਾਲੀ) ਵਿਖੇ ਤਾਇਨਾਤ ਪ੍ਰਿੰਸੀਪਲ ਪਰਮਜੀਤ ਕੌਰ ਨੂੰ ਜਾਲ੍ਹੀ ਡਿਗਰੀ ਦੇ ਆਧਾਰ ਉਤੇ ਸਰਕਾਰੀ ਨੌਕਰੀ ਲੈਣ ਅਤੇ ਤਰੱਕੀ ਹਾਸਲ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ।

ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਪਰਮਜੀਤ ਕੌਰ ਨੇ ਬਿਹਾਰ ਦੀ ਮਗਧ ਯੂਨੀਵਰਸਿਟੀ ਵੱਲੋਂ ਜਾਰੀ ਐੱਮ ਕਾਮ ਦੀ ਡਿਗਰੀ ਦੇ ਆਧਾਰ ਉਤੇ ਸਰਕਾਰੀ ਨੌਕਰੀ ਹਾਸਲ ਕੀਤੀ ਸੀ। ਡਿਗਰੀ ਦੀ ਤਸਦੀਕ ਨਾ ਹੋਣ ਉਪਰੰਤ ਉਸ ਖਿਲਾਫ ਵਿਜੀਲੈਂਸ ਇਨਕੁਆਰੀ ਦਰਜ ਕੀਤੀ ਗਈ ਸੀ।

## ਇਕ ਸਾਲ ’ਚ 2351 ਵੱਡੀਆਂ ਮੱਛੀਆਂ ਸਮੇਤ 16360 ਨਸ਼ਾ ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਨਸ਼ਿਆਂ ਖਿਲਾਫ਼ ਵਿੱਢੀ ਗਈ ਫੈਸਲਾਕੁੰਨ ਜੰਗ ਦੇ ਇੱਕ ਸਾਲ ਪੂਰਾ ਹੋਣ ਨਾਲ ਪੰਜਾਬ ਪੁਲਸ ਨੇ 5 ਜੁਲਾਈ 2022 ਤੋਂ ਹੁਣ ਤੱਕ 2351 ਵੱਡੀਆਂ ਮੱਛੀਆਂ ਸਮੇਤ 16360 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਇਲਾਵਾ ਪੁਲਸ ਵੱਲੋਂ ਕੁੱਲ 12218 ਐੱਫ ਆਈ ਆਰ ਦਰਜ ਕੀਤੀਆਂ ਹਨ, ਜਿਨ੍ਹਾਂ ਵਿੱਚੋਂ 1458 ਵਪਾਰਕ ਮਾਮਲਿਆਂ ਨਾਲ ਸੰਬੰਧਤ ਹਨ।

ਆਈ ਜੀ ਪੀ ਹੈੱਡਕੁਆਰਟਰਜ਼ ਸੁਖਚੈਨ ਸਿੰਘ ਗਿੱਲ, ਜੋ ਸੋਮਵਾਰ ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ, ਨੇ ਦੱਸਿਆ ਕਿ ਪੁਲਸ ਟੀਮਾਂ ਨੇ ਨਸ਼ਾ ਪ੍ਰਭਾਵਤ ਇਲਾਕਿਆਂ ਵਿੱਚ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ ਚਲਾਉਣ ਤੋਂ ਇਲਾਵਾ ਸੰਵੇਦਨਸ਼ੀਲ ਰਸਤਿਆਂ ’ਤੇ ਨਾਕੇ ਲਗਾ ਕੇ ਸੂਬੇ ਭਰ ਤੋਂ 1073.44 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਪੁਲਸ ਦੀਆਂ ਟੀਮਾਂ ਵੱਲੋਂ ਗੁਜਰਾਤ ਅਤੇ ਮਹਾਰਾਸ਼ਟਰ ਦੇ ਬੰਦਰਗਾਹਾਂ ਤੋਂ 147.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਨਾਲ ਸਿਰਫ ਇੱਕ ਸਾਲ ਵਿੱਚ ਹੈਰੋਇਨ ਦੀ ਕੁੱਲ ਰਿਕਵਰੀ 1220.94 ਕਿਲੋ ਹੋ ਗਈ ਹੈ। ਸੂਬੇ ਭਰ ਵਿੱਚੋਂ 797.14 ਕਿਲੋ ਅਫੀਮ, 902.13 ਕਿਲੋ ਗਾਂਜਾ, 375.47 ਕੁਇੰਟਲ ਭੁੱਕੀ ਅਤੇ 65.49 ਲੱਖ ਗੋਲੀਆਂ/ ਕੈਪਸੂਲ/ ਟੀਕੇ/ਸ਼ੀਸ਼ੀਆਂ ਬਰਾਮਦ ਕੀਤੀਆਂ ਹਨ। ਪੁਲਸ ਨੇ ਪਿਛਲੇ ਇੱਕ ਸਾਲ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 12.33 ਕਰੋੜ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਉਨ੍ਹਾ ਦੱਸਿਆ ਕਿ ਪੰਜਾਬ ਪੁਲਸ ਨੇ ਪਿਛਲੇ ਸਾਲ ਦੌਰਾਨ 66 ਨਸ਼ਾ ਤਸਕਰਾਂ ਦੀਆਂ 26.72 ਕਰੋੜ ਰੁਪਏ ਦੀ ਕੀਮਤ ਦੀਆਂ ਜਾਇਦਾਦਾਂ ਵੀ ਜ਼ਬਤ ਕੀਤੀਆਂ ਹਨ। ਉਨ੍ਹਾ ਦੱਸਿਆ ਕਿ ਉਕਤ ਨਸ਼ਾ ਤਸਕਰਾਂ ਦੀਆਂ ਬਰਨਾਲਾ ਜ਼ਿਲ੍ਹੇ ਵਿੱਚ 2.34 ਕਰੋੜ ਰੁਪਏ ਦੀਆਂ 13 ਜਾਇਦਾਦਾਂ, ਫਾਜ਼ਿਲਕਾ ਜ਼ਿਲ੍ਹੇ ਵਿੱਚ 1.72 ਕਰੋੜ ਰੁਪਏ ਦੀਆਂ 9 ਜਾਇਦਾਦਾਂ ਅਤੇ ਮਾਲੇਰਕੋਟਲਾ ਜ਼ਿਲ੍ਹੇ ਵਿੱਚ 1.13 ਕਰੋੜ ਰੁਪਏ ਦੀਆਂ 6 ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ।

ਹਫ਼ਤਾਵਾਰੀ ਅਪਡੇਟ ਦਿੰਦਿਆਂ ਆਈ ਜੀ ਪੀ ਨੇ ਦੱਸਿਆ ਕਿ ਪਿਛਲੇ ਇੱਕ ਹਫਤੇ ਵਿੱਚ, ਪੁਲਿਸ ਨੇ 32 ਵਪਾਰਕ ਮਾਮਲਿਆਂ ਸਮੇਤ 205 ਐਫਆਈਆਰਜ ਦਰਜ ਕਰਕੇ 297 ਨਸਾ ਤਸਕਰਾਂ/ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜੇ ‘ਚੋਂ 5.52 ਕਿਲੋਗ੍ਰਾਮ ਹੈਰੋਇਨ, 11.34 ਕਿਲੋ ਅਫੀਮ, 4.02 ਕਿਲੋ ਗਾਂਜਾ, 5.22 ਕੁਇੰਟਲ ਭੁੱਕੀ, 56107 ਗੋਲੀਆਂ, ਕੈਪਸੂਲ, ਟੀਕੇ, ਫਾਰਮਾ ਓਪੀਔਡਜ ਦੀਆਂ ਸੀਸੀਆਂ ਤੋਂ ਇਲਾਵਾ 4.33 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ।

ਉਨ੍ਹਾ ਕਿਹਾ ਕਿ ਪਿਛਲੇ ਇੱਕ ਹਫ਼ਤੇ ਵਿੱਚ 10 ਹੋਰ ਭਗੌੜੇ ਐੱਨ ਡੀ ਪੀ ਐੱਸ ਕੇਸਾਂ ਵਿੱਚ ਗ੍ਰਿਫ਼ਤਾਰ ਕੀਤੇ ਜਾਣ ਦੇ ਨਾਲ 5 ਜੁਲਾਈ, 2022 ਨੂੰ ਪੀ ਓਜ਼/ਭਗੌੜਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼

● ਬਾਕੀ ਸਫ਼ਾ 2 ’ਤੇ

## ਪ੍ਰਸ਼ਾਸਨ ਦੀ ਲਾਪ੍ਰਵਾਹੀ ਕਾਰਨ ਹੜ੍ਹਾਂ ਦੀ ਸਥਿਤੀ ਬਣੀ ਭਿਆਨਕ : ਅਰਸ਼ੀ

**ਬਰੇਟਾ (ਗੋਬਿੰਦ ਸ਼ਰਮਾ)**

‘ਮਾਨਸਾ ਜ਼ਿਲ੍ਹੇ ਦੇ ਸਰਹੱਦੀ ਚਾਂਦਪੁਰਾ ਬੰਨ੍ਹ ਸੰਬੰਧੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀ ਗਈ ਲਾਪ੍ਰਵਾਹੀ ਤੇ ਪੁਖਤਾ ਪ੍ਰਬੰਧਾਂ ਦੀ ਘਾਟ ਕਾਰਨ ਭਿਆਨਕ ਹੜ੍ਹਾਂ ਦੀ ਸਥਿਤੀ ਬਣੀ ਤੇ ਅਨੇਕਾਂ ਪਿੰਡ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੇ ਹਨ, ਜਿਸ ਕਾਰਨ ਫਸਲਾਂ, ਘਰ, ਮਾਲੀ ਨੁਕਸਾਨ ਵੱਡੀ ਪੱਧਰ ਤੇ ਹੋ ਰਿਹਾ ਹੈ। ਸਰਕਾਰ ਕੇਵਲ ਅਖਬਾਰੀ ਬਿਆਨਬਾਜ਼ੀ ਤੋਂ ਇਲਾਵਾ ਕੁਝ ਨਹੀਂ ਕਰ ਰਹੀ।’ ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਚਾਂਦਪੁਰਾ ਬੰਨ੍ਹ ਦੇ ਟੁੱਟਣ ਕਾਰਨ ਹੜ੍ਹਾਂ ਤੋਂ ਪ੍ਰਭਾਵਤ ਵੱਖ-ਵੱਖ ਪਿੰਡਾਂ ਕਾਹਨਗੜ੍ਹ, ਕੁਲਰੀਆਂ, ਭਾਵਾ, ਚੱਕ ਅਲੀ ਅਲੀਸ਼ੇਰ ਤੇ ਬੀਰੇਵਾਲਾ ਡੋਗਰਾਂ ਦੇ ਲੋਕਾਂ ਨੂੰ ਮਿਲ ਕੇ ਹਮਦਰਦੀ ਪ੍ਰਗਟ ਕਰਦਿਆਂ ਕੀਤਾ। ਦੌਰੇ ਦੌਰਾਨ ਅਰਸ਼ੀ ਤੋਂ ਇਲਾਵਾ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਸਹਾਇਕ ਸਕੱਤਰ ਸੀਤਾ ਰਾਮ ਗੋਬਿੰਦਪੁਰਾ ਨੇ ਸੂਬਾ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਬਚਾਅ ਕਾਰਜਾਂ ਲਈ ਕਿਸ਼ਤੀਆਂ ਦਾ ਫੌਰੀ ਪ੍ਰਬੰਧ ਕਰਕੇ ਜ਼ਿੰਮੇਵਾਰ ਅਫਸਰਾਂ ਦੀਆਂ ਪੱਕੀਆਂ ਡਿਊਟੀਆਂ ਲਾਈਆ ਜਾਣ। ਹੜ੍ਹ ਪ੍ਰਭਾਵਤ ਲੋਕਾਂ ਦੀ ਹਰ ਤਰਾਂ ਦੀ ਮਦਦ, ਹਰਾ ਚਾਰਾ, ਪਾਣੀ ਸਮੇਤ ਲੰਗਰ ਲੋੜਵੰਦ ਲੋਕਾਂ ਤੱਕ ਭੇਜਣ ਲਈ ਆਪਣੇ ਨੰਬਰ ਜਨਤਕ ਕੀਤੇ ਜਾਣ, ਤਾਂ ਜੋ ਸਮਾਜ ਸੇਵੀ ਸੰਸਥਾਵਾਂ, ਧਾਰਮਕ ਅਤੇ ਕਲੱਬਾਂ ਵੱਲੋ ਭੇਜੀ ਜਾ ਰਹੀ ਸਮਗਰੀ ਠੀਕ ਲੋਕਾਂ ਤੱਕ ਪਹੁੰਚਾਈ ਜਾ ਸਕੇ। ਸਾਥੀ ਅਰਸ਼ੀ ਨੇ ਗਰੀਬ ਵਰਗ ਦੇ ਲੋਕਾਂ ਦੇ ਘਰਾਂ ਦੇ ਨੁਕਸਾਨ ਦੀ ਪੂਰਤੀ ਲਈ ਘੱਟੋ-ਘੱਟ ਢਾਈ ਲੱਖ ਰੁਪਏ ਦੇਣ, ਨੁਕਸਾਨੀ ਫਸਲ ਦੇ ਪਾਣੀ ਉਤਰਨ ਦੇ ਤੁਰੰਤ ਬਾਅਦ ਗਿਰਦਾਵਰੀ ਕਰਕੇ ਘੱਟੋ-ਘੱਟ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਤੇ ਪ੍ਰਤੀ ਮਜ਼ਦੂਰ ਪਰਵਾਰ ਨੂੰ ਪੰਦਰਾਂ ਹਜ਼ਾਰ ਰੁਪਏ ਸਹਾਇਤਾ ਰਾਸ਼ੀ ਜਾਰੀ ਕਰਨ ਦੀ ਮੰਗ ਕੀਤੀ। ]



ਕਮਿਊਨਿਸਟ ਆਗੂਆਂ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਲੋਕਾਂ ਵੱਲੋਂ ਜ਼ਰੂਰੀ ਵਸਤੂਆਂ, ਕੱਚਾ-ਪੱਕਿਆ ਰਾਸ਼ਨ, ਪਾਣੀ ਅਤੇ ਹਰਾ ਚਾਰਾ ਲੋੜ ਤੋਂ ਵੀ ਜ਼ਿਆਦਾ ਭੇਜਿਆ ਜਾ ਰਿਹਾ ਹੈ, ਉਹਨਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਓਨੀ ਹੀ ਥੋੜ੍ਹੀ ਹੈ। ਇਸ ਦੌਰੇ ਦੌਰਾਨ ਹਰਕੇਸ਼, ਬਬਲੀ ਮੰਡੇਰ, ਦਰਸ਼ਨ ਭਾਵਾ, ਜਗਰਾਜ ਭਾਵਾ, ਦਰਸ਼ਨ ਸਿੰਘ ਨੰਬਰਦਾਰ ਅਤੇ ਅਮਰੀਕ ਸਿੰਘ ਚੱਕ ਅਲੀਸ਼ੇਰ ਵੀ ਮੌਜੂਦ ਸਨ।

## ਇੱਕ ਲੱਖ 40 ਹਜ਼ਾਰ ਕਿੱਲੋ ਨਸ਼ੀਲੇ ਪਦਾਰਥ ਕੀਤੇ ਨਸ਼ਟ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਵਰਚੁਅਲ ਮੌਜੂਦਗੀ ’ਚ ਸੋਮਵਾਰ ਦੇਸ਼ ਦੇ ਵੱਖ-ਵੱਖ ਹਿੱਸਿਆਂ ’ਚ 2,381 ਕਰੋੜ ਰੁਪਏ ਦੇ 1.40 ਲੱਖ ਕਿੱਲੋ ਤੋਂ ਵੱਧ ਨਸ਼ੀਲੇ ਪਦਾਰਥ ਨਸ਼ਟ ਕੀਤੇ ਗਏ। ਇਨ੍ਹਾਂ ਵਿਚ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਹੈਦਰਾਬਾਦ ਯੂਨਿਟ ਵੱਲੋਂ ਜ਼ਬਤ 6,590 ਕਿੱਲੋ, ਇੰਦੌਰ ਯੂਨਿਟ ਵੱਲੋਂ ਜ਼ਬਤ 822 ਕਿੱਲੋ ਅਤੇ ਜੰਮੂ ਯੂਨਿਟ ਵੱਲੋਂ ਜ਼ਬਤ 356 ਕਿੱਲੋ ਸ਼ਾਮਲ ਸਨ।

ਇਸ ਤੋਂ ਇਲਾਵਾ ਵੱਖ-ਵੱਖ ਰਾਜਾਂ ਦੀਆਂ ਵੱਖ-ਵੱਖ ਏਜੰਸੀਆਂ ਨੇ ਵੀ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕੀਤਾ। ਮੱਧ ਪ੍ਰਦੇਸ਼ ਵਿਚ 1,03,884 ਕਿੱਲੋ, ਅਸਾਮ ਵਿਚ 1,486 ਕਿੱਲੋ, ਚੰਡੀਗੜ੍ਹ ਵਿਚ 229 ਕਿੱਲੋ, ਗੋਆ ਵਿਚ 25 ਕਿੱਲੋ, ਗੁਜਰਾਤ ਵਿਚ 4,277 ਕਿੱਲੋ, ਹਰਿਆਣਾ ਵਿਚ 2,458 ਕਿੱਲੋ, ਜੰਮੂ-ਕਸ਼ਮੀਰ ਵਿਚ 4,069 ਕਿੱਲੋ, ਮਹਾਰਾਸ਼ਟਰ ਵਿਚ 159 ਕਿੱਲੋ, ਤ੍ਰਿਪੁਰਾ ਵਿਚ 1,803 ਕਿੱਲੋ ਅਤੇ ਯੂ ਪੀ ਵਿਚ 4,049 ਕਿੱਲੋ ਨਸ਼ੀਲੇ ਪਦਾਰਥ ਨਸ਼ਟ ਕੀਤੇ ਗਏ। ਇਸ ਨਾਲ ਸਿਰਫ ਇਕ ਸਾਲ ਵਿਚ ਨਸ਼ਟ ਕੀਤੇ ਨਸ਼ਿਆਂ ਦੀ ਕੁੱਲ ਮਾਤਰਾ 12,000 ਕਰੋੜ ਰੁਪਏ ਦੀ ਕੀਮਤ ਦੇ ਨਾਲ ਲੱਗਭੱਗ 10 ਲੱਖ ਕਿੱਲੋ ਤੱਕ ਪਹੁੰਚ ਗਈ ਹੈ।

## ਦਿੱਲੀ ’ਚ ਅੱਖਾਂ ਤੇ ਚਮੜੀ ਦੀ ਐਲਰਜੀ ਦੇ ਕੇਸ ਵਧ ਰਹੇ

**ਨਵੀਂ ਦਿੱਲੀ** : ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਸੋਮਵਾਰ ਕਿਹਾ ਕਿ ਸਾਰੇ ਸਰਕਾਰੀ ਵਿਭਾਗਾਂ ਨੂੰ ਹੜ੍ਹ ਤੋਂ ਬਾਅਦ ਦੀ ਸਥਿਤੀ ’ਤੇ ਲਗਾਤਾਰ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਰਕਾਰੀ ਹਸਪਤਾਲ ਦੇ ਨਿਰੀਖਣ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਇਹ ਵੀ ਕਿਹਾ ਕਿ ਦਿੱਲੀ ਦੇ ਵੱਖ-ਵੱਖ ਹਿੱਸਿਆਂ ’ਚ ਸਥਾਪਤ ਹੜ੍ਹ ਰਾਹਤ ਕੈਂਪਾਂ ਵਿੱਚੋਂ ਵੱਡੀ ਗਿਣਤੀ ’ਚ ਅੱਖਾਂ ਅਤੇ ਚਮੜੀ ਦੀ ਐਲਰਜੀ ਦੇ ਕੇਸ ਆ ਰਹੇ ਹਨ। ਪੂਰਬੀ ਅਤੇ ਉੱਤਰ-ਪੂਰਬੀ ਦਿੱਲੀ ਹੜ੍ਹਾਂ ਨਾਲ ਸਭ ਤੋਂ ਵੱਧ ਪ੍ਰਭਾਵਤ ਹੋਏ ਹਨ। ਹੜ੍ਹਾਂ ਤੋਂ ਬਾਅਦ ਡੇਂਗੂ, ਚਿਕਨਗੁਨੀਆ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਦੇ ਮਾਮਲੇ ਵਧਣ ਦੀ ਸੰਭਾਵਨਾ ਹੈ ਪਰ ਫਿਲਹਾਲ ਇਹ ਰੁਝਾਨ ਦੇਖਣ ਨੂੰ ਨਹੀਂ ਮਿਲ ਰਿਹਾ।





ਤ੍ਰਿਪੁਰਾ ਸਿੱਖਿਆ ਵਿਭਾਗ ਨੇ ਗੁਮਤੀ ਜ਼ਿਲ੍ਹੇ ਦੇ ਡੰਬੂਰ ਝੀਲ ਦੇ ਦੀਪਾਂ ’ਤੇ ਰਹਿਣ ਵਾਲੇ ਗਰੀਬ ਵਿਦਿਆਰਥੀਆਂ ਨੂੰ ਮੁਫਤ ਸਕੂਲ ਤੱਕ ਪਹੁੰਚਾਉਣ ਲਈ ‘ਸਕੂਲ ਬੋਟ’ ਸੇਵਾ ਦੀ ਪਹਿਲ ਕੀਤੀ ਹੈ। ਤ੍ਰਿਪੁਰਾ ਦੇ ਮੁੱਖ ਮੰਤਰੀ ਮਾਣਿਕ ਸਾਹਾ ਨੇ ਸੋਸ਼ਲ ਮੀਡੀਆ ’ਤੇ ਤਸਵੀਰ ਸਾਂਝੀ ਕੀਤੀ ਹੈ। ਡੰਬੂਰ ਝੀਲ 48 ਦੀਪਾਂ ਨਾਲ ਚਾਰੇ ਪਾਸਿਓਂ ਘਿਰੀ ਹੈ। ਮੱਛੀ ਫੜਨਾ ਇਨ੍ਹਾਂ ਦੀਪਾਂ ’ਤੇ ਰਹਿਣ ਵਾਲੇ ਲੋਕਾਂ ਦਾ ਮੁੱਖ ਕਿੱਤਾ ਹੈ।

### ਅੱਜ-ਨਾਮਾ

ਦੁਖੀ ਹਨ ਲੋਕ ਤਾਂ ਫਰਕ ਨਾ ਲੀਡਰਾਂ ਨੂੰ,
ਦੇਂਦੇ ਪਏ ਨਿੱਤ ਬਿਆਨ ਨੇ ਗਰਮ ਬੇਲੀ।
ਬਿਆਨ ਵਿੱਚ ਸੱਚ ਤੇ ਝੂਠ ਹੈ ਵਿੱਚ ਕਿੰਨਾ,
ਇਹ ਵੀ ਹੁੰਦਾ ਨਹੀਂ ਕਿਸੇ ਨੂੰ ਭਰਮ ਬੇਲੀ।
ਬੋਲਦਾ ਜਿਹੜਾ ਵੀ ਆਗੂ ਹੈ ਕਹੀ ਜਾਂਦਾ,
ਸਮਾਜ ਦੀ ਸੇਵਾ ਹੈ ਸਾਡੜਾ ਧਰਮ ਬੇਲੀ।
ਲੋਕੀਂ ਕਹਿਣ ਕਿ ਧਰਮ ਦਾ ਨਾਂਅ ਵਰਤਣ,
ਉਸ ਤਰ੍ਹਾਂ ਨੇਕ ਨਾ ਇਨ੍ਹਾਂ ਦੇ ਕਰਮ ਬੇਲੀ।
ਗੁਫਤਾਰ ਦੇ ਗਾਜ਼ੀ ਤਾਂ ਬੜੇ ਆ ਬਣੇ ਹੋਏ,
ਹੁੰਦੀ ਬਿਆਨ ਵਿੱਚ ਡਾਢੀ ਰਫਤਾਰ ਬੇਲੀ।
ਕੀਤਾ-ਕੱਤਰਿਆ ਇਨ੍ਹਾਂ ਦਾ ਵੇਖ ਲਓ ਤਾਂ,
ਨਿਕਲਦਾ ਖੋਖਲਾ ਸਿਰਫ ਕਿਰਦਾਰ ਬੇਲੀ।

-ਤੀਸ ਮਾਰ ਖਾਂ

## ਨਸ਼ਾ ਤਸਕਰੀ ਰੋਕਣ ਲਈ ਡਰੋਨਾਂ ਦੀ ਰਜਿਸਟਰੇਸ਼ਨ ਸ਼ੁਰੂ ਕਰਨ ਦੀ ਵਕਾਲਤ

### ਐੱਨ ਡੀ ਪੀ ਐੱਸ ’ਚ ਸੋਧ ਕਰ ਕੇ ਇਸ ਨੂੰ ਹੋਰ ਸਖ਼ਤ ਬਣਾਉਣ ਦੀ ਲੋੜ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਨਸ਼ਿਆਂ ਖ਼ਿਲਾਫ਼ ਜੰਗ ਵਿੱਚ ਸੂਬਾ ਸਰਕਾਰ ਵੱਲੋਂ ਕੀਤੀਆਂ ਪੁਰਜ਼ੋਰ ਕੋਸ਼ਿਸ਼ਾਂ ਬਾਰੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਜਾਣੂੰ ਕਰਵਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਖ਼ਤਰੇ ਨਾਲ ਸਿੱਝਣ ਲਈ ਮੌਜੂਦਾ ਕਾਨੂੰਨਾਂ ਵਿੱਚ ਸਖ਼ਤ ਤਜਵੀਜ਼ਾਂ ਜੋੜਨ ਦੀ ਵਕਾਲਤ ਕੀਤੀ।

ਕੇਂਦਰੀ ਗ੍ਰਹਿ ਮੰਤਰੀ ਦੀ ਅਗਵਾਈ ਹੇਠ ‘ਨਸ਼ਾ ਤਸਕਰੀ ਤੇ ਕੌਮੀ ਸੁਰੱਖਿਆ’ ਬਾਰੇ ਹੋਈ ਵਰਚੁਅਲ ਮੀਟਿੰਗ ਵਿੱਚ ਭਾਗ ਲੈਂਦਿਆਂ ਭਗਵੰਤ ਮਾਨ ਨੇ ਜਾਣੂੰ ਕਰਵਾਇਆ ਕਿ ਪੰਜਾਬ ਪਹਿਲਾ ਸੂਬਾ ਹੈ, ਜਿਸ ਨੇ ਨਸ਼ਾ ਸਪਲਾਈ ਚੇਨ ਤੋੜਨ, ਨਸ਼ਾ ਤਸਕਰੀ ਅਤੇ ਤਸਕਰਾਂ ਦੀ ਗ੍ਰਿਫ਼ਤਾਰੀ ਲਈ ਕਾਨੂੰਨ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ ਵਿਸ਼ੇਸ਼ ਟਾਸਕ ਫੋਰਸ ਅਤੇ ਐੱਸ ਟੀ ਐੱਫ ਥਾਣਿਆਂ ਦਾ ਗਠਨ ਕੀਤਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੇ ਖ਼ਤਰੇ ਨਾਲ ਨਜਿੱਠਣ ਲਈ ਤਿੰਨ-ਦਿਸ਼ਾਵੀ ਰਣਨੀਤੀ ਲਾਗੂ ਕੀਤੀ ਗਈ ਹੈ, ਜਿਸ ਵਿੱਚ ਕਾਨੂੰਨ ਲਾਗੂ ਕਰਨ, ਨਸ਼ਾ ਮੁਕਤੀ ਤੇ ਨਸ਼ਿਆਂ ਦੀ ਰੋਕਥਾਮ (ਈ ਡੀ ਪੀ) ਸ਼ਾਮਲ ਹੈ। ਉਨ੍ਹਾ ਕਿਹਾ ਕਿ ਈ ਡੀ ਪੀ ਵਿੱਚ ਨਸ਼ਾ ਤਸਕਰੀ ਵਿਰੁੱਧ ਕਾਨੂੰਨ ਲਾਗੂ ਕਰਨਾ, ਨਸ਼ਿਆਂ ਦੇ ਪੀੜਤਾਂ ਨੂੰ ਨਸ਼ਾ ਮੁਕਤ ਕਰਨਾ ਅਤੇ ਵਿਦਿਆਰਥੀਆਂ, ਨੌਜਵਾਨਾਂ ਤੇ ਆਮ ਲੋਕਾਂ ਨੂੰ ਨਸ਼ਿਆਂ ਤੋਂ ਬਚਾਉਣਾ ਸ਼ਾਮਲ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਜ਼ਿਲ੍ਹੇ ਵਿੱਚ ਐਂਟੀ-ਨਾਰਕੋਟਿਕਸ ਸੈੱਲ ਕਾਇਮ ਕੀਤੇ ਗਏ ਹਨ ਅਤੇ ਐੱਨ ਡੀ ਪੀ ਐੱਸ ਐਕਟ ਦੇ ਕੇਸਾਂ ਵਿੱਚ ਛੇਤੀ ਸੁਣਵਾਈ ਲਈ ਹਰੇਕ ਜ਼ਿਲ੍ਹੇ ਵਿੱਚ ਵਿਸ਼ੇਸ਼ ਅਦਾਲਤਾਂ ਬਣਾਈਆਂ ਗਈਆਂ ਹਨ। ਇਸੇ ਤਰ੍ਹਾਂ ਐੱਸ ਏ ਐੱਸ ਨਗਰ ਵਿੱਚ ਇਕ ਫੋਰੈਂਸਿਕ ਸਾਇੰਸ ਲੈਬਾਰਟਰੀ ਅਤੇ ਲੁਧਿਆਣਾ, ਬਠਿੰਡਾ ਤੇ ਅੰਮ੍ਰਿਤਸਰ ਵਿੱਚ ਨਸ਼ਿਆਂ ਦੀ ਜਾਂਚ ਲਈ ਤਿੰਨ ਖੇਤਰੀ ਐੱਫ ਐੱਸ ਐੱਲ ਸਥਾਪਤ ਕੀਤੀਆਂ ਗਈਆਂ ਹਨ। ਸੂਬਾ ਸਰਕਾਰ ਨੇ ਨਾਰਕੋਟਿਕਸ ਕੰਟਰੋਲ ਬਿਊਰੋ ਲਈ ਦੋ ਹਜ਼ਾਰ ਵਰਗ ਗਜ਼ ਦਾ ਪਲਾਟ ਅਲਾਟ ਕੀਤਾ ਹੈ ਅਤੇ ਰਿਜਨਲ ਦਫ਼ਤਰ, ਜ਼ੋਨਲ ਰੈਜ਼ੀਡੈਂਸ਼ਲ ਸੈਂਟਰ ਤੇ ਨਾਰਕੋ ਫੋਰੈਂਸਿਕ ਸਾਇੰਸ ਲੈਬਾਰਟਰੀ ਦੇ ਨਿਰਮਾਣ ਲਈ ਅੰਮ੍ਰਿਤਸਰ ਵਿੱਚ 2.5 ਏਕੜ ਜ਼ਮੀਨ ਜਾਰੀ ਕਰ ਦਿੱਤੀ ਹੈ। ਉਹਨਾ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰੀ ਪਾਕਿਸਤਾਨ, ਗੁਜਰਾਤ, ਦਿੱਲੀ, ਰਾਜਸਥਾਨ ਅਤੇ ਜੰਮੂ-ਕਸ਼ਮੀਰ ਤੋਂ ਹੁੰਦੀ ਹੈ। ਉਨ੍ਹਾ ਮੰਗ ਕੀਤੀ ਕਿ ਡਰੋਨਾਂ ਦੀ ਰਜਿਸਟਰੇਸ਼ਨ ਨੂੰ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਡਰੋਨਾਂ ਦੀ ਵਰਤੋਂ ਹਥਿਆਰ/ਹੈਰੋਇਨ/ਧਮਾਕਾਖੇਜ਼ ਸਮਗਰੀ ਦੀ ਸਰਹੱਦ ਪਾਰੋਂ ਤਸਕਰੀ ਕਰਨ ਲਈ ਹੁੰਦੀ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਡਰੋਨਾਂ ਨਾਲ ਨਸ਼ਿਆਂ ਦੀ ਸਪਲਾਈ ਰੋਕਣ ਲਈ ਪੁਲਸ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ 2019 ਤੋਂ ਬਾਅਦ ਹੁਣ ਤੱਕ 491 ਡਰੋਨ ਦਿਖੇ ਹਨ ਅਤੇ 51 ਡਰੋਨ ਬਰਾਮਦ ਕੀਤੇ ਗਏ ਹਨ।

ਨਸ਼ਿਆਂ ਦੇ ਖ਼ਤਰੇ ਉਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਾਬੂ ਪਾਉਣ ਲਈ ਸੁਝਾਅ ਦਿੰਦਿਆਂ ਮੁੱਖ ਮੰਤਰੀ ਨੇ ਪਾਕਿਸਤਾਨ ਨਾਲ ਲੱਗਦੀ ਪੰਜਾਬ ਦੀ ਸਮੁੱਚੀ ਕੌਮਾਂਤਰੀ ਸਰਹੱਦ ਉਤੇ ਡਰੋਨ ਵਿਰੋਧੀ ਤਕਨਾਲੋਜੀ/ਜੈਮਰ ਲਾਉਣ ਦੀ ਮੰਗ ਕੀਤੀ, ਤਾਂ ਕਿ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਨੂੰ ਰੋਕਿਆ ਜਾ ਸਕੇ। ਇਸੇ ਤਰ੍ਹਾਂ ਅਤਿ-ਆਧੁਨਿਕ ਖੇਤਰੀ ਡਰੋਨ ਫੋਰੈਂਸਿਕ ਲੈਬ ਪੰਜਾਬ ਖ਼ਾਸ ਤੌਰ ਉਤੇ ਅੰਮ੍ਰਿਤਸਰ ਵਿੱਚ ਸਥਾਪਤ ਕੀਤੀ ਜਾਵੇ, ਤਾਂ ਜੋ ਡਰੋਨ ਉਡਣ ਤੇ ਪੁੱਜਣ ਵਾਲੀ ਥਾਂ ਅਤੇ ਇਨ੍ਹਾਂ ਦੇ ਰੂਟ ਮੈਪ ਦਾ ਪਤਾ ਲੱਗ ਸਕੇ। ਮਾਨ ਨੇ ਕਸਟਮ ਡੇਟਾਬੇਸ ਤੱਕ ਪਹੁੰਚ ਦੀ ਮੰਗ ਕੀਤੀ, ਤਾਂ ਜੋ ਹੋਰ ਮੁਲਕਾਂ ਤੋਂ ਆਉਣ ਵਾਲੇ ਸ਼ੱਕੀ ਕੰਟੇਨਰਾਂ ਦੀ ਨਸ਼ਾ ਤਸਕਰੀ ਵਾਲੇ ਪੱਖ ਤੋਂ ਜਾਂਚ ਕੀਤੀ ਜਾ ਸਕੇ।

ਮੁੱਖ ਮੰਤਰੀ ਨੇ ਹੈਰੋਇਨ ਦੀ ਵਪਾਰਕ ਮਾਤਰਾ ਨੂੰ ਮੌਜੂਦਾ 250 ਗ੍ਰਾਮ ਤੋਂ ਘਟਾ ਕੇ 25 ਗ੍ਰਾਮ ਕਰਨ ਉਤੇ ਵੀ ਜ਼ੋਰ ਦਿੱਤਾ, ਤਾਂ ਜੋ ਹੇਠਲੇ ਪੱਧਰ ’ਤੇ ਹੀ ਤਸਕਰੀ ਨੂੰ ਰੋਕਿਆ ਜਾ ਸਕੇ। ਉਨ੍ਹਾ ਕਿਹਾ ਕਿ ਹੈੱਡ ਕਾਂਸਟੇਬਲ ਨੂੰ ਸਮਰੱਥਵਾਨ ਬਣਾਉਂਦੇ ਹੋਏ ਛੋਟੀ ਮਾਤਰਾ ਦੀ ਪਰਿਭਾਸ਼ਾ

● ਬਾਕੀ ਸਫ਼ਾ 2 ’ਤੇ

CMYK

## ਬਾਰਿਸ਼ ਨਾਲ ਪ੍ਰਭਾਵਿਤ ਫਸਲਾਂ ਦਾ ਕੀਤਾ ਨਿਰੀਖਣ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਜ਼ਿਲ੍ਹਾ ਫਰੀਦਕੋਟ ਦੇ ਮੁੱਖ ਖੇਤੀਬਾੜੀ ਅਫਸਰ ਡਾ. ਕਰਨਜੀਤ ਸਿੰਘ ਗਿੱਲ ਤੇ ਉਨ੍ਹਾਂ ਦੀ ਟੀਮ, ਜਿਸ ਵਿੱਚ ਡਾ. ਰੁਪਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ (ਬੀਜ) ਤੇ ਡਾ. ਖੁਸ਼ਵੰਤ ਸਿੰਘ ਡੀ.ਪੀ.ਡੀ. ਆਤਮਾ ਵੱਲੋਂ ਬਲਾਕ ਫਰੀਦਕੋਟ ਤੇ ਬਲਾਕ ਕੋਟਕਪੂਰਾ ਦੇ ਬਾਰਿਸ਼ ਪ੍ਰਭਾਵਿਤ ਖੇਤਾਂ ਦਾ ਦੌਰਾ ਕੀਤਾ ਗਿਆ। ਇਸ ਤੋਂ ਇਲਾਵਾ ਬਲਾਕ ਫਰੀਦਕੋਟ ਤੇ ਕੋਟਕਪੂਰਾ ਦੀਆਂ ਟੀਮਾਂ ਵੱਲੋਂ ਵੀ ਬਾਰਿਸ਼ ਪ੍ਰਭਾਵਿਤ ਖੇਤਾਂ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ, ਜਿਸ ਵਿੱਚ ਹੁਣ ਤੱਕ ਅੰਦਾਜ਼ਨ 2300 ਏਕੜ ਰਕਬਾ ਪ੍ਰਭਾਵਿਤ ਪਾਇਆ ਗਿਆ ਹੈ। ਬਲਾਕ ਫਰੀਦਕੋਟ ਦੇ ਪਿੰਡ ਕੰਮੇਆਣਾ ਫਰੀਦਕੋਟ ਦਿਹਾਤੀ (ਭੋਲੂਵਾਲਾ ਰੋਡ), ਰੱਤੀ ਰੋੜੀ, ਦਾਨਾ ਰੋਮਾਣਾ, ਚਹਿਲ, ਬੀੜ ਚਹਿਲ, ਧੂੜਕੋਟ, ਮੰਡਵਾਲਾ, ਕੋਟਸੁਖੀਆ, ਬੀਹਲੇਵਾਲਾ, ਚੱਕ ਕਾਲਾ ਟੋਲਾ, ਪੱਖੀ, ਭਾਗਥਲਾ ਤੇ ਬਲਾਕ ਕੋਟਕਪੂਰਾ ਦੇ ਪਿੰਡ ਸੰਧਵਾਂ, ਢਿੱਲਵਾਂ ਕਲਾਂ, ਪੰਜਗਰਾਂਈ ਕਲਾਂ, ਦੇਵੀ ਵਾਲਾ, ਕੋਟਕਪੂਰਾ ਦਿਹਾਤੀ ਸਮੇਤ ਲੱਗਭੱਗ 25 ਪਿੰਡ ਜ਼ਿਆਦਾ ਪ੍ਰਭਾਵਿਤ ਪਾਏ ਗਏ ਹਨ। ਇਨ੍ਹਾਂ ਪ੍ਰਭਾਵਿਤ ਖੇਤਾਂ ਵਿੱਚ ਹੁਣ ਪਾਣੀ ਦੀ ਨਿਕਾਸੀ ਹੋ ਰਹੀ ਹੈ ਤੇ ਅੰਦਾਜ਼ਨ 1300 ਏਕੜ ਰਕਬਾ ਜ਼ਿਆਦਾ ਪ੍ਰਭਾਵਿਤ ਹੈ, ਜਿੱਥੇ ਦੁਬਾਰਾ ਫਸਲ ਦੀ ਬਿਜਾਈ ਕਰਨ ਦੀ ਲੋੜ ਹੋਵੇਗੀ। ਡਾ. ਗਿੱਲ ਨੇ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਫਰੀਦਕੋਟ ਵੱਲੋਂ ਝੋਨੇ/ਬਾਸਮਤੀ ਦੀ ਪਨੀਰੀ ਬਿਜਵਾਈ ਜਾ ਰਹੀ ਹੈ ਅਤੇ ਜਿਸ ਕਿਸੇ ਕਿਸਾਨ ਵੀਰ ਨੂੰ ਪਨੀਰੀ ਜਾਂ ਬੀਜ ਦੀ ਲੋੜ ਹੈ ਤਾਂ ਉਹ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ।

## ਮੋਤੀ ਰਾਮ ਮਹਿਰਾ ਟਰੱਸਟ ਦੀ ਕਾਰਜਕਾਰਨੀ ਦੇ ਚੇਅਰਮੈਨ ਨੂੰ ਦਿੱਤੇ ਅਧਿਕਾਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਚੈਰੀਟੇਬਲ ਟਰੱਸਟ ਫਤਿਹਗੜ੍ਹ ਸਾਹਿਬ ਦੀ ਇੱਕ ਵਿਸ਼ੇਸ਼ ਮੀਟਿੰਗ ਗੁਰਦੁਆਰਾ ਯਾਦਗਾਰ ਬਾਬਾ ਮੋਤੀ ਰਾਮ ਮਹਿਰਾ ਵਿਖੇ ਚੇਅਰਮੈਨ ਨਿਰਮਲ ਸਿੰਘ ਐੱਸ ਐੱਸ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਹਾਜ਼ਰ ਆਏ ਵੱਖ ਵੱਖ ਜ਼ਿਲ੍ਹਾ ਮੈਂਬਰਾਂ ਨੇ ਸਰਬਸੰਮਤੀ ਨਾਲ ਮਤਾ ਪਾ ਕੇ ਟਰੱਸਟ ਦੇ ਅਹੁਦੇਦਾਰਾਂ ਤੋਂ ਕਾਰਜਕਾਰਨੀ ਬਣਾਉਣ ਦੇ ਸਾਰੇ ਅਧਿਕਾਰ ਚੇਅਰਮੈਨ ਨਿਰਮਲ ਸਿੰਘ ਐੱਸ ਐੱਸ ਨੂੰ ਦਿੱਤੇ ਗਏ, ਜਦੋਂ ਕਿ ਚੇਅਰਮੈਨ ਨੇ ਸਾਰਿਆਂ ਨੂੰ ਭਰੋਸਾ ਦਿੱਤਾ ਕਿ ਟਰੱਸਟ ਦੇ ਮਾਨਵ ਭਲਾਈ ਦੇ ਕੰਮ ਤੇ ਬਾਬਾ ਮੋਤੀ ਰਾਮ ਮਹਿਰਾ ਦੇ ਜੀਵਨ ਦਾ ਪ੍ਰਚਾਰ ਤੇ ਪ੍ਰਸਾਰ ਘਰ ਘਰ ਪਹੁੰਚਾਉਣ ਲਈ ਅਧੁਨਿਕ ਤਕਨੀਕਾਂ ਦਾ ਸਹਾਰਾ ਲਿਆ ਜਾਵੇਗਾ ਅਤੇ ਕੰਮ ਕਰਨ ਵਾਲੇ ਸਾਰੇ ਸਮਾਜ ਦੇ ਬੰਦਿਆਂ ਦਾ ਮਾਣ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਸੁਖਬੀਰ ਸਿੰਘ ਸ਼ਾਲੀਮਾਰ, ਸਰਵਣ ਸਿੰਘ ਬੇਹਾਲ, ਨਿਰਮਲ ਸਿੰਘ ਮੰਨਿਆ, ਮਹਿੰਦਰ ਸਿੰਘ ਮੋਰਿੰਡਾ, ਠੇਕੇਦਾਰ ਰਣਜੀਤ ਸਿੰਘ ਜਲੰਧਰ, ਗੁਰਮੀਤ ਸਿੰਘ ਮੋਰਿੰਡਾ, ਬਲਦੇਵ ਸਿੰਘ ਦੁਸਾਂਝ, ਜਸਪਾਲ ਸਿੰਘ ਕਲੌਂਦੀ, ਡਾ. ਬਾਬੂ ਰਾਮ, ਗੁਰਚਰਨ ਸਿੰਘ, ਅਨਿਲ ਕੁਮਾਰ, ਸੁਖਦੇਵ ਰਾਜ ਲੁਧਿਆਣਾ, ਜੈਕ੍ਰਿਸ਼ਨ ਕਸ਼ਿਅਪ, ਦਵਿੰਦਰ ਸਿੰਘ ਮੋਗਾ, ਬਨਾਰਸੀ ਦਾਸ, ਜਥੇਦਾਰ ਰਘਬੀਰ ਸਿੰਘ, ਜਥੇਦਾਰ ਜੈਰਾਮ ਸਿੰਘ ਰੁੜਕੀ, ਪਰਮਜੀਤ ਸਿੰਘ ਠੇਕੇਦਾਰ, ਐੱਨ ਆਰ ਮਹਿਰਾ ਆਦਿ ਹਾਜ਼ਰ ਸਨ।

## ਮੁਕਤਸਰ ਆਸ਼ਰਮ ਟਰੱਸਟ ਵਲੋਂ ਹੜ ਪੀੜਤਾਂ ਦੀ ਮਦਦ ਲਈ ਰਾਹਤ ਸਮੱਗਰੀ ਰਵਾਨਾ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸਮਾਜਸੇਵੀ ਸੰਸਥਾ ਮੁਕਤਸਰ ਆਸ਼ਰਮ ਟਰੱਸਟ ਵੱਲੋਂ ਹੜ ਪੀੜਤਾਂ ਦੀ ਮਦਦ ਦੀ ਲੜੀ ਅਧੀਨ ਸੋਮਵਾਰ ਨੂੰ ਮੌੜ ਰੋਡ ਸਥਿਤ ਮੁਕਤੀਸਰ ਰਿਸੋਰਟ ਤੋਂ ਰਾਹਤ ਸਮੱਗਰੀ ਤੇ ਮੈਡੀਕਲ ਟੀਮਾਂ ਦੇ ਜਥੇ ਰਵਾਨਾ ਕੀਤੇ ਗਏ। ਜਥੇ ਰਵਾਨਾ ਕਰਨ ਮੌਕੇ ਆਮ ਆਦਮੀ ਪਾਰਟੀ ਤੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਜਵਾਇੰਟ ਸੈਕਟਰੀ ਸੰਦੀਪ ਸ਼ਰਮਾ, ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਚੇਅਰਮੈਨ ਮੇਘਰਾਜ ਗਰਗ ਦੋਦਾ ਵਾਲੇ, ਪ੍ਰਧਾਨ ਮਨਜਿੰਦਰ ਸਿੰਘ ਕਾਕਾ ਉਡਾਂਗ, ਰਵੀ ਦੋਦਾ ਵਾਲੇ ਸਮੇਤ ਹੋਰ ਟੀਮ ਮੈਂਬਰ ਵਿਸ਼ੇਸ਼ ਤੌਰ 'ਤੇ ਪਹੁੰਚੀ ਤੇ ਜਥੇ ਨੂੰ ਰਵਾਨਾ ਕੀਤਾ। ਇਸ ਮੌਕੇ ਮਨਿੰਦਰ ਛਾਬੜਾ ਨੇ ਦੱਸਿਆ ਕਿ ਸਮੇਂ-ਸਮੇਂ ਉਨ੍ਹਾਂ ਦੇ ਟਰੱਸਟ ਵੱਲੋਂ ਲੋੜਵੰਦਾਂ ਦੀ ਮਦਦ ਦੇ ਨੇਕ ਕਾਰਜ ਕੀਤੇ ਜਾਂਦੇ ਨੇ। ਉਨ੍ਹਾ ਕਿਹਾ ਕਿ ਅੱਜ ਰਾਹਤ ਸਮੱਗਰੀ ਦੇ ਜਥੇ ਨੂੰ ਫਿਰੋਜ਼ਪੁਰ, ਮਮਦੋਟ ਖੇਤਰਾਂ 'ਚ ਲੋੜਵੰਦਾਂ ਤੱਕ ਮਦਦ ਪਹੁੰਚਾਉਣ ਲਈ ਰਵਾਨਾ ਕੀਤਾ ਗਿਆ ਹੈ। ਰਾਹਤ ਸਮੱਗਰੀ ਦੇ ਨਾਲ ਮੈਡੀਕਲ ਟੀਮਾਂ ਵੀ ਗਈਆਂ ਨੇ, ਜੋ ਉੱਥੇ ਲੋੜਵੰਦਾਂ ਨੂੰ ਮੈਡੀਕਲ ਸਹਾਇਤਾ ਮੁਹੱਈਆ ਕਰਾਉਣਗੀਆਂ। ਉਨ੍ਹਾ ਦੱਸਿਆ ਕਿ ਜਥੇ ਨਾਲ ਇੱਕ ਹਜ਼ਾਰ ਕਿੱਟ ਰਾਸ਼ਨ ਸਮੱਗਰੀ, ਪਸ਼ੂਆਂ ਲਈ 130 ਕਵਿੰਟਲ ਮੱਕੀ ਦਾ ਅਚਾਰ ਤੇ ਦਵਾਈਆਂ ਆਦਿ ਲੈ ਕੇ ਟਰੱਸਟ ਦੇ ਅਹੁਦੇਦਾਰਾਂ ਤੋਂ ਇਲਾਵਾ ਨਿਊ ਚੰਡੀਗੜ੍ਹ ਲੈਬਾਰਟਰੀ ਤੇ ਸਹਾਰਾ ਸੇਵਾ ਸੁਸਾਇਟੀ ਦੇ ਅਹੁਦੇਦਾਰ ਰਵਾਨਾ ਹੋਏ ਹਨ। ਇਸ ਮੌਕੇ ਅਗਰਵਾਲ ਸਭਾ ਦੇ ਪ੍ਰਧਾਨ ਅਜੇ ਗੁਪਤਾ, ਅਨਿਲ ਕੁਮਾਰ ਪੱਪੂ ਅਹੂਜਾ, ਐੱਸ ਕੇ ਬਾਂਸਲ ਜਵੈਲਰਜ਼, ਜਸਪਾਲ ਸੋਨੀ, ਵਿਕਾਸ ਗਰਗ, ਰਾਜਨ ਚੋਪੜਾ, ਹੈਪੀ ਬਾਬਾ ਸਮੇਤ ਵੱਡੀ ਗਿਣਤੀ 'ਚ ਸ਼ਹਿਰ ਦੇ ਪਤਵੰਤੇ ਲੋਕ ਮੌਜੂਦ ਸਨ।

## ਬਾਬਾ ਬੰਦਾ ਸਿੰਘ ਬਹਾਦਰ ਸਕੂਲ 'ਚ ਪੌਦੇ ਲਗਾਏ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਵਿਖੇ ਸਮੂਹ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਪੌਦੇ ਲਗਾ ਕੇ ਮਿਸ਼ਨ ਹਰਿਆਲੀ-2023 ਅਧੀਨ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਚਲਾਈ ਗਈ ਬੂਟੇ ਲਗਾਉਣ ਦੀ ਮੁਹਿੰਮ ਵਿੱਚ ਯੋਗਦਾਨ ਪਾਉਣ ਵਾਸਤੇ ਲਗਭਗ 500 ਬੂਟੇ ਵੱਖ-ਵੱਖ ਥਾਵਾਂ 'ਤੇ ਲਗਾ ਕੇ ਆਪਣੀ ਫੋਟੋ ਅਪਲੋਡ ਕਰਕੇ ਸਰਟੀਫਿਕੇਟ ਪ੍ਰਾਪਤ ਕੀਤੇ। ਮਿਸ਼ਨ ਹਰਿਆਲੀ ਦੌਰਾਨ ਸਕੂਲ ਵਿੱਚ ਬੱਚਿਆਂ ਤੇ ਸਕੂਲ ਦੀ ਕਮੇਟੀ ਦੇ ਪ੍ਰਧਾਨ ਪ੍ਰਦਮਨ ਸਿੰਘ ਵਿਰਕ, ਜਨਰਲ ਸਕੱਤਰ ਹਰਭਜਨ ਸਿੰਘ, ਗੁਲਜਾਰ ਸਿੰਘ, ਜਸਵੰਤ ਸਿੰਘ, ਗੁਰਦੇਵ ਸਿੰਘ, ਬਾਬਾ ਸਾਹਿਬ ਸਿੰਘ, ਸਕੂਲ ਦੀ ਪ੍ਰਿੰਸੀਪਲ ਸੁਨੀਤਾ ਰਾਣੀ, ਬਲਬੀਰ ਸਿੰਘ ਧਾਰੀਵਾਲ ਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਪੌਦੇ ਲਗਾ ਕੇ ਮਿਸ਼ਨ ਹਰਿਆਲੀ ਵਿੱਚ ਆਪਣਾ ਯੋਗਦਾਨ ਪਾਇਆ ਗਿਆ।

## ਹੜ੍ਹ ਪੀੜਤਾਂ ਨੂੰ ਰਾਣੀਵਾਲਾ ਵਾਸੀਆਂ ਨੇ ਵੰਡੀ ਰਾਹਤ ਸਮਗਰੀ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ/ਪੂਜਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਪੈਂਦੇ ਪਿੰਡ ਰਾਣੀਵਾਲਾ ਦੇ ਸਮੂਹ ਪਿੰਡ ਵਾਸੀਆਂ ਨੇ ਜ਼ਿਲ੍ਹਾ ਫਿਰੋਜ਼ਪੁਰ ਦੇ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ। ਇਹ ਜਾਣਕਾਰੀ ਦਿੰਦਿਆਂ ਸੰਤ ਬਾਬਾ ਸਮੁੱਖ ਸਿੰਘ ਨੇ ਦੱਸਿਆ ਕਿ ਇਨਸਾਨ ਹੋਣ ਦੇ ਨਾਤੇ ਸਾਡੀ ਸਭ ਦੀ ਨੈਤਿਕ ਜ਼ੁੰਮੇਵਾਰੀ ਬਣਦੀ ਹੈ ਕਿ ਇਸ ਦੁੱਖ ਦੀ ਘੜੀ ਵਿੱਚ ਹੜ੍ਹ ਪੀੜਤਾਂ ਦੀ ਵੱਧ ਤੋਂ ਵੱਧ ਸਹਾਇਤਾ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਇਹ ਰਾਹਤ ਸਮੱਗਰੀ ਬਾਬਾ ਜਰਨੈਲ ਸਿੰਘ ਦੀ ਯੋਗ ਅਗਵਾਈ ਹੇਠ ਵੰਡੀ ਗਈ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਕੁਦਰਤੀ ਕਰੋਪੀ ਦੀ ਮਾਰ ਹੇਠ ਆਏ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ, ਜਿਸ ਵਿੱਚ ਆਟਾ ਦਾਲ, ਖੰਡ, ਘਿਓ ਤੇ ਕੱਪੜੇ ਅਤੇ ਪਸ਼ੂਆਂ ਲਈ ਚਾਰਾ ਜਿਵੇਂ ਕਿ ਤੂੜੀ, ਖਲ, ਪੱਠੇ ਆਦਿ ਜ਼ਰੂਰ ਭੇਜਣ ਤਾਂ ਜੋ ਮੁਸੀਬਤ ਦੀ ਮਾਰ ਹੇਠ ਆਏ ਲੋਕਾਂ ਦੀ ਸਹਾਇਤਾ ਹੋ ਸਕੇ।

# 16ਵਾਂ ਰਾਜ ਪੱਧਰੀ ਪੁਰਸਕਾਰ ਸਮਾਰੋਹ ਤੇ ਸੱਭਿਆਚਾਰਕ ਮੇਲਾ ਯਾਦਗਾਰੀ ਹੋ ਨਿੱਬੜਿਆ

- ਉੱਘੇ ਸਮਾਜ ਸੇਵੀ ਅਨਮੋਲ ਕਵਾਤਰਾ ਨੂੰ ਭਗਤ ਪੂਰਨ ਸਿੰਘ ਸਟੇਟ ਐਵਾਰਡ
- ਵਿਧਾਇਕ ਤੇ ਸਮਾਜ ਸੇਵੀਆਂ ਨੇ ਭੋਲਾ ਯਮਲਾ ਦੇ ਕਾਰਜਾਂ ਦੀ ਕੀਤੀ ਸ਼ਲਾਘਾ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**
ਸੰਗੀਤ, ਸਾਹਿਤ, ਸੱਭਿਆਚਾਰ ਤੇ ਸਮਾਜ ਸੇਵਾ ਦੇ ਖੇਤਰ 'ਚ ਵੱਡਮੁੱਲਾ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਉਤਸ਼ਾਹਤ ਕਰਨ ਦੇ ਮਨਸੇ ਨਾਲ ਇਲਾਕੇ ਦੀ ਆਈ.ਐੱਸ.ਓ. ਪ੍ਰਮਾਣਤ ਤੇ ਇਲਾਕੇ ਦੀ ਸਿਰਮੌਰ ਸੰਸਥਾ 'ਰਿਦਮ ਇੰਸੀਚਿਊਟ ਆਫ਼ ਪਰਫਾਰਮਿੰਗ ਆਰਟਸ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ ਤੇ ਕਰ ਭਲਾ ਫਾਊਂਡੇਸ਼ਨ ਇੰਡੀਆ ਵੱਲੋਂ ਚੇਅਰਮੈਨ ਬਾਈ ਭੋਲਾ ਯਮਲਾ (ਸਟੇਟ ਐਵਾਰਡੀ) ਦੀ ਯੋਗ ਅਗਵਾਈ ਹੇਠ ਮੁਕਤੀਸਰ ਰਿਜ਼ੋਰਟ ਮੌੜ ਰੋਡ ਮੁਕਤਸਰ ਵਿਖੇ 16ਵਾਂ 'ਐੱਸ ਟੀ ਏ ਸਾਇਨਿੰਗ ਸਟਾਰ ਸਟੇਟ ਐਵਾਰਡ ਸਮਾਰੋਹ ਤੇ ਵਿਰਾਸਤ ਮੇਲਾ ਬੜੀ ਧੂਮ ਧਾਮ ਨਾਲ ਕਰਵਾਇਆ ਗਿਆ। ਇਸ ਰਾਜ ਪੱਧਰੀ ਸਮਾਗਮ ਦੌਰਾਨ ਹਰ ਸਾਲ ਦੀ ਤਰ੍ਹਾਂ ਸੰਗੀਤ, ਸਾਹਿਤ, ਸੱਭਿਆਚਾਰ, ਖੇਡ, ਸਮਾਜ ਭਲਾਈ ਤੇ ਸਿੱਖਿਆ ਦੇ ਖੇਤਰਾਂ ਵਿੱਚ ਅਹਿਮ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਰਾਜ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਗਿਆ। ਰਾਜ ਪੁਰਸਕਾਰ ਪ੍ਰਦਾਨ ਕਰਨ ਦੀ ਰਸਮ ਸਮਾਗਮ ਦੇ ਬਤੌਰ ਮੁੱਖ ਜਗਦੀਪ ਸਿੰਘ ਕਾਕਾ ਬਰਾੜ ਹਲਕਾ ਵਿਧਾਇਕ ਸ੍ਰੀ ਮੁਕਤਸਰ ਸਾਹਿਬ, ਸ. ਗੁਰਤੇਜ ਸਿੰਘ ਸਿੱਧੂ ਇੰਡੀਆ ਹੈੱਡ ਸੋਲਰ ਟੈਕਨੋ ਅਲਿਆਸ (ਐੱਸ.ਟੀ. ਏ.), ਚੇਅਰਮੈਨ ਭੋਲਾ ਯਮਲਾ ਹੋਰਾਂ ਵੱਲੋਂ ਨਿਭਾਈ ਗਈ। ਇਸ ਦੌਰਾਨ ਗੁਰੂ ਜੀ ਸਤਿਗੁਰੂ ਦਰਬਾਰ ਵਾਲੇ, ਅਸ਼ੋਕ ਚੁੱਘ, ਪ੍ਰਧਾਨ ਬਾਬਾ ਦੀਪਕ ਸਾਹ, ਰਾਜੇਸ਼ ਬਾਂਸਲ ਡੀ ਕੇ ਜਵੈਲਰਜ, ਮਹੰਤ ਸੀਤਲ ਪ੍ਰਕਾਸ, ਬਾਬਾ ਸ਼ਿਵਕਰਨ ਸ਼ਰਮਾ, ਮਿੱਠੂ ਰਾਮ ਰੁਪਾਣਾ, ਦਰਸ਼ਨ ਸਿੰਘ ਸੰਧੂ ਬਤੌਰ ਮਹਿਮਾਨ ਸ਼ਾਮਲ ਹੋਏ। ਸੂਬੇ ਦੇ ਦਰਬਾਰੀ ਗਾਇਕ ਬਾਈ ਭੋਲਾ ਯਮਲਾ, ਪ੍ਰਸਿੱਧ ਗਾਇਕ ਕੰਵਰ ਗਰੇਵਾਲ, ਮਾਸ਼ਾ ਅਲੀ, ਦਰਸ਼ਨਜੀਤ, ਭਿੰਦੇ ਸ਼ਾਹ ਰਾਜੋਵਾਲੀਆ ਤੇ ਜਸਪ੍ਰੀਤ ਕੌਰ ਰਿਦਮਜੀਤ, ਮੁਹੰਮਦ ਇਰਸ਼ਾਦ, ਦਲਵਿੰਦਰ ਦਿਆਲਪੁਰੀ, ਸਰਬਜੀਤ ਯਮਲਾ ਤੇ ਗੁਰਮੀਤ ਸਿੰਘ ਸਰੋਤਿਆਂ ਦਾ ਮਨੋਰੰਜਨ ਕੀਤਾ। ਇਸ ਮੌਕੇ ਕੁੱਲ ਪ੍ਰਾਪਤ ਹੋਈਆਂ 115 ਅਰਜ਼ੀਆਂ ਵਿੱਚੋਂ ਚੁਣੀਆਂ ਗਈਆਂ ਸੰਸਥਾਵਾਂ ਤੇ ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਨੂੰ ਬਾਪੂ ਮਹਿੰਗਾ ਰਾਮ ਯਾਦਗਾਰੀ "ਐੱਸ ਟੀ ਏ ਸਾਇਨਿੰਗ ਸਟਾਰ ਸਟੇਟ ਐਵਾਰਡ-2023' ਉੱਘੇ ਗਾਇਕ ਮਾਸ਼ਾ ਅਲੀ, ਭਿੰਦੇ ਸ਼ਾਹ ਰਾਜੋਵਾਲੀਆ ਤੇ ਜਸਪ੍ਰੀਤ ਕੌਰ, ਗੁਰਬਿੰਦਰ ਸਿੰਘ ਤੇ ਰਿਹਾਨਾ ਭੱਟੀ ਨੂੰ ਦਿੱਤਾ ਗਿਆ। ਉੱਘੇ ਗਾਇਕ ਕੰਵਰ ਗਰੇਵਾਲ ਤੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੂੰ 'ਲੋਕ ਸੰਗੀਤ ਰਤਨ ਰਾਜ ਐਵਾਰਡ-23' ਨਾਲ ਨਿਵਾਜਿਆ ਗਿਆ। ਸੂਫੀ ਸੰਗੀਤ ਰਤਨ ਰਾਜ ਪੁਰਸਕਾਰ-ਸੂਫੀ ਗਾਇਕ ਮੁਹੰਮਦ ਇਰਸ਼ਾਦ ਨੂੰ, ਸ਼ਾਸਤਰੀ ਸੰਗੀਤ ਰਤਨ ਸਟੇਟ ਐਵਾਰਡ-ਉਸਤਾਦ ਭੁਪਿੰਦਰ ਸਿੰਘ ਨੂੰ, ਪਰਾਈਡ ਆਫ ਪੰਜਾਬ ਸਟੇਟ ਐਵਾਰਡ-2023 ਅਸ਼ੋਕ ਵਿੱਕੀ ਨੂੰ, ਮਨੋਹਰ ਧਾਰੀਵਾਲ, ਜਗਦੀਸ਼ ਕੁਮਾਰ, ਦਲਜੀਤ ਸਿੰਘ ਚੌਹਾਨ, ਸੰਦੀਪ ਸਿੰਘ ਰੁਲਦੂ ਵਾਲਾ, ਦਵਿੰਦਰ ਗਾਂਧੀ, ਗੁਰਵਿੰਦਰ ਸਿੰਘ ਜੱਸੀ, ਰਤਨ ਟਾਹਲਵੀ, ਜੀਤ ਜੋਗੀ, ਛਿੰਦਾ ਬੁਰਜ ਵਾਲਾ, ਬਲਵਿੰਦਰ ਸਿੰਘ, ਕਿਰਨਜੀਤ ਕੌਰ, ਗੁਰਪ੍ਰੀਤ ਡੱਬਵਾਲਾ, ਸ਼ਾਮ ਲਾਲ ਗੋਇਲ, ਗੁਰਮਿੰਦਰ ਸਿੰਘ ਚਹਿਲ ਹੁਰਾਂ ਵੱਖ ਵੱਖ ਖੇਤਰਾਂ 'ਚ ਪਾਏ ਵੱਡਮੁੱਲੇ ਯੋਗਦਾਨ ਬਦਲੇ ਪ੍ਰਦਾਨ ਕੀਤਾ ਗਿਆ। ਉੱਘੇ ਸਮਾਜ ਸੇਵੀ ਅਨਮੋਲ ਕਵਾਤਰਾ, ਜਸਪ੍ਰੀਤ ਛਾਬੜਾ, ਦੀਪੰਕਰ, ਰੋਹਿਤ ਭਾਟੀਆ, ਰਾਜੇਸ਼ ਬੱਬੀ, ਸੰਤੋਖ ਸਿੰਘ ਸੰਧੂ ਤੇ ਨਰੇਸ਼ ਕੋਚਾ ਹੋਰਾਂ ਨੂੰ ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਗਏ ਵੱਡਮੁੱਲੇ ਯੋਗਦਾਨ ਬਦਲੇ ਵਕਾਰੀ ਪੁਰਸਕਾਰ 'ਭਗਤ ਪੂਰਨ ਸਿੰਘ ਰਾਜ ਪੁਰਸਕਾਰ-2023' ਪ੍ਰਦਾਨ ਕੀਤਾ ਗਿਆ, ਜਦਕਿ ਉੱਘੇ ਸਾਹਿਤਕਾਰ ਦਰਸ਼ਨ ਸਿੰਘ ਸੰਧੂ, ਉੱਘੇ ਪੱਤਰਕਾਰ ਰਣਜੀਤ ਸਿੰਘ ਤੇ ਕੇ ਐੱਲ ਮੁਕਤਸਰੀ ਨੂੰ 'ਲਾਈਫ ਟਾਈਮ ਅਚੀਵਮੈਂਟ ਸਟੇਟ ਐਵਾਰਡ' ਨਾਲ ਨਿਵਾਜਿਆ ਗਿਆ। ਇਸ ਮੌਕੇ ਮੁੱਖ ਮਹਿਮਾਨ ਗੁਰਤੇਜ ਸਿੰਘ ਸਿੱਧੂ ਤੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਪਣੇ ਸੰਬੋਧਨ ਦੌਰਾਨ ਉੱਘੇ ਸੰਗੀਤ ਵਿਦਵਾਨ ਤੇ ਸੂਬੇ ਦੇ ਰਾਜ ਦਰਬਾਰੀ ਗਾਇਕ ਭੋਲਾ ਯਮਲਾ ਦੇ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਵਿਰਾਸਤੀ ਵਸਤੂਆਂ ਦੀ ਪ੍ਰਦਰਸ਼ਨੀ ਤੇ ਪੰਜਾਬ ਦਾ ਲੋਕ ਨਾਚ ਭੰਗੜਾ, ਗਿੱਧਾ ਸਰੋਤਿਆਂ ਦਾ ਮੁੱਖ ਆਕਰਸ਼ਣ ਰਿਹਾ।

ਕਾਰਜਕਾਰੀ ਕਮੇਟੀ ਦੇ ਮੈਂਬਰ ਭਿੰਦਰਜੀਤ ਕੌਰ ਰੁਪਾਣਾ, ਮਨਜੀਤ ਸਿੰਘ ਬੁੱਕਣ, ਰਿਧਮਜੀਤ, ਅਮਰਜੀਤ ਰੁਪਾਣਾ, ਵਿਜੈ ਕਟਾਰੀਆ, ਪੱਤਰਕਾਰ ਐੱਚ ਐੱਸ ਕਪੂਰ, ਸ਼ਰਨਜੀਤ ਸਿੰਘ ਕਾਲਾ, ਚਮਕੌਰ ਸਿੰਘ ਥਾਂਦੇਵਾਲਾ, ਹਰਮੀਤ ਸਿੰਘ ਦੂਹੇਵਾਲਾ, ਵਿਕਰਮ ਵਿੱਕੀ, ਕ੍ਰਿਸ਼ਨ ਮਿੱਡਾ, ਗੈਰੀ ਗੁਰੂ ਬਠਿੰਡਾ, ਲਖਵਿੰਦਰ ਬੁੱਗਾ, ਸਨੀ ਸਿੱਧੂ, ਅਸੀਸ, ਗੁਰਪ੍ਰੀਤ ਸਿੰਘ ਪੁੰਨੀ, ਨਿੰਦਰ ਸਿੰਘ ਭੂੰਦੜ, ਇਕਬਾਲਜੀਤ, ਗੀਤਕਾਰ ਪ੍ਰਗਟ ਸਿੰਘ ਸੰਧੂ ਮਰਾੜ, ਬਲਕਰਨ ਭੰਗਚੜ੍ਹੀ ਦੀ ਸਖਤ ਮਿਹਨਤ ਸਦਕਾ ਇਹ ਰਾਜ ਪੱਧਰੀ ਸਮਾਗਮ ਯਾਦਗਾਰੀ ਹੋ ਨਿੱਬੜਿਆ।

## ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਥਾਣਾ ਸਦਰ ਦਾ ਘਿਰਾਓ

*ਮਾਨ ਸਰਕਾਰ ਦੇ ਰਾਜ 'ਚ ਜਬਰ ਦਾ ਸ਼ਿਕਾਰ ਦਲਿਤ ਇਨਸਾਫ ਲਈ ਦਰ-ਦਰ ਭਟਕਣ ਲਈ ਮਜਬੂਰ : ਭਗਵੰਤ ਸਮਾਓਂ*




**ਮਾਨਸਾ (ਪਮਾਰ)**-ਪਿੰਡ ਕੋਟਲੀ ਕਲਾਂ ਦੇ ਦਲਿਤ ਮਜ਼ਦੂਰ 'ਤੇ ਗੱਡੀ ਚੜ੍ਹਾਉਣ ਵਾਲਿਆਂ ਖਿਲਾਫ ਭਾਵੇਂ ਪੁਲਸ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਲਈ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਪੁਲਸ ਥਾਣਾ ਸਦਰ ਮਾਨਸਾ ਦਾ ਘਿਰਾਓ ਕੀਤਾ ਗਿਆ। ਇਸ ਸਮੇਂ ਪੁਲਸ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਸਮੇਂ ਥਾਣਾ ਮੁਖੀ ਨੇ ਇਕੱਠ ਵਿੱਚ ਆ ਕੇ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰਨ ਤੇ ਬਿਆਨਾਂ ਦੇ ਅਧਾਰ 'ਤੇ ਹਸਤਪਤਾਲ ਵਿੱਚੋਂ ਐਕਸਰੇ ਰਿਪੋਰਟ ਆਉਣ ਤੋਂ ਬਾਅਦ ਬਣਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਨੇ ਐਲਾਨ ਕੀਤਾ ਕਿ ਜੇਕਰ ਜਲਦੀ ਇੱਕ ਹਫਤੇ ਦੇ ਅੰਦਰ ਦਲਿਤ ਮਜ਼ਦੂਰ ਉਪਰ ਗੱਡੀ ਚੜ੍ਹਾਉਣ ਵਾਲਿਆਂ ਖਿਲਾਫ ਐਸ.ਸੀ/ਐਸ.ਟੀ, 307 ਧਾਰਾਵਾਂ ਅਧੀਨ ਕਾਰਵਾਈ ਕਰਕੇ ਗ੍ਰਿਫਤਾਰ ਨਾ ਕੀਤਾ ਤਾਂ ਪੁਲਸ ਪ੍ਰਸ਼ਾਸਨ ਖਿਲਾਫ ਜ਼ਿਲ੍ਹਾ ਪੱਧਰੀ ਅੰਦੋਲਨ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਦੇ ਰਾਜ ਵਿੱਚ ਸਮਾਜਿਕ ਜਬਰ ਦਾ ਸ਼ਿਕਾਰ ਦਲਿਤਾਂ ਨੂੰ ਇਨਸਾਫ ਲਈ ਦਰ-ਦਰ ਭਟਕਣਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਅੱਜ ਇੱਕ ਪਾਸੇ ਹੜ੍ਹਾਂ ਦੀ ਮਾਰ ਹੇਠਾਂ ਆ ਕੇ ਬੇਜ਼ਮੀਨੇ ਦਲਿਤਾਂ ਗਰੀਬਾਂ ਦਾ ਸਭ ਕੁੱਝ ਉਜੜ ਰਿਹਾ ਹੈ ਅਤੇ ਦੋ ਵਖਤ ਦੀ ਰੋਟੀ ਤੋਂ ਵੀ ਮੁਹਤਾਜ ਹੋ ਰਹੇ ਹਨ, ਉਥੇ ਜਾਤੀਵਾਦੀ ਸੋਚ ਦੇ ਹੰਕਾਰੇ ਪੇਂਡੂ ਧਨਾਢਾਂ ਵੱਲੋਂ ਦਲਿਤਾਂ ਮਜ਼ਦੂਰਾਂ ਉੱਪਰ ਕੀਤੇ ਜਾ ਰਹੇ ਅੱਤਿਆਚਾਰਾਂ ਦਾ ਸ਼ਿਕਾਰ ਦਲਿਤਾਂ ਨੂੰ ਥਾਣਿਆਂ, ਕਚਹਿਰੀਆਂ ਵਿੱਚ ਵੀ ਇਨਸਾਫ ਨਹੀਂ ਮਿਲ ਰਿਹਾ। ਉਨ੍ਹਾ ਕਿਹਾ ਮਾਨਸਾ ਜ਼ਿਲ੍ਹੇ ਦਾ ਪੁਲਸ ਪ੍ਰਸ਼ਾਸਨ ਦਲਿਤਾਂ 'ਤੇ ਜਬਰ ਕਰਨ ਵਾਲੇ ਪੇਂਡੂ ਧਨਾਢਾਂ ਦੀ ਪੁਸ਼ਤਪਨਾਹੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰ ਮੁਕਤੀ ਮੋਰਚਾ ਦਲਿਤਾਂ ਉਪਰ ਹੁੰਦੇ ਅੱਤਿਆਚਾਰਾਂ ਨੂੰ ਚੁੱਪ-ਚਾਪ ਬਰਦਾਸ਼ਤ ਨਹੀਂ ਕਰੇਗਾ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਮੇਜਰ ਸਿੰਘ ਦੂਲੋਵਾਲ, ਜਰਨੈਲ ਸਿੰਘ ਮਾਨਸਾ, ਮਿਸਤਰੀ ਹਰਪ੍ਰੀਤ ਸਿੰਘ ਸੱਦਾ ਸਿੰਘ ਵਾਲਾ ਬਿੱਲੂ ਸਿੰਘ ਕੋਟਲੀ, ਸੁਖਵੀਰ ਸਿੰਘ ਖਾਰਾ ਨੇ ਵੀ ਸੰਬੋਧਨ ਕੀਤਾ।

# ਮਾਸਟਰ ਗੁਰਚਰਨ ਸਿੰਘ ਦੀ ਯਾਦ 'ਚ ਅੱਖਾਂ ਦਾ ਮੁਫਤ ਜਾਂਚ ਕੈਂਪ



**ਸੰਗਰੂਰ (ਪ੍ਰਵੀਨ ਸਿੰਘ)**
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਥਾਨਕ ਜ਼ੋਨਲ ਦਫਤਰ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਅੱਖਾਂ ਦੀ ਜਾਂਚ ਦਾ ਫਰੀ ਕੈਂਪ ਲਗਾਇਆ ਗਿਆ। ਸਟੱਡੀ ਸਰਕਲ ਦੇ ਐਡੀਸ਼ਨਲ ਚੀਫ ਸਕੱਤਰ ਸੁਰਿੰਦਰ ਪਾਲ ਸਿੰਘ ਸਿਦਕੀ ਤੇ ਚਰਨਜੀਤ ਪਾਲ ਸਿੰਘ ਦੇ ਪਿਤਾ ਮਾਸਟਰ ਗੁਰਚਰਨ ਸਿੰਘ ਦੀ ਯਾਦ ਵਿੱਚ ਇਹ ਕੈਂਪ ਸਟੱਡੀ ਸਰਕਲ ਦੇ ਡਿਪਟੀ ਚੀਫ ਆਰਗੇਨਾਈਜ਼ਰ ਲਾਭ ਸਿੰਘ, ਕੁਲਵੰਤ ਸਿੰਘ ਨਾਗਰੀ ਜ਼ੋਨਲ ਸਕੱਤਰ, ਪ੍ਰੋ: ਨਰਿੰਦਰ ਸਿੰਘ ਸਕੱਤਰ ਅਕਾਦਮਿਕ, ਗੁਰਮੇਲ ਸਿੰਘ ਵਿੱਤ ਸਕੱਤਰ, ਅਜਮੇਰ ਸਿੰਘ ਡਿਪਟੀ ਡਾਇਰੈਕਟਰ, ਗੁਲਜਾਰ ਸਿੰਘ ਸਕੱਤਰ ਸੰਗਰੂਰ ਦੇ ਨਾਲ ਪਰਿਵਾਰਿਕ ਮੈਂਬਰ ਮਨਿੰਦਰ ਪਾਲ ਸਿੰਘ ਦੀ ਦੇਖ ਰੇਖ ਹੇਠ ਲਗਾਇਆ ਗਿਆ। ਇਸ ਮੌਕੇ ਬਾਬਾ ਦਰਸ਼ਨ ਸਿੰਘ ਮੁੱਖ ਪ੍ਰਬੰਧਕ ਗੁਰਦੁਆਰਾ ਅੰਗੀਠਾ ਸਾਹਿਬ ਮਸਤੂਆਣਾ ਸਾਹਿਬ ਤੇ ਡਾਕਟਰ ਕਿਰਪਾਲ ਸਿੰਘ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਸੰਗਰੂਰ ਦੇ ਕੈਂਪ ਵਿੱਚ ਪਹੁੰਚਣ 'ਤੇ ਪਰਿਵਾਰਕ ਮੈਂਬਰਾਂ ਇੰਦਰਪਾਲ ਕੌਰ, ਰਾਜਵੰਤ ਕੌਰ, ਹਰਵਿੰਦਰ ਪਾਲ ਕੌਰ, ਕਮਲਪ੍ਰੀਤ ਕੌਰ, ਗੁਰਨੂਰ ਕੌਰ, ਬਲਜੋਤ ਸਿੰਘ ਦੇ ਨਾਲ ਸਟੱਡੀ ਸਰਕਲ ਇਸਤਰੀ ਕੌਂਸਲ ਦੇ ਸਕੱਤਰ ਪ੍ਰੋ: ਹਰਵਿੰਦਰ ਕੌਰ, ਹਰਕੀਰਤ ਕੌਰ, ਅਮਨਦੀਪ ਕੌਰ ਨੇ ਸਵਾਗਤ ਕੀਤਾ। ਇਸ ਮੌਕੇ ਡਾਕਟਰ ਗੁਰਮੀਤ ਸਿੰਘ ਬਰਨਾਲਾ ਜੋਨਲ ਮੀਤ ਪ੍ਰਧਾਨ, ਅਵਤਾਰ ਸਿੰਘ ਲੀਲਾ ਜ਼ਿਲ੍ਹਾ ਬਰਨਾਲਾ ਇੰਚਾਰਜ, ਗਿਆਨ ਸਿੰਘ (ਰਿਟਾ: ਬਲਾਕ ਐਜੂਕੇਸ਼ਨ ਅਫਸਰ) ਇੰਚਾਰਜ ਭਵਾਨੀਗੜ੍ਹ ਯੂਨਿਟ ਦੇ ਨਾਲ ਪਾਲਾ ਮੱਲ ਸਿੰਗਲਾ ਪ੍ਰਧਾਨ ਸੀਨੀਅਰ ਸਿਟੀਜਨ ਭਲਾਈ ਸੰਸਥਾ, ਗੁਰਿੰਦਰ ਸਿੰਘ ਗੁਜਰਾਲ, ਸੀ ਏ ਪ੍ਰੀਤਮ ਸਿੰਘ (ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ), ਨਾਜਰ ਸਿੰਘ ਭਲਵਾਨ, ਵਰਿੰਦਰਜੀਤ ਸਿੰਘ ਬਜਾਜ ਜ਼ਿਲ੍ਹਾ ਪ੍ਰਧਾਨ ਅਧਿਆਪਕ ਦਲ, ਸੁਖਪਾਲ ਸਿੰਘ ਗੱਗੜਪੁਰ ਜ਼ੋਨਲ ਇੰਚਾਰਜ ਸਿੱਖ ਮਿਸ਼ਨਰੀ ਕਾਲਜ ਹਜ਼ਰ ਸਨ। ਰਣਜੀਤ ਆਈ ਹਸਪਤਾਲ ਸੰਗਰੂਰ ਦੇ ਡਾਕਟਰ ਇੰਦਰਜੋਤ ਕੌਰ, ਜਸਵੀਰ ਸਿੰਘ ਮੈਨੇਜਰ ਤੇ ਸਟਾਫ ਨੇ 150 ਤੋਂ ਵੱਧ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਤੇ ਲੋੜਵੰਦਾਂ ਨੂੰ ਫਰੀ ਦਵਾਈਆਂ ਦਿੱਤੀਆਂ ਗਈਆਂ।


AXIS BANK ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮਟਿਡ, : ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001
ਕਾਰਪੋਰੇਟ ਦਫਤਰ : 'ਐਕਸਿਸ ਹਾਊਸ'', ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025
ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਗਹਿਣੇ ਰੱਖੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|
| 1. ਸ੍ਰੀ ਸੋਨੂੰ ਪੁੱਤਰ ਸ੍ਰੀ ਵਾਸਦੇਵ ਅਤੇ 2. ਸ੍ਰੀਮਤੀ ਮਾਧੁਰੀ ਪਤਨੀ ਸੋਨੂੰ ਦੋਵੇਂ ਵਾਸੀ ਮਕਾਨ ਨੰ. 109/110, ਗਲੀ ਨੰ. 1, ਨਿਊ ਮਹਿੰਦਰਾ ਕਾਲੋਨੀ, ਅੰਮ੍ਰਿਤਸਰ-142001, ਨਾਲ ਹੀ : ਡਿਸਕਾਊਂਟ ਸਟੋਰ, ਦੁਕਾਨ ਨੰ. 18, ਸੈਲੀਬ੍ਰੇਸ਼ਨ ਮਾਲ, ਅੰਮ੍ਰਿਤਸਰ-143001, ਨਾਲ ਹੀ : ਕੁਆਰਟਰ ਨੰ. 5, ਸਰਵੈਂਟ ਕੁਆਰਟਰਜ਼, ਗਾਂਧੀ ਗਰਾਊਂਡ, ਟੇਲਰ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। ਕਰਜ਼ਾ ਖਾਤਾ ਨੰ. ਪੀ ਐੱਚ ਆਰ 068505032557 ਅਤੇ ਐੱਲ ਟੀ ਆਰ 0685051636-63 | ਬੈਨਾਮਾ ਵਸੀਕਾ ਨੰ. 9703 ਮਿਤੀ 02-11-2017 ਅਨੁਸਾਰ ਸ੍ਰੀ ਸੋਨੂੰ ਪੁੱਤਰ ਵਾਸਦੇਵ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 109-110 'ਤੇ ਨਿਰਮਤ ਮਕਾਨ, ਰਕਬਾ 65 ਵਰਗ ਗਜ਼ (ਲੰਬਾਈ 39'×ਚੌੜਾਈ 15'), ਖਸਰਾ ਨੰ. 1762, ਮਿਨ, ਖੱਤਾ ਖਾਤੌਨੀ ਨੰ. 700/1218, ਜਮ੍ਹਾਂਬੰਦੀ ਸਾਲ 2012-2013, ਤੁੰਗਪਾਈ ਸਬ-ਅਰਬਨ ਅਬਾਦੀ, ਮਹਿੰਦਰਾ ਕਾਲੋਨੀ ਗਲੀ ਨੰ. 1, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 118-119, ਪੱਛਮ :ਰਸਤਾ 23' ਚੌੜਾ, ਉੱਤਰ : ਮਕਾਨ ਦਾ ਬਾਕੀ ਹਿੱਸਾ, ਦੱਖਣ : ਮਕਾਨ ਦਾ ਬਾਕੀ ਹਿੱਸਾ। | 21 ਫਰਵਰੀ 2023 | 14 ਜੁਲਾਈ 2023 | ਰੁਪਏ 14,60,312/- (ਚੌਦਾਂ ਲੱਖ ਸੱਠ ਹਜ਼ਾਰ ਤਿੰਨ ਸੌ ਬਾਰਾਂ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 14.07.2023 ਸਥਾਨ : ਲੁਧਿਆਣਾ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ


## ...ਸ.ਫ਼ਾ 1 ਦੇ ਬਾਕੀ

### ਇਕ ਸਾਲ 'ਚ 2351...

ਮੁਹਿੰਮ ਤੋਂ ਬਾਅਦ ਗ੍ਰਿਫ਼ਤਾਰੀਆਂ ਦੀ ਕੁੱਲ ਗਿਣਤੀ ਹੁਣ 964 ਤੱਕ ਪਹੁੰਚ ਗਈ ਹੈ। ਉਹਨਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿੱਚ ਵੀ ਕਾਫੀ ਸੁਧਾਰ ਹੋਇਆ ਹੈ। 5 ਜੁਲਾਈ, 2022 ਤੋਂ 16 ਜੁਲਾਈ, 2023 ਤੱਕ ਦੇ ਅਧਿਕਾਰਤ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਪੁਲਸ ਨੇ 31 ਰਾਈਫਲਾਂ, 209 ਰਿਵਾਲਵਰ/ਪਿਸਟਲ, 5 ਟਿਫਿਨ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ ਆਈ ਡੀਜ਼), 6.78 ਕਿਲੋਗ੍ਰਾਮ ਆਰ ਡੀ ਐੱਕਸ ਅਤੇ ਹੋਰ ਵਿਸਫੋਟਕ, 10 ਹੈਂਡ ਗ੍ਰਨੇਡ, ਡਿਸਪੋਜ਼ਡ ਰਾਕੇਟ ਲਾਂਚਰ ਦੀ ਇੱਕ ਸਲੀਵ, 51 ਡਰੋਨ, ਅਤੇ ਇੱਕ ਲੋਡਡ ਰਾਕੇਟ ਪ੍ਰੋਪੇਲਡ ਗ੍ਰਨੇਡ ਬਰਾਮਦ ਕਰਨ ਤੋਂ ਬਾਅਦ 143 ਅੱਤਵਾਦੀ/ਕੱਟੜਪੰਥੀਆਂ ਨੂੰ ਗ੍ਰਿਫਤਾਰ ਕਰਕੇ 18 ਅੱਤਵਾਦੀ ਮਡਿਊਲਾਂ ਦਾ ਪਰਦਾ ਫਾਸ਼ ਕੀਤਾ ਹੈ। ਇਸੇ ਤਰ੍ਹਾਂ 6 ਅਪ੍ਰੈਲ, 2022 ਨੂੰ ਗਠਿਤ ਕੀਤੀ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਨੇ ਹੁਣ ਤੱਕ 688 ਗੈਂਗਸਟਰਾਂ/ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਤੋਂ ਇਲਾਵਾ 5 ਗੈਂਗਸਟਰਾਂ/ਅਪਰਾਧੀਆਂ ਨੂੰ ਢੇਰ ਕਰਕੇ 208 ਮਡਿਊਲਾਂ ਦਾ ਪਰਦਾ ਫਾਸ਼ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ 667 ਹਥਿਆਰ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਵਰਤੇ ਗਏ 157 ਵਾਹਨ ਬਰਾਮਦ ਕੀਤੇ ਹਨ। ਦੱਸਣਯੋਗ ਹੈ ਕਿ ਸੱਤਾ ਵਿੱਚ ਆਉਣ ਤੋਂ ਤੁਰੰਤ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਸੂਬੇ ਵਿੱਚੋਂ ਗੈਂਗਸਟਰਾਂ ਦਾ ਸਫਾਇਆ ਕਰਨ ਲਈ ਏ ਡੀ ਜੀ ਪੀ ਪ੍ਰਮੋਦ ਬਾਨ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ ਜੀ ਟੀ ਐੱਫ) ਦਾ ਗਠਨ ਕੀਤਾ ਸੀ। ਜ਼ਿਕਰਯੋਗ ਹੈ ਕਿ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਸਾਰੇ ਸੀ ਪੀਜ਼/ ਐੱਸ ਐੱਸ ਪੀਜ਼ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਸਨ ਕਿ ਉਹ ਹਰੇਕ ਮਾਮਲੇ ਵਿੱਚ, ਖਾਸ ਤੌਰ 'ਤੇ ਨਸ਼ਿਆਂ ਦੀ ਬਰਾਮਦਗੀ ਨਾਲ ਸੰਬੰਧਤ ਅਗਲੀਆਂ-ਪਿਛਲੀਆਂ ਕੜੀਆਂ ਦੀ ਬਰੀਕੀ ਨਾਲ ਜਾਂਚ ਕਰਨ, ਭਾਵੇਂ ਉਨ੍ਹਾਂ ਕੋਲੋਂ ਮਾਮੂਲੀ ਮਾਤਰਾ ਵਿੱਚ ਵੀ ਨਸ਼ਾ ਬਰਾਮਦ ਹੋਇਆ ਹੋਵੇ।

### ਮੁਰਦੇ 'ਚ ਰੂਹ ਫੂਕਣ...

ਹਨ। ਇਹ ਆਪੋਜ਼ੀਸ਼ਨ ਪਾਰਟੀਆਂ ਦੀ ਪਟਨਾ ਵਿਚ ਹੋਈ ਪਹਿਲੀ ਮੀਟਿੰਗ ਦਾ ਹੀ ਨਤੀਜਾ ਹੈ।

ਕਾਂਗਰਸ ਦੇ ਦੂਜੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਝੂਠੇ ਵਾਅਦਿਆਂ ਨਾਲ ਠੱਗਣ ਤੇ ਨਾਕਾਮ ਸਰਕਾਰ ਦੇਣ ਵਾਲਿਆਂ ਨੂੰ ਲੋਕ ਸਮਾਂ ਆਉਣ 'ਤੇ ਸਬਕ ਸਿਖਾਉਣਗੇ। ਤਾਨਾਸ਼ਾਹ ਸਰਕਾਰ ਵੱਲੋਂ ਪੈਦਾ ਕੀਤੀਆਂ ਹਾਲਤਾਂ ਦਾ ਹੱਲ ਦੱਸਣ ਲਈ 26 ਪਾਰਟੀਆਂ ਬੇਂਗਲੂਰੂ ਵਿਚ ਜੁੜ ਰਹੀਆਂ ਹਨ। ਇਹ ਮੀਟਿੰਗ ਗੇਮ ਚੇਂਜਰ ਹੋਵੇਗੀ ਅਤੇ ਅਸੀਂ ਇਹ ਦੇਖ ਕੇ ਬਹੁਤ ਖੁਸ਼ ਹਾਂ ਕਿ ਜਿਹੜੇ ਕਹਿੰਦੇ ਹੁੰਦੇ ਸੀ ਸਮੁੱਚੀ ਆਪੋਜ਼ੀਸ਼ਨ ਨੂੰ ਇਕੱਲਿਆਂ ਪਛਾੜ ਦੇਵਾਂਗੇ, ਉਹ ਹੁਣ ਮੀਟਿੰਗਾਂ ਕਰਨ ਲੱਗ ਪਏ ਹਨ। ਇਹੀ ਆਪੋਜ਼ੀਸ਼ਨ ਏਕਤਾ ਦੀ ਅਸਲ ਕਾਮਯਾਬੀ ਹੈ।

ਇਸੇ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਉਹ ਆਪੋਜ਼ੀਸ਼ਨ ਪਾਰਟੀਆਂ ਨਾਲ ਸਿੱਝਣ ਲਈ ਇਕੱਲੇ ਕਾਫੀ ਹਨ, ਫਿਰ ਹੁਣ 30 ਪਾਰਟੀਆਂ ਨੂੰ ਇਕੱਠਿਆਂ ਕਰਨ ਦੀ ਕੋਈ ਲੋੜ ਪੈ ਗਈ। ਉਨ੍ਹਾ ਕਿਹਾ ਕਿ ਆਪੋਜ਼ੀਸ਼ਨ ਪਾਰਟੀਆਂ ਨੂੰ ਇਕੱਠੇ ਹੁੰਦੇ ਦੇਖ ਭਾਜਪਾ ਘਾਬਰ ਗਈ ਹੈ ਤੇ ਗਿਣਤੀ ਸ਼ੋਅ ਕਰਨ ਲਈ ਉਨ੍ਹਾਂ ਪਾਰਟੀਆਂ ਨੂੰ ਇਕੱਠੀਆਂ ਕਰਨ ਲੱਗੀ ਹੈ ਜਿਹੜੀਆਂ ਪਹਿਲਾਂ ਹੀ ਟੋਟੇ-ਟੋਟੇ ਹੋ ਚੁੱਕੀਆਂ ਹਨ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨੇ ਰਾਜ ਸਭਾ ਵਿਚ ਬੋਲਦਿਆਂ ਕਿਹਾ ਸੀ, 'ਮੈਂ ਅਕੇਲਾ ਕਾਫੀ ਹੂੰ ਸਾਰੀ ਆਪੋਜ਼ੀਸ਼ਨ ਕੇ ਲੀਏ।' ਪਰ ਹੁਣ 30 ਪਾਰਟੀਆਂ ਇਕੱਠੀਆਂ ਕਰਨ ਦੀ ਕੀ ਲੋੜ ਪੈ ਗਈ। ਇਹ 30 ਪਾਰਟੀਆਂ ਕਿਹੜੀਆਂ ਹਨ, ਇਨ੍ਹਾਂ ਦੇ ਨਾਂਅ ਕੀ ਹਨ, ਕੀ ਇਹ ਚੋਣ ਕਮਿਸ਼ਨ ਕੋਲ ਰਜਿਸਟਰਡ ਵੀ ਹਨ। ਪ੍ਰਧਾਨ ਮੰਤਰੀ ਨੇ ਰਾਜ ਸਭਾ ਵਿਚ ਇਹ ਵੀ ਕਿਹਾ ਸੀ-ਦੇਸ਼ ਦੇਖ ਰਹਾ ਹੈ, ਏਕ ਅਕੇਲਾ ਕਿਤਨੋਂ ਕੋ ਭਾਰੀ ਪੜ ਰਹਾ ਹੈ। ਉਧਰ, ਭਾਜਪਾ ਨੇਤਾ ਰਵੀ ਸ਼ੰਕਰ ਪ੍ਰਸਾਦ ਨੇ ਵਿਰੋਧੀ ਪਾਰਟੀਆਂ ਦੀ ਮੀਟਿੰਗ ਦੀ ਆਲੋਚਨਾ ਕਰਦਿਆਂ ਇਸ ਨੂੰ ਮੌਕਾਪ੍ਰਸਤਾਂ ਅਤੇ ਸੱਤਾ ਦੇ ਭੁੱਖੇ ਨੇਤਾਵਾਂ ਦੀ ਮੀਟਿੰਗ ਕਰਾਰ ਦਿੰਦਿਆਂ ਕਿਹਾ ਕਿ ਮੌਕਾਪ੍ਰਸਤਾਂ ਦਾ ਅਜਿਹਾ ਗੱਠਜੋੜ ਭਾਰਤ ਦੇ ਵਰਤਮਾਨ ਅਤੇ ਭਵਿੱਖ ਲਈ ਚੰਗਾ ਨਹੀਂ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਿੱਲੀ ਦੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਰਾਹਤ ਦੇਣ ਲਈ ਦਿੱਲੀ 'ਚ ਰੁਕਣ ਦੀ ਬਜਾਏ ਵਿਰੋਧੀ ਧਿਰ ਦੀ ਮੀਟਿੰਗ 'ਚ ਸ਼ਾਮਲ ਹੋਣ ਲਈ ਬੇਂਗਲੁਰੂ ਜਾ ਰਹੇ ਹਨ।

### ਨਸ਼ਾ ਤਸਕਰੀ ਰੋਕਣ..

ਅਤੇ ਨਾਰਕੋਟਿਕ ਡਰੱਗ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ ਦੀ ਧਾਰਾ-27 ਅਧੀਨ ਆਉਣ ਵਾਲੇ ਕੇਸਾਂ ਦੇ ਸੰਬੰਧ ਵਿੱਚ ਨਿਰਧਾਰਤ ਡਿਊਟੀਆਂ ਨਿਭਾਉਣ ਲਈ ਸ਼ਕਤੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਹਨਾ ਕਿਹਾ ਕਿ ਇਸ ਨਾਲ ਤਫਤੀਸ਼ੀ ਅਫਸਰਾਂ ਦੀ ਗਿਣਤੀ ਵਧੇਗੀ ਅਤੇ ਜਾਂਚ ਅਧੀਨ ਕੇਸਾਂ ਦਾ ਬਕਾਇਆ ਘਟੇਗਾ ਅਤੇ ਐੱਨ ਡੀ ਪੀ ਐੱਸ ਐਕਟ ਦੀ ਧਾਰਾ-68-ਸੀ (2) ਵਿੱਚ ਸੋਧ ਕਰਕੇ ਮੌਜੂਦਾ ਛੇ ਸਾਲ ਦੀ ਜਾਇਦਾਦ ਜ਼ਬਤ ਕਰਨ ਦੀ ਹੱਦ ਨੂੰ ਹਟਾ ਦਿੱਤਾ ਜਾਣਾ ਚਾਹੀਦਾ ਹੈ।

ਉਹਨਾ ਐਕਟ ਦੀ ਧਾਰਾ-39 (1) ਅਤੇ 64-ਏ ਵਿੱਚ ਸੋਧ ਕਰਨ ਦੀ ਵੀ ਮੰਗ ਕੀਤੀ, ਜਿਸ ਨਾਲ ਪੀੜਤਾਂ ਅਤੇ ਤਸਕਰਾਂ ਵਿੱਚ ਫਰਕ ਕਰਨ ਲਈ ਛੋਟੀ ਮਾਤਰਾ ਵਿੱਚ ਵਸੂਲੀ ਨੂੰ ਅਪਰਾਧਿਕ ਸ਼੍ਰੇਣੀ ਤੋਂ ਬਾਹਰ ਕੀਤਾ ਜਾਵੇ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੂੰ ਫੋਰੈਂਸਿਕ ਸਾਇੰਸ ਲੈਬ (ਐੱਫ ਐੱਸ ਐੱਲ) ਦੀ ਸਮਰੱਥਾ ਵਧਾਉਣ ਲਈ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਖੁੱਲ੍ਹੇ ਦਿਲ ਨਾਲ ਫੰਡ ਅਲਾਟ ਕਰਨੇ ਚਾਹੀਦੇ ਹਨ। ਇਸ ਨਾਲ ਜਿੱਥੇ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਦਾ ਸਫ਼ਾਇਆ ਕਰਨ ਵਿੱਚ ਮਦਦ ਮਿਲੇਗੀ, ਉੱਥੇ ਹੀ ਸਾਡੀ ਨੌਜਵਾਨ ਪੀੜ੍ਹੀ ਨੂੰ ਇਸ ਦੀ ਮਾਰ ਤੋਂ ਬਚਾਇਆ ਜਾ ਸਕੇਗਾ।

ਮੁੱਖ ਮੰਤਰੀ ਨੇ ਕਿਹਾ ਕਿ 16 ਮਈ 2023 ਤੱਕ ਡਰੋਨਾਂ ਰਾਹੀਂ ਹੁੰਦੀ ਤਸਕਰੀ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੌਰਾਨ ਤਕਰੀਬਨ ਇਕ ਹਜ਼ਾਰ ਕਿੱਲੋ ਹੈਰੋਇਨ ਦੇ ਨਾਲ-ਨਾਲ 56 ਹਥਗੋਲੇ, 126 ਪਿਸਤੌਲਾਂ/ਰਿਵਾਲਵਰ, 11 ਏ.ਕੇ.-47 ਤੇ ਹੋਰ ਰਾਈਫਲਾਂ, 9.5 ਕਿੱਲੋ ਆਰ.ਡੀ.ਐਕਸ. ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਕਾਰਜਭਾਰ ਸੰਭਾਲਣ ਤੋਂ ਬਾਅਦ ਹੀ ਨਸ਼ਿਆਂ ਨਾਲ ਕਤਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੈ ਅਤੇ ਪਹਿਲੀ ਅਪਰੈਲ 2022 ਤੋਂ 13 ਜੁਲਾਈ 2023 ਤੱਕ ਐਨ.ਡੀ.ਪੀ.ਐਸ. ਐਕਟ ਅਧੀਨ 16,554 ਕੇਸ ਦਰਜ ਕੀਤੇ ਗਏ ਹਨ ਅਤੇ 22,349 ਤਸਕਰ ਗ੍ਰਿਫ਼ਤਾਰ ਕੀਤੇ ਗਏ ਹਨ। ਭਗਵੰਤ ਮਾਨ ਨੇ ਦੱਸਿਆ ਕਿ ਸਮਰੱਥ ਅਥਾਰਟੀ ਨੇ ਨਸ਼ਾ ਤਸਕਰੀ ਦੇ 66 ਕੇਸਾਂ ਵਿੱਚ 26.72 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰੀਵੈਂਸ਼ਨ ਆਫ ਇਲੀਕਿਟ ਟ੍ਰੈਫਿਕ ਇਨ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ਼ (ਪੀ ਆਈ ਟੀ ਐੱਨ ਡੀ ਪੀ ਐੱਸ) ਐਕਟ-1988 ਤਹਿਤ ਇਕ ਸਲਾਹਕਾਰੀ ਬੋਰਡ ਦਾ ਗਠਨ ਕੀਤਾ ਗਿਆ ਅਤੇ ਸੰਬੰਧਤ ਅਥਾਰਟੀ ਕੋਲ ਸੌਂਪਣ ਲਈ ਤਜਵੀਜ਼ਾਂ ਪੂਰੀ ਤਰ੍ਹਾਂ ਤਿਆਰ ਹਨ। ਇਹ ਬਹੁਤ ਤਸੱਲੀ ਵਾਲੀ ਗੱਲ ਹੈ ਕਿ ਸਾਲ 2022 ਦੌਰਾਨ ਪੰਜਾਬ ਵਿਚ ਐੱਨ ਡੀ ਪੀ ਐੱਸ ਐਕਟ ਦੇ ਮਾਮਲਿਆਂ ਵਿਚ ਸਜ਼ਾ ਦੀ ਦਰ 80 ਫੀਸਦੀ ਰਹੀ ਹੈ, ਜੋ ਦੇਸ਼ ਵਿਚ ਸਭ ਤੋਂ ਵੱਧ ਹੈ। ਉਹਨਾ ਕਿਹਾ ਕਿ ਸੂਬੇ ਵਿਚ ਓਟ ਕਲੀਨਿਕਾਂ ਦੀ ਗਿਣਤੀ ਵਧਾ ਕੇ 528 ਕਰ ਦਿੱਤੀ ਗਈ ਹੈ, ਜਿਨ੍ਹਾਂ ਵਿਚ ਜੇਲ੍ਹਾਂ ਵਿਚ ਖੋਲ੍ਹੇ ਗਏ 16 ਕਲੀਨਿਕ ਵੀ ਸ਼ਾਮਲ ਹਨ, ਜੋ ਹੇਠਲੇ ਪੱਧਰ ਉਤੇ ਨਸ਼ੇ ਦੇ ਪੀੜਤਾਂ ਨੂੰ ਨਸ਼ਾ ਛੁਡਾਊ ਸੇਵਾਵਾਂ ਪ੍ਰਦਾਨ ਕਰਦੇ ਹਨ। ਉਹਨਾ ਕਿਹਾ ਕਿ ਓਟ ਕਲੀਨਿਕਾਂ ਵੱਲੋਂ ਦਵਾਈ ਲੈਣ ਆਉਂਦੇ ਮਰੀਜ਼ਾਂ ਉਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਤਾਂ ਕਿ ਨਸ਼ਾ ਛੱਡਣ ਦੀ ਪ੍ਰਕਿਰਿਆ ਦੌਰਾਨ ਇਹ ਮਰੀਜ਼ ਆਪਣੀ ਸਾਧਾਰਨ ਜ਼ਿੰਦਗੀ ਬਿਤਾ ਸਕਣ। ਉਨ੍ਹਾ ਕਿਹਾ ਕਿ ਨਸ਼ੇ ਤੋਂ ਪੀੜਤ 9 ਲੱਖ ਮਰੀਜ਼ ਓਟ ਕਲੀਨਿਕਾਂ ਅਤੇ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਦੀ ਹਰੇਕ ਬਰਾਮਦਗੀ ਦੀ ਪੁਖਤਾ ਜਾਂਚ ਰਾਹੀਂ ਨਸ਼ਿਆਂ ਦੀ ਸਪਲਾਈ ਚੇਨ ਦਾ ਸਾਰਾ ਖੁਰਾ-ਖੋਜ ਲੱਭਣ ਉਤੇ ਵੱਧ ਧਿਆਨ ਦੇ ਰਹੀ ਹੈ। ਉਨ੍ਹਾ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਹਰੇਕ ਪੁਲਸ ਥਾਣੇ/ ਆਬਾਦੀ/ ਪਿੰਡ ਲਈ ਇਲਾਕਾ ਅਧਾਰਤ ਰਣਨੀਤੀ ਘੜੀ ਗਈ, ਤਾਂ ਕਿ ਨਸ਼ਿਆਂ ਦੇ ਸੰਤਾਪ ਨੂੰ ਖ਼ਤਮ ਕੀਤਾ ਜਾ ਸਕੇ। ਉਹਨਾ ਕਿਹਾ ਕਿ ਸੂਬੇ ਭਰ ਵਿਚ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਲਈ ਪੰਚਾਇਤਾਂ ਨੂੰ ਵੀ ਨਾਲ ਜੋੜਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਖਿਲਾਫ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਦੀਆਂ ਪੰਚਾਇਤਾਂ ਮੁੱਖ ਭੂਮਿਕਾ ਨਿਭਾਅ ਰਹੀਆਂ ਹਨ।

ਉਨ੍ਹਾ ਕਿਹਾ ਕਿ ਇਸ ਨਾਲ ਨਸ਼ਿਆਂ ਦੀ ਸਮੱਸਿਆ ਖ਼ਤਮ ਕਰਨ ਲਈ ਸੂਬੇ ਨੂੰ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਚੰਗੇ ਪਾਸੇ ਲਾਉਣ ਵਿਚ ਮਦਦ ਮਿਲ ਰਹੀ ਹੈ। ਜ਼ਿਲ੍ਹਿਆਂ ਵਿਚ ਨਸ਼ਿਆਂ ਦੀਆਂ ਵੱਧ ਪ੍ਰਭਾਵਤ ਥਾਵਾਂ ਦੀ ਸ਼ਨਾਖਤ ਕਰਕੇ ਨਸ਼ਿਆਂ ਉਤੇ ਕਾਬੂ ਪਾਉਣ ਅਤੇ ਨਸ਼ਾ ਤਸਕਰੀ ਖ਼ਤਮ ਕਰਨ ਲਈ ਆਈ ਜੀ/ ਏ ਡੀ ਜੀ ਪੀ / ਸਪੈਸ਼ਲ ਡੀ ਜੀ ਪੀ ਦੇ ਰੈਂਕ ਵਾਲੇ ਪੁਲਸ ਅਫਸਰਾਂ ਦੀ ਨਿਗਰਾਨੀ ਹੇਠ ਸਮੁੱਚੇ ਸੂਬੇ ਵਿਚ ਨਾਕਾਬੰਦੀ ਅਤੇ ਤਲਾਸ਼ੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਡਾਰਕਨੈੱਟ, ਕ੍ਰਿਪਟੋ ਕਰੰਸੀ, ਨਸ਼ਿਆਂ ਸਬੰਧੀ ਕਾਨੂੰਨ ਨੂੰ ਲਾਗੂ ਕਰਨ ਅਤੇ ਇੰਟਰਨੈੱਟ ਬਾਰੇ ਜਾਂਚ ਅਧਿਕਾਰੀਆਂ ਅਤੇ ਜੀ ਓਜ਼ ਲਈ ਵਿਸ਼ੇਸ਼ ਸਿਖਲਾਈ ਸੈਸ਼ਨ ਕਰਵਾਏ ਜਾ ਰਹੇ ਹਨ।

## ਓ ਪੀ ਜਵੈਲਰਜ਼ ਵੱਲੋਂ ਅੱਖਾਂ ਦਾ ਮੁਫਤ ਅਪ੍ਰੇਸ਼ਨ ਤੇ ਜਾਂਚ ਕੈਂਪ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਓ ਪੀ ਜਵੈਲਰਜ਼ ਸਰਹਿੰਦ ਦੇ ਸੰਸਥਾਪਕ ਸਵਰਗਵਾਸੀ ਓਮ ਪ੍ਰਕਾਸ਼ ਵਰਮਾ ਦੀ ਯਾਦ 'ਚ ਵਰਮਾ ਪਰਿਵਾਰ ਵੱਲੋਂ ਗੁਰੂ ਕ੍ਰਿਪਾ ਸੇਵਾ ਸੰਸਥਾਨ ਸਰਹਿੰਦ ਮੰਡੀ ਵਿਖੇ ਅੱਖਾਂ ਦਾ ਮੁਫਤ ਅਪ੍ਰੇਸ਼ਨ ਤੇ ਚੈੱਕਅੱਪ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸੰਤ ਬਾਬਾ ਪਰਮਜੀਤ ਸਿੰਘ ਜੀ ਹੰਸਾਲੀ ਵਾਲੇ ਤੇ ਸੰਤ ਧਰਮ ਅਰਾਧਨਾ ਨੰਦ ਸ੍ਰੀ ਨੰਗਲੀ ਆਸ਼ਰਮ ਸਰਹਿੰਦ ਵਾਲਿਆਂ ਵੱਲੋਂ ਕੀਤਾ ਗਿਆ। ਕੈਂਪ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਕੈਂਪ 'ਚ ਅੱਖਾਂ ਦੇ ਮਾਹਰ ਡਾ. ਸਾਈਦੀਪ ਢੰਡ ਤੇ ਬੱਚਿਆਂ ਦੇ ਮਾਹਰ ਡਾ. ਨੇਹਾ ਦੀ ਅਗਵਾਈ ਵਾਲੀ ਮੈਡੀਕਲ ਟੀਮ ਵੱਲੋਂ 640 ਮਰੀਜ਼ਾਂ ਦਾ ਚੈੱਕਅੱਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ, 200 ਮਰੀਜ਼ਾਂ ਨੂੰ ਮੁਫ਼ਤ ਐਨਕਾਂ ਦਿੱਤੀਆਂ ਗਈਆਂ ਅਤੇ 75 ਬੱਚਿਆਂ ਦਾ ਚੈੱਕਅੱਪ ਕੀਤਾ ਗਿਆ। ਕੈਂਪ 'ਚ 143 ਮਰੀਜ਼ਾਂ ਦੀ ਆਪ੍ਰੇਸ਼ਨ ਲਈ ਚੋਣ ਕੀਤੀ ਗਈ, ਜਿਨ੍ਹਾਂ ਦੇ ਮੁਫ਼ਤ ਆਪ੍ਰੇਸ਼ਨ ਜਲਦ ਕੀਤੇ ਜਾਣਗੇ। ਸੁਨੀਲ ਵਰਮਾ, ਕੋਮਲ ਵਰਮਾ, ਸਾਹਿਬਾ ਵਰਮਾ ਤੇ ਪ੍ਰੇਜ਼ੀ ਵਰਮਾ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਕੈਬਨਿਟ ਮੰਤਰੀ ਡਾ. ਹਰਬੰਸ ਲਾਲ, ਬਿਮਲਾ ਵਰਮਾ, ਮਦਨ ਲਾਲ ਵਰਮਾ, ਰਵਿੰਦਰ ਵਰਮਾ, ਕ੍ਰਿਸ਼ਨ ਲਾਲ ਵਰਮਾ, ਜਗਦੀਸ਼ ਵਰਮਾ, ਅਸ਼ਵਨੀ ਗਰਗ, ਡਾ. ਹਿਤੇਂਦਰ ਸੂਰੀ, ਡਾ. ਮਹੇਸ਼, ਡਾ. ਪ੍ਰਮੋਧ ਮਿੱਤਲ, ਸੱਤਪਾਲ ਪੁਰੀ, ਵਿਨੈ ਗੁਪਤਾ, ਕੌਂਸਲਰ ਪਵਨ ਕਾਲੜਾ, ਜਗਜੀਤ ਕੋਕੀ, ਆਨੰਦ ਮੋਹਨ ਤੇ ਨਰਿੰਦਰ ਪ੍ਰਿੰਸ ਹਾਜ਼ਰ ਸਨ।

## ਜਾਖੜ ਦੀ ਗੁਰਦਾਸਪੁਰ ਫੇਰੀ ਨੂੰ ਲੈ ਕੇ ਵਰਕਰਾਂ 'ਚ ਭਾਰੀ ਉਤਸ਼ਾਹ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪੰਜਾਬ ਭਾਜਪਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਗੁਰਦਾਸਪੁਰ ਵਿਖੇ ਵਿਸ਼ਾਲ ਮੀਟਿੰਗ 19 ਨੂੰ ਕਰਨਗੇ ਜਿਸ ਕਰਕੇ ਭਾਜਪਾ ਵਰਕਰਾਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਯਸ਼ਪਾਲ ਕੁੰਡਲ ਨੇ ਪ੍ਰੈੱਸ ਨੂੰ ਦੱਸਿਆ ਕਿ ਪੰਜਾਬ ਨੂੰ ਇਕ ਵਧਾਈ ਅਤੇ ਤਜਰਬੇਕਾਰ ਪ੍ਰਧਾਨ ਮਿਲਿਆ ਹੈ ਅਤੇ ਉਹ ਆਪਣੇ ਤਜਰਬੇ ਨਾਲ ਭਾਜਪਾ ਨੂੰ ਉਚਾਈਆਂ 'ਤੇ ਲੈ ਕੇ ਜਾਣਗੇ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਨਰਿੰਦਰ ਮੋਦੀ ਦੀ ਸਰਕਾਰ ਇਕ ਵਾਰ ਫਿਰ ਕੇਂਦਰ ਦੀ ਸਰਕਾਰ ਆਵੇਗੀ ਅਤੇ ਭਾਜਪਾ ਪਹਿਲਾਂ ਨਾਲੋਂ ਮਜ਼ਬੂਤ ਹੋਵੇਗੀ ਅਤੇ ਕੁੰਡਲ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਦਿੱਤੇ ਹੋਏ ਸਮੇਂ ਅਨੁਸਾਰ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨ।

### ਪਨਬਸ ਦੀਆਂ 371...

ਅਨੁਮਾਨਾਂ ਅਨੁਸਾਰ ਪੰਜਾਬ ਰੋਡਵੇਜ਼ ਨੂੰ 90 ਕਰੋੜ ਰੁਪਏ ਦੀ ਕਮਾਈ ਅਤੇ 73 ਕਰੋੜ ਰੁਪਏ ਦੇ ਖਰਚੇ ਕੱਢਣ ਉਪਰੰਤ 17 ਕਰੋੜ ਰੁਪਏ ਦਾ ਮੁਨਾਫਾ ਹੋਣ ਦੀ ਉਮੀਦ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਸਾਰੇ ਵਿਭਾਗਾਂ ਨੂੰ ਜੋ ਕਦੇ ਸੂਬੇ ਦਾ ਮਾਣ ਸਨ, ਨੂੰ ਮੁੜ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਵਿੱਤ ਵਿਭਾਗ ਇਸ ਸੰਬੰਧੀ ਰਣਨੀਤੀ ਉਲੀਕਣ ਲਈ ਅਜਿਹੇ ਪ੍ਰਮੁੱਖ ਵਿਭਾਗਾਂ ਨਾਲ ਲਗਾਤਾਰ ਮੀਟਿੰਗਾਂ ਕਰ ਰਿਹਾ ਹੈ।


**ਉੱਤਰ ਰੇਲਵੇ**

G20 — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜਿਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-14/23-24 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 07.08.2023 ਨੂੰ 15:00 ਵਜੇ ਤਕ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

**ਐਨ।ਆਈ।ਟੀ:**

| | | | |
|---|---|---|---|
| ਕੰਮ ਦਾ ਨਾਮ | (i) ਫਿਰੋਜ਼ਪੁਰ ਮੰਡਲ ਦੇ ਆਰਆਰਆਈ/ਪੀਆਈ/ਈਆਈ ਸਟੇਸ਼ਨਾਂ ਦੇ ਸਿਗਨਲ ਅਤੇ ਦੂਰਸੰਚਾਰ ਉਪਕਰਣ ਰੂਮ ਵਿਚ ਫਾਇਰ ਬ੍ਰਿਗੇਡ ਯੰਤਰ, ਆਟੋਮੈਟਿਕ ਅਗਾ ਦਾ ਪਤਾ ਲਗਾਉਣ ਅਤੇ ਅਲਾਰਮ ਪ੍ਰਣਾਲੀ ਦਾ ਪ੍ਰਾਵਧਾਨ। (ii) ਫਿਰੋਜ਼ਪੁਰ ਮੰਡਲ ਦੇ ਆਰਆਰਆਈ/ਪੀਆਈ/ਈਆਈ ਸਟੇਸ਼ਨਾਂ ਤੇ ਗੈਰ ਆਰਡੀਐਸਓ ਪ੍ਰਕਾਰ ਦੇ ਫਾਇਰ ਅਲਾਰਮ ਸਿਸਟਮ ਨੂੰ ਆਰਡੀਐਸਓ ਪ੍ਰਕਾਰ ਦੇ ਆਟੋਮੈਟਿਕ ਫਾਇਰ ਡਿਟੇਕਸ਼ਨ ਅਤੇ ਅਲਾਰਮ ਨਾਲ ਬਦਲਣ ਦਾ ਕੰਮ। (iii) ਫਿਰੋਜ਼ਪੁਰ ਮੰਡਲ ਤੇ ਮਧ-ਸੈਕਸ਼ਨ ਇੰਟਰਲਾਕਡ ਐਲ-ਅਕਸਿੰਗ ਗੇਟਾਂ 'ਤੇ ਰੋਡ ਸਿਗਨਲ ਦਾ ਪ੍ਰਾਵਧਾਨ। | | |
| ਟਾਈਪ ਆਫ ਟੈਂਡਰ | ਖੁਲ੍ਹੀ (ਈ ਟੈਂਡਰਿੰਗ) | ਟੈਂਡਰ ਪਾਉਣ ਦਾ ਸਿਸਟਮ | ਸਿੰਗਲ ਪੈਕਟ ਸਿਸਟਮ |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 07.08.2023 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 11.07.2023 18:18 |
| ਅੰਦਾਜਨ ਕੀਮਤ | (i) 74933238.44 (ii) 82988239.80 (iii) 6733754.42 | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 24.07.2023 |
| ਟੈਂਡਰ ਡਾਕੂਮੈਂਟ ਦੀ ਕੀਮਤ (ਰੂ.) | ਜੀਰੋ | ਟੈਂਡਰਿੰਗ ਸੈਕਸ਼ਨ ਦਾ ਸਮਾਂ | ਸੰਕੇਤ |
| ਬਿਆਨਾ ਰਾਸ਼ੀ (ਰੂ.) | (i) 524700.00 (ii) 565000.00 (iii) 134700.00 | ਟੈਂਡਰ ਦੀ ਵੈਧਤਾ ਅਤੇ ਦਿਨ | 60 ਦਿਨ |
| | | ਕੰਮ ਪੂਰਾ ਕਰਨ ਦਾ ਸਮਾਂ | 6 ਮਹੀਨੇ |

ਨਿਵਿਦਾ ਸੂਚਨਾ ਨੰ. 433-ਸਿਗ- ਟੀ-14-23-23 ਬੰਦ ਹੋਣ ਦੀ ਮਿਤੀ/ਸਮਾਂ: 07.08.2023 ਨੂੰ 15:00 ਵਜੇ — 2194/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



SMFG IndiaCredit

**SMFG INDIA CREDIT COMPANY LIMITED**
**(formerly Fullerton India Credit Company Limited)**
Corporate Office: 10th Floor, Office No. 101,102 & 103, 2 North Avenue, Maker Maxity, Bandra Kurla Complex, Bandra (E), Mumbai - 400051.

**ਡਿਮਾਂਡ ਨੋਟਿਸ**

ਦਾ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ('ਦਾ ਐਕਟ') ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ('ਦਾ ਰੂਲਜ਼') ਦੀਆਂ ਵਿਵਸਥਾਵਾਂ ਤਹਿਤ

ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕਰੈਡਿਟ ਕੰਪਨੀ ਲਿਮ:) ਦੇ ਅਧਿਕਾਰਤ ਅਫਸਰ ਵਜੋਂ ਐਕਟ ਅਧੀਨ ਅਤੇ ਐਕਟ ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਸੰਬੰਧਤ ਨੋਟਿਸਾਂ 'ਚ ਦਰਸਾਈ ਗਈ ਰਕਮ ਨੋਟਿਸ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਸੈਕਸ਼ਨ, 13 (2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਨਿਮਨਹਸਤਾਖਰੀ ਨੂੰ ਵਾਜਬ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ ਡਿਮਾਂਡ ਨੋਟਿਸਾਂ ਦੀ ਤਾਮੀਲ ਟਾਲ ਰਹੇ ਹਨ, ਇਸ ਲਈ ਨਿਯਮਾਂ ਅਨੁਸਾਰ ਨੋਟਿਸ ਚਿਪਕਾ ਕੇ ਅਤੇ ਪ੍ਰਕਾਸ਼ਤ ਕਰਕੇ ਤਾਮੀਲ ਕਰਵਾਈ ਜਾ ਰਹੀ ਹੈ। ਡਿਮਾਂਡ ਨੋਟਿਸ ਦੀ ਵਿਸ਼ਾ ਸੂਚੀ ਹੇਠਾਂ ਦਰਸਾਈ ਜਾ ਰਹੀ ਹੈ :

| ਕਰਜ਼ਦਾਰਾਂ ਦੇ ਨਾਂਅ | ਡਿਮਾਂਡ ਨੋਟਿਸ ਦੀ ਮਿਤੀ ਰਕਮ | ਅਚੱਲ ਜਾਇਦਾਦ/ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ |
|---|---|---|
| 1. ਗੁਰਮੀਤ ਸਿੰਘ (ਸਵਰਗੀ), (ਗੁਰਮੀਤ ਸਿੰਘ ਦੇ ਜਾਣਕਾਰ ਅਤੇ ਨਾ ਜਾਣਕਾਰਾਂ ਕਾਨੂੰਨੀ ਵਾਰਸਾਂ ਰਾਹੀਂ) 2. ਅਮਰਪ੍ਰੀਤ ਕੌਰ ਖਾਤਾ ਨੰਬਰ **213620910832404** | **11.07.2023** 31.05.2023 ਨੂੰ ਰੁਪਏ 31,79,250/- | ਜਾਇਦਾਦ/ਜ਼ਮੀਨ, ਖੱਤਾ ਖਤੌਨੀ ਨੰ. 778/1364, ਖਸਰਾ ਨੰ. 15//24 (8-0), 15//25/1(5-10), 27//4(9-15), ਕੁੱਲ ਜ਼ਮੀਨ 23-5 ਮਰਲੇ 'ਚੋਂ ਇਸ ਦਾ 64/4185 ਹਿੱਸਾ ਜੋ ਕਿ 0-7-1 ਸਰਸਾਈ ਹੈ, ਕਿਸਮ ਨਹਿਰੀ, ਜਮ੍ਹਾਬੰਦੀ ਸਾਲ 2017-2018, ਮਾਲੀਆ ਰਾਜ ਪਿੰਡ ਬਾਬਾ ਬਕਾਲਾ ਸਾਹਿਬ, ਹਦਬਸਤ ਨੰ. 31, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ। |

ਕਰਜ਼ਦਾਰਾਂ ਨੂੰ ਨੋਟਿਸਾਂ ਦੀ ਪਾਲਣਾ ਅਤੇ ਉਹਨਾਂ 'ਚ ਅਤੇ ਇੱਥੇ ਉੱਪਰ ਦਰਸਾਈ ਰਕਮ ਸਮੇਤ ਮੁਕੰਮਲ ਰਕਮ ਦੀ ਅਦਾਇਗੀ ਦੀ ਮਿਤੀ ਤੱਕ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜਿਜ, ਲਾਗਤ ਅਤੇ ਖਰਚੇ ਦੇ ਇਸ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਕਰਜ਼ਦਾਰ ਧਿਆਨ ਦੇਣ ਕਿ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਇੱਕ ਸਕਿਉਰਡ ਕ੍ਰੈਡਿਟਰ ਹੈ ਅਤੇ ਕਰਜ਼ਦਾਰ ਵੱਲੋਂ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਕਰਜ਼ਦਾਰ ਵੱਲੋਂ ਗਹਿਣੇ ਰੱਖੀਆਂ ਜਾਇਦਾਦਾਂ ਜੋ ਸਕਿਉਰਡ ਐੱਸਟ ਹੈ, ਵਿਰੁੱਧ ਸਕਿਉਰਡ ਕ੍ਰੈਡਿਟ ਹੈ। ਜੇਕਰ ਕਰਜ਼ਦਾਰ ਨਿਰਧਾਰਤ ਸਮੇਂ ਅੰਦਰ ਸਾਰੀਆਂ ਦੇਣਦਾਰੀਆਂ ਦਾ ਨਿਪਟਾਰਾ ਕਰਨ 'ਚ ਅਸਫਲ ਰਹਿੰਦਾ ਹੈ, ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਸਕਿਉਰਡ ਐੱਸਟਸ ਦਾ ਕਬਜ਼ਾ ਲੈਣ ਸਮੇਤ ਇਸ ਨੂੰ ਵਿੱਕਰੀ ਰਾਹੀਂ ਤਬਾਦਲਾ ਜਾਂ ਐਕਟ ਅਤੇ ਨਿਯਮਾਂ ਤਹਿਤ ਉਪਲੱਬਧ ਹੋਰ ਉਪਾਅ ਰਕਮ ਦੀ ਵਸੂਲੀ ਲਈ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ। ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਵਿਕਰੀ ਜਾਂ ਤਬਾਦਲਾ ਅਧਿਕਾਰ ਲਾਗੂ ਕਰਨ ਤੋਂ ਪਹਿਲਾਂ ਸਕਿਉਰਡ ਐੱਸਟਸ ਨੂੰ ਅਟੈਚ/ਜਾਂ ਸੀਲ ਕਰਨ ਦਾ ਵੀ ਹੱਕਦਾਰ ਹੈ। ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਨੂੰ ਗਹਿਣੇ ਰੱਖੀਆਂ ਜਾਇਦਾਦਾਂ ਦੀ ਵਿਕਰੀ ਕਰਨ 'ਤੇ ਬਕਾਇਆ ਅਦਾਇਗੀ ਮੁਕੰਮਲ ਪ੍ਰਾਪਤ ਨਹੀਂ ਹੁੰਦੀ ਤਾਂ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਬਕਾਇਆ ਵਸੂਲਣ ਲਈ ਵੱਖਰੀ ਕਾਨੂੰਨੀ ਕਾਰਵਾਈ ਕਰਨ ਦਾ ਵੀ ਅਧਿਕਾਰ ਰੱਖਦਾ ਹੈ। ਇਹ ਉਪਾਅ ਐੱਸ ਐੱਮ ਐੱਫ ਜੀ ਇੰਡੀਆ ਕਰੈਡਿਟ ਨੂੰ ਕਿਸੇ ਹੋਰ ਕਾਨੂੰਨ ਅਧੀਨ ਪ੍ਰਾਪਤ ਹੋਰ ਉਪਾਵਾਂ ਤੋਂ ਵਾਧੂ ਅਤੇ ਅਜ਼ਾਦਾਨਾ ਹੈ। ਉਪਲੱਬਧ ਸਮੇਂ 'ਚ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 (8) ਤਹਿਤ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਅਤੇ ਅੱਗੇ ਐਕਟ ਦੇ ਸੈਕਸ਼ਨ 13 (13), ਜਿਸ ਰਾਹੀਂ ਕਰਜ਼ਦਾਰਾਂ 'ਤੇ ਕਿਸੇ ਵੀ ਸਕਿਉਰਡ ਐੱਸਟਸ ਦੀ ਸੌਦੇਬਾਜ਼ੀ, ਵਿਕਰੀ ਰਾਹੀਂ ਤਬਾਦਲਾ ਕਰਨ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ (ਕਾਰੋਬਾਰ ਦੇ ਆਮ ਤਰੀਕੇ ਤੋਂ ਇਲਾਵਾ), ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਦੀ ਅਗਾਉਂ ਲਿਖਤੀ ਮਨਜ਼ੂਰੀ ਤੋਂ ਨਿਪਟਾਰਾ ਕਰਨ 'ਤੇ ਪਾਬੰਦੀ/ਬੰਦਿਸ਼ ਹੈ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਐਕਟ ਦੇ ਸੈਕਸ਼ਨ 29 ਤਹਿਤ ਦੰਡਯੋਗ ਜੁਰਮ ਹੈ। ਡਿਮਾਂਡ ਨੋਟਿਸ ਦੀ ਨਕਲ ਨਿਮਨਹਸਤਾਖਰੀ ਕੋਲ ਉਪਲੱਬਧ ਹੈ ਅਤੇ ਕਰਜ਼ਦਾਰ, ਜੇਕਰ ਚਾਹੁਣ ਤਾਂ ਇਹ ਨਿਮਨਹਸਤਾਖਰੀ ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਦੇ ਨੀਯਤ ਸਮੇਂ ਅੰਦਰ ਪ੍ਰਾਪਤ ਕਰ ਸਕਦੇ ਹਨ।

ਸਥਾਨ : ਅੰਮ੍ਰਿਤਸਰ ਮਿਤੀ : 18.07.2023 — ਸਹੀ/- ਅਧਿਕਾਰਤ ਅਫਸਰ
ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮ:)


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

18-July-Page-3.qxd 7/17/2023 10:44 PM Page 1



# ਬਰਸਾਤੀ ਮੌਸਮ ਦੌਰਾਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਸਾਵਧਾਨੀ ਵਰਤੀ ਜਾਵੇ : ਡਾ. ਭਾਗੋਵਾਲੀਆ

## ਕੂਲਰ ਅਤੇ ਫਰਿਜ ਦੀਆਂ ਟਰੇਆਂ ਦੀ ਹਫ਼ਤੇ 'ਚ ਇੱਕ ਵਾਰ ਸਾਫ-ਸਫ਼ਾਈ ਜ਼ਰੂਰ ਯਕੀਨੀ ਬਣਾਈ ਜਾਵੇ



**ਡੇਰਾ ਬਾਬਾ ਨਾਨਕ (ਡੇਰਾ ਬਾਬਾ ਨਾਨਕ)**- ਬਰਸਾਤੀ ਮੌਸਮ ਦੌਰਾਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਸਾਵਧਾਨੀ ਬਹੁਤ ਜ਼ਰੂਰੀ ਹੈ। ਬਰਸਾਤੀ ਮੌਸਮ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਦਸਤ, ਉਲਟੀਆਂ, ਡੇਂਗੂ, ਮਲੇਰੀਆ, ਚਿਕਨਗੁਨੀਆ ਤੋਂ ਬਚਣ ਲਈ ਸਾਨੂੰ ਆਪਣੇ ਆਲੇ-ਦੁਆਲੇ ਪਾਣੀ ਨੂੰ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ। ਇਹ ਪ੍ਰਗਟਾਵਾ ਕਰਦਿਆਂ ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਅਤੇ ਸਰਕਾਰੀ ਹਸਪਤਾਲ ਕਲਾਨੌਰ ਵਿਖੇ ਤਾਇਨਾਤ ਮੈਡੀਸਨ ਦੇ ਮਾਹਿਰ ਡਾਕਟਰ ਸੁਖਦੀਪ ਸਿੰਘ ਭਾਗੋਵਾਲੀਆ ਨੇ ਕਿਹਾ ਕਿ ਅਕਸਰ ਹੀ ਬਰਸਾਤਾਂ ਦੇ ਸੀਜ਼ਨ ਦੌਰਾਨ ਸਾਡੇ ਘਰਾਂ ਅਤੇ ਕੰਮ-ਕਾਜੀ ਥਾਵਾਂ ਦੇ ਆਲੇ-ਦੁਆਲੇ ਪਾਣੀ ਖੜ੍ਹ ਜਾਂਦਾ ਹੈ ਜੋ ਕਿ ਮੱਛਰ ਦੇ ਲਾਰਵੇ ਅਤੇ ਮੱਛਰ ਪੈਦਾ ਹੋਣ ਦਾ ਕਾਰਨ ਬਣਦਾ ਹੈ। ਉਨ੍ਹਾਂ ਕਿਹਾ ਕਿ ਏਹੀ ਮੱਛਰ ਡੇਂਗੂ ਅਤੇ ਮਲੇਰੀਆ ਦੀ ਬਿਮਾਰੀ ਦਾ ਕਾਰਨ ਬਣਦੇ ਹਨ।

ਡਾ. ਸੁਖਦੀਪ ਸਿੰਘ ਭਾਗੋਵਾਲੀਆ ਨੇ ਦੱਸਿਆ ਕਿ ਜੇਕਰ ਕਿਤੇ ਪਾਣੀ ਖੜ੍ਹਾ ਹੈ, ਤਾਂ ਉਸ ਵਿੱਚ ਕਾਲੇ ਤੇਲ ਦੀ ਵਰਤੋਂ ਕੀਤੀ ਜਾਵੇ ਤਾਂ ਮੱਛਰ ਪੈਦਾ ਨਹੀਂ ਹੁੰਦਾ। ਉਨ੍ਹਾਂ ਦੱਸਿਆ ਕਿ ਆਪਣੇ ਘਰਾਂ ਦੀ ਛੱਤਾਂ 'ਤੇ ਪਏ ਗਮਲੇ, ਖਾਲੀ ਬਰਤਨ, ਟਾਇਰਾਂ ਆਦਿ ਵਿਚ ਪਾਣੀ ਨੂੰ ਖੜ੍ਹਾ ਨਾ ਹੋਣ ਦਿੱਤਾ ਜਾਵੇ, ਕੂਲਰ ਅਤੇ ਫਰਿਜ ਦੀਆਂ ਟਰੇਆਂ ਨੂੰ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਖਾਲੀ ਕਰਕੇ ਸਾਫ਼ ਕੀਤਾ ਜਾਵੇ। ਮੱਛਰਾਂ ਤੋਂ ਬਚਣ ਲਈ ਸਾਨੂੰ ਸਰੀਰ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ ਅਤੇ ਮੱਛਰ ਭਜਾਊ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਡਾ. ਸੁਖਦੀਪ ਸਿੰਘ ਭਾਗੋਵਾਲੀਆ ਨੇ ਕਿਹਾ ਕਿ ਬਰਸਾਤੀ ਮੌਸਮ ਦੌਰਾਨ ਸਾਨੂੰ ਟਾਈਫਾਈਡ, ਹੈਜ਼ਾ, ਪੀਲੀਆ ਤੋਂ ਬਚਣ ਲਈ ਪਾਣੀ ਸਾਫ਼-ਸੁਥਰਾ ਕਲੋਰੀਨੇਟ ਕਰਕੇ, ਉਬਾਲ ਕੇ ਜਾਂ ਫਿਲਟਰ ਹੋਏ ਪਾਣੀ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਵਧੇਰੇ ਪੱਕੇ ਫ਼ਲ ਅਤੇ ਬੇਹਾ ਖਾਣਾ ਨਹੀਂ ਖਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਉਪਰੋਕਤ ਸਾਵਧਾਨੀਆਂ ਵਰਤ ਕੇ ਅਸੀਂ ਬਰਸਾਤੀ ਮੌਸਮ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਤੋਂ ਬਚ ਸਕਦੇ ਹਾਂ।

# ਕੇਵਲ ਇੱਕ ਪੂਰਨ ਸਤਿਗੁਰੂ ਹੀ ਮਨੁੱਖ ਨੂੰ ਪਰਮਾਤਮਾ ਦੇ ਦਰਸ਼ਨ ਕਰਾਉਣ ਦੇ ਸਮਰੱਥ : ਸਾਧਵੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਥਾਨਕ ਆਸ਼ਰਮ ਗੌਤਮ ਨਗਰ ਵਿਖੇ ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਧਾਰਮਿਕ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿਚ ਸੰਸਥਾ ਦੀ ਸੇਵਿਕਾ ਸਾਧਵੀ ਸ਼੍ਰੀਮਤੀ ਪ੍ਰਿਯੰਕਾ ਭਾਰਤੀ ਨੇ ਅਧਿਆਤਮਿਕਤਾ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਆਧੁਨਿਕ ਪ੍ਰਵਿਰਤੀ ਵਾਲੇ ਲੋਕਾਂ ਲਈ ਅਧਿਆਤਮਿਕਤਾ ਇਕ ਮੁਸ਼ਕਿਲ ਵਿਸ਼ਾ ਹੈ, ਕਿਉਂਕਿ ਉਨ੍ਹਾਂ ਦੀ ਸਿੱਖਿਆ ਭੌਤਿਕ ਵਿਗਿਆਨ 'ਤੇ ਆਧਾਰਤ ਹੈ। ਉਹ ਠੋਸ ਤਰਕ, ਵਿਸ਼ਲੇਸ਼ਣ ਅਤੇ ਕਾਰਵਾਈ 'ਤੇ ਭਰੋਸਾ ਕਰਦੇ ਹਨ। ਇਸੇ ਕਰਕੇ ਕਈ ਵਾਰ ਉਹ ਰੂਹਾਨੀਅਤ ਤੋਂ ਵਾਂਝੇ ਰਹਿ ਜਾਂਦੇ ਹਨ। ਅਸਲੀਅਤ ਵਿੱਚ ਅਧਿਆਤਮਿਕਤਾ ਕੀ ਹੈ। ਅਧਿਆਤਮਿਕਤਾ ਦਾ ਅਰਥ ਹੈ ਆਪਣੇ ਆਪ ਨੂੰ ਅਨੁਭਵ ਕਰਨਾ, ਜੋ ਕਿ ਬ੍ਰਹਮ ਸਰੂਪ ਹੈ। ਅਧਿਆਤਮਿਕਤਾ ਸਾਡੇ ਨਜ਼ਦੀਕੀ ਮੁੱਲਾਂ ਦਾ ਆਧਾਰ ਹੈ। ਇਹ ਸਾਡੀ ਆਸਥਾ ਅਤੇ ਸ਼ਰਧਾ ਦੀ ਸਥਾਪਨਾ ਹੈ। ਇਹ ਜੀਵਨ ਨੂੰ ਉਦੇਸ਼ ਅਤੇ ਅਰਥ ਦਿੰਦਾ ਹੈ। ਜਿਉਂ ਜਿਉਂ ਇਹ ਸਾਡੇ ਅੰਦਰ ਵਧਦਾ ਹੈ, ਇਹ ਸਾਨੂੰ ਬੁੱਧੀ ਅਤੇ ਪਿਆਰ ਨਾਲ ਭਰ ਦਿੰਦਾ ਹੈ। ਅਸੀਂ ਬ੍ਰਹਮ ਲਈ ਡੂੰਘੇ ਸਤਿਕਾਰ ਨਾਲ ਭਰੇ ਹੋਏ ਹਾਂ। ਜਦੋਂ ਸਾਡਾ ਅਧਿਆਤਮਿਕ ਗਿਆਨ ਵਿਕਸਿਤ ਅਤੇ ਕਿਰਿਆਸ਼ੀਲ ਹੋ ਜਾਂਦਾ ਹੈ, ਅਸੀਂ ਸਾਰੇ ਜੀਵਾਂ ਅਤੇ ਪਰਮ ਆਤਮਾ ਨਾਲ ਇਕਮੁੱਠ ਹੋ ਜਾਂਦੇ ਹਾਂ। ਸਾਡਾ ਦਿਲ ਸਾਰਿਆਂ ਪ੍ਰਤੀ ਦਿਆਲਤਾ ਨਾਲ ਭਰਿਆ ਹੋਇਆ ਹੈ। ਅਧਿਆਤਮਿਕਤਾ ਭੌਤਿਕ ਸੰਸਾਰ ਦੇ ਪ੍ਰਮਾਣਾਂ ਤੋਂ ਪਰੇ ਹੈ। ਰੱਬ ਦਾ ਭੌਤਿਕ ਪ੍ਰਮਾਣ ਕੋਈ ਨਹੀਂ ਦੇ ਸਕਦਾ ਹੈ। ਪਰ ਪ੍ਰਮਾਤਮਾ ਨੂੰ ਸਿੱਧਾ ਅਨੁਭਵ ਕੀਤਾ ਜਾ ਸਕਦਾ ਹੈ। ਅਧਿਆਤਮਿਕਤਾ ਸਾਰੇ ਸੰਪਰਦਾਵਾਂ ਨਾਲੋਂ ਵੱਖਰੀ ਹੈ। ਭਾਵੇਂ ਉਹ ਇੱਕ ਦੂਜੇ ਨਾਲ ਸਬੰਧਤ ਹਨ, ਪਰ ਉਹ ਇੱਕੋ ਜਿਹੇ ਨਹੀਂ ਹਨ। ਕੋਈ ਵਿਅਕਤੀ ਕਿਸੇ ਵੀ ਫਿਰਕੇ ਜਾਂ ਫਿਰਕੇ ਦਾ ਮੈਂਬਰ ਹੋਏ ਬਿਨਾਂ ਵੀ ਅਧਿਆਤਮਿਕਤਾ ਦਾ ਅਨੁਭਵ ਕਰ ਸਕਦਾ ਹੈ। ਸੰਪਰਦਾਵਾਂ ਦੇ ਗੁੰਝਲਦਾਰ ਨਿਯਮਾਂ ਕਾਰਨ ਅੱਜ ਲੋਕ ਸ਼ੁੱਧ ਅਧਿਆਤਮਿਕਤਾ ਦੇ ਆਨੰਦ ਤੋਂ ਵਾਂਝੇ ਹਨ। ਇਸ ਲਈ, ਕਿਸੇ ਨੇ ਠੀਕ ਹੀ ਕਿਹਾ ਹੈ ਕਿ ਜਦੋਂ ਕੋਈ ਸੰਪਰਦਾ ਤੰਗ ਵਿਸ਼ਵਾਸਾਂ ਦਾ ਪਰਦਾਫਾਸ਼ ਕਰਦਾ ਹੈ, ਤਾਂ ਇਹ ਆਪਣੇ ਪੈਰੋਕਾਰਾਂ ਨੂੰ ਪਰਮਾਤਮਾ ਨਾਲ ਜੁੜਨ ਦੀ ਭਾਵਨਾ ਤੋਂ ਵਾਂਝਾ ਕਰ ਦਿੰਦਾ ਹੈ। ਇਸ ਲਈ ਸੱਚਾ ਧਰਮ, ਸੱਚਾ ਸੰਪਰਦਾ ਉਹ ਹੈ ਜੋ ਸਾਡੇ ਅੰਦਰ ਸ਼ੁੱਧ ਅਧਿਆਤਮਿਕਤਾ ਦਾ ਵਿਕਾਸ ਕਰਦਾ ਹੈ। ਸਾਨੂੰ ਸਾਡੇ ਧਾਰਮਿਕ ਗ੍ਰੰਥਾਂ ਅਨੁਸਾਰ ਸਤਿਗੁਰੂ ਦੀ ਕਿਰਪਾ ਨਾਲ ਹੀ ਮਨੁੱਖ ਦੇ ਜੀਵਨ ਵਿੱਚ ਅਧਿਆਤਮਿਕਤਾ ਉਤਰਦੀ ਹੈ। ਕੇਵਲ ਇੱਕ ਪੂਰਨ ਸਤਿਗੁਰੂ ਹੀ ਮਨੁੱਖ ਨੂੰ ਪਰਮਾਤਮਾ ਦੇ ਦਰਸ਼ਨ ਕਰਾਉਣ ਦੀ ਸਮਰੱਥਾ ਰੱਖਦਾ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੱਚਿਆਂ ਦਾ 7 ਰੋਜ਼ਾ ਗੁਰਮਤਿ ਸਿਖਲਾਈ ਕੈਂਪ ਲਗਾਇਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਪਿੰਡ ਸਾਧਪੁਰਾ ਦੇ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰਕ ਕਮੇਟੀ ਵੱਲੋਂ ਪਿੰਡ ਸਾਧਪੁਰ ਦੀ ਸਮੂਹ ਸਾਧ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇਣ ਲਈ 7 ਰੋਜ਼ਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ ਅੱਜ ਗੁਰਮਤਿ ਸਿਖਲਾਈ ਕੈਂਪ ਦੀ ਸਮਾਪਤੀ ਤੇ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿਚ ਬੱਚਿਆਂ ਨੇ ਕਵੀਸ਼ਰੀ/ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿਚ ਧਰਮ ਪ੍ਰਚਾਰ ਕਮੇਟੀ ਵੱਲੋਂ ਬੱਚਿਆਂ ਨੂੰ ਮੈਡਲ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਨਿਸ਼ਾਨ ਸਿੰਘ ਸਿਆਲਕਾ, ਭਾਈ ਲਖਵਿੰਦਰ ਸਿੰਘ ਗ੍ਰੰਥੀ, ਭਾਈ ਦਿਲਬਾਗ ਸਿੰਘ ਭੰਗਾਲੀ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਰਵਿੰਦਰ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੀਖਿਆ 'ਚ ਪਹਿਲੇ ਦੂਜੇ ਤੇ ਤੀਜੇ ਨੰਬਰ 'ਤੇ ਆਏ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਭਾਈ ਦਿਲਬਾਗ ਸਿੰਘ ਭੰਗਾਲੀ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਰਵਿੰਦਰ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬਲਜੀਤ ਸਿੰਘ ਕਰਿਆਨੇ ਵਾਲੇ, ਸੁਬੇਗ ਸਿੰਘ ਆਧੀ, ਭਜਨ ਸਿੰਘ ਆਧੀ, ਗੁਰਭੇਜ ਸਿੰਘ ਫੌਜੀ, ਗ੍ਰੰਥੀ ਭਾਈ ਮਨਜੀਤ ਸਿੰਘ, ਫੌਜੀ ਬਲਵਿੰਦਰ ਸਿੰਘ, ਹਰਪਾਲ ਸਿੰਘ ਯੋਧਾ, ਸੁਚੇਤ ਸਿੰਘ ਦੁਕਾਨਦਾਰ, ਗੁਰਪ੍ਰੀਤ ਸਿੰਘ ਗ੍ਰੰਥੀ, ਮਿਹਰ ਸਿੰਘ ਠੇਕੇਦਾਰ, ਰਣਜੀਤ ਸਿੰਘ ਭਗਤ, ਹਰਬੰਸ ਸਿੰਘ ਬਾਰੀਆ, ਰਜਵੰਤ ਸਿੰਘ ਮੱਲ੍ਹੀ ਅਤੇ ਵੱਡੀ ਗਿਣਤੀ ਵਿਚ ਬੱਚਿਆਂ ਦੇ ਮਾਪੇ ਵੀ ਸੰਗਤਾਂ ਵਿੱਚ ਹਾਜ਼ਰ ਸਨ। ਇਸ ਮੌਕੇ ਪਿੰਡ ਦੀ ਸਾਧ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰੂ ਕੇ ਲੰਗਰ ਲਗਾਏ ਗਏ।

# ਫੇਫੜੇ ਰੋਗ ਤੋਂ ਪੀੜਤ ਬੱਚੀ ਦੇ ਇਲਾਜ ਲਈ ਚੈਰੀਟੇਬਲ ਟਰੱਸਟ ਵੱਲੋਂ ਮਦਦ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਵੱਲੋਂ ਪਿਛਲੇ ਅਠਾਰਾਂ ਸਾਲ ਤੋਂ ਪੱਟੀ ਨਿਵਾਸੀ ਸੰਗਤ ਅਤੇ ਐਨਆਰਆਈ ਸੰਗਤ ਦੇ ਸਹਿਯੋਗ ਨਾਲ ਮਨੁੱਖਤਾ ਦੇ ਭਲੇ ਦੀਆਂ ਸੇਵਾਵਾਂ ਨਿਰੰਤਰ ਚੱਲ ਰਹੀਆਂ ਹਨ। ਟਰੱਸਟ ਦੇ ਮੁੱਖ ਪ੍ਰਬੰਧਕ ਗੁਰਮੀਤ ਸਿੰਘ ਅਤੇ ਸਕੱਤਰ ਹਰਚਰਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਬੱਚੀ ਗੁਰਮੰਨਤ ਕੌਰ ਉਮਰ 17 ਦਿਨ ਵਾਸੀ ਭਿੱਖੀਵਿੰਡ, ਜਿਸ ਦਾ ਜਨਮ ਸਮੇਂ ਤੋਂ ਪਹਿਲਾਂ ਹੋਣ ਕਰਕੇ ਫੇਫੜੇ ਪੂਰੀ ਤਰ੍ਹਾਂ ਵਿਕਸਤ ਨਾ ਹੋਣ ਕਰਕੇ ਅੰਮ੍ਰਿਤਸਰ ਦੇ ਪ੍ਰਾਈਵੇਟ ਹਸਪਤਾਲ 'ਚ ਜਨਮ ਤੋਂ ਹੀ ਵੈਂਟੀਲੇਟਰ ਤੇ ਜ਼ੇਰੇ ਇਲਾਜ ਹੈ। ਡਾਕਟਰਾਂ ਨੇ ਦੱਸਿਆ ਹੈ ਕਿ ਬੱਚੀ ਨੂੰ ਲਗਾਤਾਰ ਇੱਕ ਮਹੀਨਾ ਹਸਪਤਾਲ 'ਚ ਰੱਖਣਾ ਪਵੇਗਾ!

ਬੱਚੀ ਦੇ ਇਲਾਜ ਤੇ ਖਰਚਾ ਜ਼ਿਆਦਾ ਆਉਣ ਕਰਕੇ ਪਰਿਵਾਰ ਵੀ ਲਈ ਬਹੁਤ ਔਖਾ ਹੋ ਰਿਹਾ ਸੀ! ਬੱਚੀ ਦਾ ਪਿਤਾ ਨਾ-ਮਾਤਰ ਤਨਖਾਹ ਤੇ ਪ੍ਰਾਈਵੇਟ ਨੌਕਰੀ ਕਰਦਾ ਹੈ! ਪਰਿਵਾਰ ਵੱਲੋਂ ਟਰੱਸਟ ਪਾਸ ਮਦਦ ਲਈ ਬੇਨਤੀ ਕੀਤੀ ਗਈ ਸੀ। ਟਰੱਸਟ ਵੱਲੋਂ ਪਰਿਵਾਰ ਦੇ ਆਰਥਿਕ ਹਾਲਾਤ ਨੂੰ ਵੇਖਦਿਆਂ ਹੋਇਆਂ ਸੰਗਤ ਦੇ ਸਹਿਯੋਗ ਨਾਲ ਸਮਰੱਥਾ ਅਨੁਸਾਰ ਵੀਹ ਹਜ਼ਾਰ ਰੁਪਏ ਦੀ ਮਦਦ ਦਿੱਤੀ ਗਈ।

ਬੱਚੀ ਦੇ ਪਿਤਾ ਵੱਲੋਂ ਸਹਿਯੋਗ ਕਰਨ ਵਾਲੀ ਸੰਗਤ ਅਤੇ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਦਾ ਧੰਨਵਾਦ ਕੀਤਾ ਗਿਆ। ਟਰੱਸਟ ਮੁਖੀ ਵੱਲੋਂ ਸਾਰੇ ਸਹਿਯੋਗੀਆਂ ਦਾ, ਮੈਂਬਰਾਂ ਦਾ ਅਤੇ ਸੇਵਾਦਾਰਾਂ ਦਾ ਧੰਨਵਾਦ ਕਰਦਿਆਂ ਆਖਿਆਂ ਕਿ ਇਹ ਸਾਰੀਆਂ ਸੇਵਾਵਾਂ ਸੰਗਤ ਦੇ ਸਹਿਯੋਗ ਨਾਲ ਹੀ ਸੰਭਵ ਹਨ। ਇਸ ਮੌਕੇ ਸਰਪ੍ਰਸਤ ਡਾ. ਰਜਿੰਦਰ ਸਿੰਘ, ਬਲਬੀਰ ਸਿੰਘ, ਅਮਨਦੀਪ ਸਿੰਘ, ਹਰਚਰਨ ਸਿੰਘ, ਅੰਮ੍ਰਿਤਪਾਲ ਸਿੰਘ, ਜਗਜੀਤ ਸਿੰਘ, ਡਾ. ਜਸਪਾਲ ਸਿੰਘ ਅਤੇ ਸੁਖਪਾਲ ਸਿੰਘ ਡਿਪਟੀ ਹਾਜ਼ਰ ਸਨ।

# ਬਾਠ ਰੋਡ ਦੇ ਇਲਾਕੇ ਨੂੰ ਸ਼ਹਿਰ ਨਾਲ ਮਿਲਾਉਣ ਦੇ ਯਤਨ ਜਾਰੀ : ਡਾ. ਸੋਹਲ

**ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)**-ਹਲਕਾ ਤਰਨਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਬਾਠ ਰੋਡ ਗਲੀ ਨੰਬਰ 3 ਮਲੀਆ ਖੁਰਦ ਵਿਖੇ ਇਲਾਕਾ ਵਾਸੀਆਂ, ਆਮ ਆਦਮੀ ਦੇ ਵਰਕਰਾਂ ਅਤੇ ਵਲੰਟੀਅਰਾ ਨਾਲ ਮੀਟਿੰਗ ਕੀਤੀ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ।

ਇਲਾਕਾ ਵਾਸੀਆਂ ਨੇ ਸੀਵਰੇਜ, ਬਰਸਾਤੀ ਪਾਣੀ ਦੇ ਨਿਕਾਸੀ, ਪੀਣ ਵਾਲੇ ਪਾਣੀ, ਲਾਈਟਾ ਅਤੇ ਗਲੀਆਂ ਨਾਲੀਆਂ ਦੇ ਪੱਕਾ ਕਰਨ ਦੀਆਂ ਮੁਸ਼ਕਿਲਾਂ ਤੋਂ ਵਿਧਾਇਕ ਸੋਹਲ ਨੂੰ ਜਾਣੂ ਕਰਵਾਇਆ। ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਸੋਹਲ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿਕਾਸ ਦੇ ਕੰਮਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਤੇ ਹਲਕੇ ਤਰਨਤਾਰਨ ਦਾ ਵਿਕਾਸ ਵੀ ਮਿਆਰੀ ਢੰਗ ਨਾਲ ਕਰਵਾਇਆ ਜਾ ਰਿਹਾ ਹੈ। ਵਿਧਾਇਕ ਸੋਹਲ ਨੇ ਇਲਾਕੇ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਜਲਦ ਹੱਲ ਕੀਤਾ ਜਾਵੇਗਾ। ਵਿਧਾਇਕ ਨੇ ਦੱਸਿਆ ਕਿ ਬਾਠ ਰੋਡ ਵਾਲੇ ਇਲਾਕੇ ਨੂੰ ਤਰਨਤਾਰਨ ਸਹਿਰ ਨਾਲ ਮਿਲਾਉਣ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ 'ਚ ਇਹ ਇਲਾਕਾ



ਵੀ ਨਗਰ ਕੌਂਸਲ ਤਰਨਤਾਰਨ ਦੇ ਅਧੀਨ ਹੋਵੇਗਾ। ਇਸ ਮੌਕੇ ਐਡਵੋਕੇਟ ਕੋਮਲਪ੍ਰੀਤ ਪੀਏ, ਐਡਵੋਕੇਟ ਪਰਦੀਪ ਸਿੰਘ ਪੀ ਏ, ਮਾਸਟਰ ਸ਼ਿੰਗਾਰਾ ਸਿੰਘ, ਮਾਸਟਰ ਤਸਵੀਰ ਸਿੰਘ, ਲਖਵੀਰ ਸਿੰਘ ਰਟੌਲ, ਮਾਨ ਸਿੰਘ ਕਲੇਰ, ਗੁਰਦੇਵ ਸਿੰਘ ਕੰਗ ਕੁਲਵਿੰਦਰ ਸਿੰਘ, ਬਖਤਾਵਰ ਸਿੰਘ ਕੰਗ, ਹਰਜੀਤ ਸਿੰਘ, ਦੀਦਾਰ ਸਿੰਘ, ਸੇਵਾ ਸਿੰਘ, ਮਨਜੀਤ ਸਿੰਘ, ਜੈਮਲ ਸਿੰਘ, ਕੁਲਬੀਰ ਕੌਰ, ਦਲਬੀਰ ਕੌਰ, ਹਰਜੀਤ ਸਿੰਘ ਚਤਾਲਾ, ਲਵਪ੍ਰੀਤ ਸਿੰਘ ਕੰਗ, ਦਵਿੰਦਰ ਸਿੰਘ ਕਲੇਰ, ਨਵਜੋਤ ਸਿੰਘ ਰਟੌਰ, ਇੰਸਪੈਕਟਰ ਪ੍ਰੀਤਮ ਸਿੰਘ, ਰਸਾਲ ਸਿੰਘ, ਰਸਪਾਲ ਸਿੰਘ ਭੱਟੀ, ਹਰਮਨ ਸਿੰਘ, ਰਾਕੇਸ਼ ਕੁਮਾਰ, ਸੁਖਵੰਤ ਸਿੰਘ ਆਦਿ ਹਾਜ਼ਰ ਸਨ।

## 10 ਗਰਾਮ ਹੈਰੋਇਨ ਸਮੇਤ ਇਕ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਲਾਨੌਰ ਦੇ ਐਸ. ਆਈ. ਗੁਰਮੁੱਖ ਸਿੰਘ ਨੇ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ 10 ਗਰਾਮ ਹੈਰੋਇਨ ਬਰਾਮਦ ਕੀਤੀ ਹੈ। ਮਾੜੇ ਅਨਸਰਾਂ ਦੀ ਤਲਾਸ਼ ਸਬੰਧੀ ਬਾਬਾ ਕਾਰ ਗੁਰਦੁਆਰਾ ਸਾਹਿਬ ਤੋਂ ਥੋੜ੍ਹਾ ਅੱਗੇ ਤੋਂ ਦੋਸੀ ਬਲਵਿੰਦਰ ਸਿੰਘ ਉਰਫ਼ ਬਿੱਲੀ ਪੁੱਤਰ ਅਜੀਤ ਸਿੰਘ ਵਾਸੀ ਬਾਬਾ ਕਾਰ ਕਾਲੋਨੀ ਕਲਾਨੌਰ ਨੂੰ ਸ਼ੱਕ ਦੇ ਆਧਾਰ 'ਤੇ ਗੱਡੀ ਨੰਬਰੀ ਡੀ. ਐਲ. ਆਈ. ਸੀ. ਏ. ਸੀ. 4176 ਮਾਰਕਾ ਮਾਰੂਤੀ ਸਮੇਤ ਕਾਬੂ ਕਰਕੇ ਦੋਸ਼ੀ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਤਾਂ ਉਸ ਵਿਚੋ! 10 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਬਲਵਿੰਦਰ ਸਿੰਘ ਖ਼ਿਲਾਫ਼ ਐਨ. ਡੀ. ਪੀ. ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 95 ਲੀਟਰ ਲਾਹਣ ਬਰਾਮਦ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਧਾਰੀਵਾਲ ਦੇ ਏ. ਐਸ. ਆਈ. ਹਰਭਜਨ ਚੰਦ ਨੇ ਸਮੇਤ ਪੁਲਸ ਪਾਰਟੀ ਗਸਤ ਦੇ ਸਬੰਧ ਵਿੱਚ ਮੁੱਖਬਰ ਖਾਸ ਦੀ ਇਤਲਾਹ 'ਤੇ ਦੋਸ਼ੀ ਰੋਬਿਨ ਪੁੱਤਰ ਚੰਦ ਮਸੀਹ ਵਾਸੀ ਆਲੋਵਾਲ ਦੇ ਘਰ ਰੇਡ ਕਰਕੇ ਦੋਸ਼ੀ ਨੂੰ 95 ਲੀਟਰ ਲਾਹਣ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਕਥਿਤ ਦੋਸ਼ੀ ਰੋਬਿਨ ਦੇ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਪੁਲਸ ਨੇ 3 ਗਰਾਮ ਹੈਰੋਇਨ ਫੜੀ, ਅਗਲੇਰੀ ਕਾਰਵਾਈ ਆਰੰਭ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਦੀਨਾਨਗਰ ਦੇ ਏ. ਐਸ. ਆਈ. ਨਿਰਮਲ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਬਾ ਤਲਾਸ਼ ਭੈੜੇ ਪੁਰਸ਼ਾਂ ਦੇ ਸੰਬੰਧ ਵਿਚ ਲਿੰਕ ਰੋਡ ਨੇੜੇ ਸ਼ਮਸ਼ਾਨ ਘਾਟ ਡੀਡਾ ਸਾਂਸੀਆਂ ਤੋਂ ਦੋਸ਼ੀ ਬਲਜਿੰਦਰ ਉਰਫ ਮੂੰਗਾ ਪੁੱਤਰ ਹਰਦੀਪ ਲਾਲ ਵਾਸੀ ਡੀਡਾ ਸਾਂਸੀਆਂ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਦੋਸ਼ੀ ਦੀ ਤਲਾਸ਼ੀ ਕੀਤੀ ਤਾਂ ਪਜਾਮੇ ਦੀ ਸੱਜੀ ਜੇਬ ਵਿਚੋ 03 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਬਲਜਿੰਦਰ ਖ਼ਿਲਾਫ਼ ਐਨ. ਡੀ. ਪੀ. ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਲਾਇਨ ਇੰਦਰਜੀਤ ਸਿੰਘ ਬਣੇ ਲਾਇਨਜ਼ ਕਲੱਬ ਵਿਸ਼ਵਾਸ ਦੇ ਪ੍ਰਧਾਨ

**ਫਗਵਾੜਾ (ਡਾ. ਰਮਨ )** ਲਾਇਨਜ਼ ਇੰਟਰਨੈਸ਼ਨਲ ਡਿਸਟ੍ਰਿਕਟ 321-ਡੀ ਦੀ ਇਲੈਵਨ ਸਟਾਰ ਸਪੈਸ਼ਲ ਸਟੇਟਸ ਮੋਡਲ ਲਾਇਨਜ਼ ਕਲੱਬ ਫਗਵਾੜਾ ਵਿਸ਼ਵਾਸ ਦੀ ਇਕ ਮੀਟਿੰਗ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਸੁਸ਼ੀਲ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਸਾਲ 2023-24 ਲਈ ਕਲੱਬ ਦੀ ਨਵੀਂ ਟੀਮ ਦੀ ਚੋਣ ਕਰਦੇ ਹੋਏ ਲਾਇਨ ਇੰਦਰਜੀਤ ਸਿੰਘ ਨੂੰ ਪ੍ਰਧਾਨ ਐਲਾਨਿਆ ਗਿਆ। ਨਵ ਨਿਯੁਕਤ ਪ੍ਰਧਾਨ ਲਾਇਨ ਇੰਦਰਜੀਤ ਸਿੰਘ ਨੇ ਆਪਣੇ ਅਗਾਂਹ ਵਧੂ ਇਰਾਦੇ ਦਰਸਾਉਂਦੇ ਹੋਏ ਡਿਸਟ੍ਰਿਕਟ 321-ਡੀ ਦਾ 'ਫੂਡ ਫਾਰ ਹੰਗਰ' ਪ੍ਰੋਜੈਕਟ ਬਿਰਧ ਆਸ਼ਰਮ ਵਿਰਕਾਂ ਵਿਖੇ ਨੇਪਰੇ ਚਾੜ੍ਹਿਆ। ਇਸ ਪ੍ਰੋਜੈਕਟ ਤਹਿਤ ਉਹਨਾਂ ਨੇ ਸੌ ਤੋਂ ਵੱਧ ਬਜ਼ੁਰਗਾਂ ਨੂੰ ਸਵੇਰ ਦਾ ਭੋਜਨ ਛਕਾਇਆ। ਇਸ ਦੌਰਾਨ ਉਹਨਾਂ ਆਪਣੀ ਟੀਮ ਦਾ ਵੀ ਐਲਾਨ ਕੀਤਾ ਅਤੇ ਚਾਰਟਰ ਪ੍ਰਧਾਨ ਲਾਇਨ ਸੁਸ਼ੀਲ ਸ਼ਰਮਾ ਨੂੰ ਸਕੱਤਰ ਦੀ ਅਹਿਮ ਜਿੰਮੇਵਾਰੀ ਦਿੱਤੀ। ਜਦਕਿ ਕੈਸ਼ੀਅਰ ਵਜੋਂ ਲਾਇਨ ਬਲਵਿੰਦਰ ਸਿੰਘ ਤੇ ਪੀ.ਆਰ.ਓ. ਲਾਇਨ ਰਵੀ ਮੰਗਲ ਨੂੰ ਚੁਣਿਆ ਗਿਆ। ਇਸ ਮੌਕੇ ਮੌਜੂਦ ਰਹੇ ਲਾਇਨ ਪ੍ਰਦੀਪ ਸਿੰਘ, ਲਾਇਨ ਜੀਵਨ ਸੋਧੀ, ਲਾਇਨ ਸੁਖਜੀਤ ਸਮਰਾ, ਲਾਇਨ ਮੋਹਨ ਸਿੰਘ ਕੋਹਲੀ, ਲਾਇਨ ਹਰਵਿੰਦਰ ਸਿੰਘ, ਲਾਇਨ ਸੁਰਿੰਦਰ ਰਾਏ, ਲਾਇਨ ਰਾਜੇਸ਼ ਕੁਮਾਰ ਨੇ ਕੱਲਬ ਦੀ ਨਵੀਂ ਟੀਮ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ।

# ਹੜ੍ਹਾਂ ਦੇ ਸੰਭਾਵੀ ਖਤਰੇ ਨਾਲ ਨਜਿੱਠਣ ਲਈ ਪ੍ਰਸ਼ਾਸਨ ਤਿਆਰ-ਬਰ-ਤਿਆਰ : ਡੀਸੀ



**ਗੁਰਦਾਸਪੁਰ, (ਜਨਕ ਮਹਾਜਨ)**-ਮੌਸਮ ਵਿਭਾਗ ਵੱਲੋਂ ਅਗਲੇ ਦਿਨਾਂ ਦੌਰਾਨ ਕੀਤੀ ਗਈ ਬਰਸਾਤ ਦੀ ਪੇਸ਼ੀਨਗੋਈ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਹੜ੍ਹਾਂ ਦੇ ਕਿਸੇ ਵੀ ਸੰਭਾਵੀ ਖ਼ਤਰੇ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਅਤੇ ਚੌਕਸ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਿਹਾ ਗਿਆ ਹੈ ਕਿ ਉਹ ਸਥਿਤੀ 'ਤੇ ਨੇੜੇ ਤੋਂ ਨਜ਼ਰ ਰੱਖਣ ਅਤੇ ਜਦੋਂ ਤੱਕ ਹੜ੍ਹਾਂ ਦਾ ਖ਼ਤਰਾ ਟਲ ਨਹੀਂ ਜਾਂਦਾ ਕੋਈ ਵੀ ਅਧਿਕਾਰੀ ਆਪਣਾ ਸਟੇਸ਼ਨ ਨਹੀਂ ਛੱਡੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਰਿਆਵਾਂ ਅਤੇ ਨਾਲਿਆਂ ਦੇ ਪਾਣੀ ਦੇ ਪੱਧਰ ਉੱਪਰ ਵੀ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਇਸਦੇ ਨਾਲ ਹੀ ਰਣਜੀਤ ਸਾਗਰ ਡੈਮ, ਉੱਜ ਦਰਿਆ ਅਤੇ ਪੌਂਗ ਡੈਮ 'ਚੋਂ ਕਿੰਨਾ ਪਾਣੀ ਛੱਡਿਆ ਜਾ ਰਿਹਾ ਹੈ, ਇਸ ਸਬੰਧੀ ਵੀ ਉਥੋਂ ਦੇ ਪ੍ਰਬੰਧਕਾਂ ਨਾਲ ਲਗਾਤਾਰ ਸੰਪਰਕ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਦੋਂ ਵੀ ਡੈਮਾਂ ਵਿਚੋਂ ਪਾਣੀ ਛੱਡਣ ਦੀ ਸੂਚਨਾ ਪ੍ਰਾਪਤ ਹੁੰਦੀ ਹੈ ਤਾਂ ਸਮਾਂ ਰਹਿੰਦੇ ਹੀ ਇਸਨੂੰ ਜ਼ਿਲ੍ਹਾ ਵਾਸੀਆਂ ਤੱਕ ਪਹੁੰਚਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹਾਂ ਸਬੰਧੀ ਇੱਕ ਵਿਸ਼ੇਸ਼ ਕੰਟਰੋਲ ਰੂਮ ਸਥਾਪਤ ਕੀਤਾ ਹੈ ਜੋ ਦਿਨ-ਰਾਤ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਫਲੱਡ ਕੰਟਰੋਲ ਰੂਮ ਦਾ ਨੰਬਰ 01874-266376 ਹੈ ਜਦਕਿ ਇਸ ਤੋਂ ਇਲਾਵਾ ਕੰਟਰੋਲ ਰੂਮ ਦੇ ਟੋਲ ਫਰੀ ਨੰਬਰ 1800-180-1852 ਉੱਪਰ ਲੋੜ ਪੈਣ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਰਿਆਵਾਂ ਕੰਢੇ ਰਹਿੰਦੀ ਵਸੋਂ ਨੂੰ ਸਾਵਧਾਨ ਕੀਤਾ ਜਾ ਰਿਹਾ ਹੈ ਕਿ ਉਹ ਦਰਿਆਵਾਂ ਦੇ ਨੇੜੇ ਨਾ ਜਾਣ। ਉਨ੍ਹਾਂ ਕਿਹਾ ਕਿ ਜਦੋਂ ਵੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹਾਂ ਸਬੰਧੀ ਕੋਈ ਅਲਰਟ ਜਾਂ ਹਦਾਇਤ ਜਾਰੀ ਕੀਤੀ ਜਾਂਦੀ ਹੈ ਤਾਂ ਉਸਦੀ ਪਾਲਣਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਕਿਸੇ ਤਰ੍ਹਾਂ ਦੀ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਜ਼ਿਲ੍ਹਾ ਪ੍ਰਸ਼ਾਸਨ ਹਰ ਸਥਿਤੀ ਦਾ ਟਾਕਰਾ ਕਰਨ ਲਈ ਤਿਆਰ ਅਤੇ ਸਮਰੱਥ ਹੈ।

# ਪੀਰ ਬਾਬਾ ਬੇਲੀ ਸ਼ਾਹ ਦੀ ਦਰਗਾਹ 'ਤੇ ਸਾਲਾਨਾ ਮੇਲਾ ਕਰਵਾਇਆ

**ਮਜੀਠਾ (ਸੋਇਮ ਆਨੰਦ)**-ਇਥੋਂ ਨਾਲ ਲਗਦੇ ਪਿੰਡ ਨਾਗ ਕਲਾਂ ਵਿਖੇ ਹਜ਼ਰਤ ਪੀਰ ਬਾਬਾ ਬੇਲੀ ਸ਼ਾਹ ਦੀ ਮਜ਼ਾਰ ਤੇ ਦਰਗਾਹ ਦੇ ਗੱਦੀਨਸ਼ੀਨ ਬਾਬਾ ਪਾਲ ਸ਼ਾਹ ਦੀ ਅਗਵਾਈ ਵਿਚ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ ਮੇਲਾ ਕਰਵਾਇਆ ਗਿਆ ਜਿਸ ਵਿਚ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਜਨਰਲ ਸਕੱਤਰ ਰਾਕੇਸ਼ ਕੁਮਾਰ ਅਰੋੜਾ, ਮਜੀਠਾ ਸ਼ਹਿਰੀ ਬਲਾਕ ਦੇ ਪ੍ਰਧਾਨ ਅਰੁਨ ਕੁਮਾਰ ਨੰਦਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇਲਾਕੇ ਦੇ ਮਸ਼ਹੂਰ ਕੱਵਾਲਾਂ ਅਤੇ ਸੰਗੀਤ ਪਾਰਟੀਆਂ ਵਲੋਂ ਧਾਰਮਿਕ ਗੀਤ ਅਤੇ ਕੱਵਾਲੀਆਂ ਗਾ ਕੇ ਸੰਗਤਾਂ ਦਾ ਮਨੋਰੰਜਨ ਕੀਤਾ ਗਿਆ। ਮੁੱਖ ਮਹਿਮਾਨ ਰਾਕੇਸ਼ ਕੁਮਾਰ ਅਰੋੜਾ ਮਜੀਠਾ ਅਤੇ ਅਰੁਨ ਕੁਮਾਰ ਨੰਦਾ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਮਜ਼ਾਰ ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਮੁੱਖ ਮਹਿਮਾਨ, ਸੰਗੀਤ ਪਾਰਟੀਆਂ ਅਤੇ ਹੋਰ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਸੰਗਤਾਂ ਵਾਸਤੇ ਅਤੁੱਟ ਲੰਗਰ ਭੰਡਾਰੇ ਲਗਾਏ ਗਏ। ਇਸ ਮੌਕੇ ਉਪਰੋਕਤ ਤੋਂ ਇਲਾਵਾ ਭਾਜਪਾ ਬਲਾਕ ਮਜੀਠਾ ਦੇ ਮੀਤ ਪ੍ਰਧਾਨ ਮੇਜਰ ਸਿੰਘ, ਲਲਿਤ ਬੌਬੀ ਜਨਰਲ ਸਕੱਤਰ, ਜਸਬੀਰ ਸਿੰਘ, ਡਾ: ਭਗਵਾਨ ਸਿੰਘ ਧਾਲੀਵਾਲ, ਸਲਾਮਤ ਮਸੀਹ, ਸੋਨਾ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਬਾਬਾ ਮੰਗਤ ਸਿੰਘ, ਪ੍ਰੀਤਮ ਸਿੰਘ, ਵਿਕਰਮ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਜਾਖੜ ਭਾਜਪਾ ਨੂੰ ਪੰਜਾਬ 'ਚ ਹੋਰ ਮਜ਼ਬੂਤ ਬਣਾਉਣਗੇ : ਡਾ. ਵੇਰਕਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੂੰ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਅਤੇ ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਵੇਰਕਾ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਪ੍ਰਧਾਨ ਬਣਨ ਉਪਰੰਤ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਵੇਰਕਾ ਨੇ ਕਿਹਾ ਕਿ ਸੁਨੀਲ ਜਾਖੜ ਪੰਜਾਬ ਵਿੱਚ ਭਾਜਪਾ ਨੂੰ ਸਰਵਵਿਆਪੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾਂ ਕਿਹਾ ਕਿ ਜਾਖੜ ਭਾਜਪਾ ਨੂੰ ਪੰਜਾਬ ਵਿੱਚ ਹੋਰ ਮਜ਼ਬੂਤ ਬਣਾਉਣਗੇ ਅਤੇ ਜੋ ਉਮੀਦ ਉਨ੍ਹਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਨੱਢਾ ਨੇ ਰੱਖੀ ਹੈ ਉਹ ਉਸਨੂੰ ਪੂਰਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਕਿਸੇ ਇਕ ਬੰਦੇ ਦੀ ਪਾਰਟੀ ਨਹੀਂ ਹੈ ਸਗੋਂ ਇਹ ਹਰ ਵਰਕਰ ਦੀ ਪਾਰਟੀ ਹੈ ਜਿਸ ਵਿੱਚ ਹਰ ਵਰਕਰ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਾਖੜ ਨੂੰ ਉਹ ਮਿਲ ਕੇ ਹਲਕੇ ਬਾਰੇ ਵਿਚਾਰ-ਵਟਾਂਦਰਾ ਕਰਕੇ ਆਏ ਹਨ। ਇਸ ਮੌਕੇ ਡਾਕਟਰ ਵੇਰਕਾ ਦੇ ਨਾਲ ਸਰਕਲ ਪ੍ਰਧਾਨ ਗੁਲਜਿੰਦਰ ਸਿੰਘ ਲਾਡੀ, ਰਾਜਪਾਲ ਸਿੰਘ ਰਾਜੂ ਜ਼ਿਲਾ ਕਾਰਜਕਾਰਨੀ ਮੈਂਬਰ ਬੀਜੇਪੀ ਅੰਮ੍ਰਿਤਸਰ ਵੀ ਹਾਜ਼ਰ ਸਨ।

## ਆੜ੍ਹਤੀਏ ਦਾ ਕਾਲੀ ਵੇਈਂ 'ਚ ਡੁੱਬਣ ਦਾ ਖਦਸ਼ਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਪਵਿੱਤਰ ਨਗਰੀ ਸੁਲਤਾਨਪੁਰ ਲੋਧੀ ਵਿੱਚ ਭੇਦਭਰੇ ਹਾਲਾਤਾਂ 'ਚ ਦਾਣਾ ਮੰਡੀ ਸੁਲਤਾਨਪੁਰ ਲੋਧੀ ਦੇ ਇੱਕ ਆੜ੍ਹਤੀਏ ਦੀ ਕਾਲੀ ਵੇਈਂ ਨਦੀ ਵਿਚ ਡੁੱਬਣ ਦੀ ਖਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਅਨੁਸਾਰ ਦਾਣਾ ਮੰਡੀ ਸੁਲਤਾਨਪੁਰ ਲੋਧੀ ਦੇ ਆੜ੍ਹਤੀਆ ਰਜੇਸ਼ ਕੁਮਾਰ ਪੁਰੀ ਸਵੇਰੇ ਆਪਣੇ ਸਕੂਟਰ 'ਤੇ ਘਰੋਂ ਕਿਸੇ ਕੰਮ ਲਈ ਨਿਕਲਿਆ ਸੀ ਪਰ ਕਾਫੀ ਸਮਾਂ ਬੀਤ ਜਾਣ 'ਤੇ ਉਹ ਘਰ ਵਾਪਸ ਨਹੀਂ ਆਇਆ, ਜਿਸ ਤੋਂ ਬਾਅਦ ਉਸ ਦੇ ਪਰਵਾਰ ਵਾਲਿਆਂ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਉਸ ਦਾ ਸਕੂਟਰ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਪਿਛਲੇ ਪਾਸੇ ਪਵਿੱਤਰ ਕਾਲੀ ਵੇਈਂ ਦੇ ਕੰਢੇ ਤੋਂ ਮਿਲਿਆ ਅਤੇ ਉਸ ਦੀਆਂ ਚੱਪਲਾਂ ਅਤੇ ਸਕੂਟਰ ਦੀ ਚਾਬੀ ਵੀ ਵੇਈਂ ਦੇ ਕੰਢੇ ਪਈ ਸੀ। ਪਰਵਾਰ ਵਾਲਿਆਂ ਨੂੰ ਸ਼ੱਕ ਹੈ ਕਿ ਰਾਜੇਸ਼ ਕੁਮਾਰ ਵੇਈਂ ਵਿੱਚ ਕੁੱਦ ਗਿਆ ਹੈ। ਰਿਸ਼ਤੇਦਾਰਾਂ ਨੇ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਨੂੰ ਸੂਚਨਾ ਦਿੱਤੀ। ਮੁੱਖ ਸਬ-ਇੰਸਪੈਕਟਰ ਵਰਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਪੁਲਸ ਗੋਤਾਖੋਰਾਂ ਦੀ ਮਦਦ ਨਾਲ ਆੜ੍ਹਤੀਏ ਦੀ ਲਾਸ਼ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ।

## ਸਿਹਤ ਵਿਭਾਗ ਨੇ ਪਰਵਾਰ ਨਿਯੋਜਨ ਦੇ ਸਾਧਨਾਂ ਸੰਬੰਧੀ ਕੀਤਾ ਜਾਗਰੂਕ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਡਾ.ਗੋਬਿੰਦ ਟੰਡਨ ਦੀ ਅਗਵਾਈ ਵਿੱਚ ਰਣਜੀਤਗੜ੍ਹ ਕਲੋਨੀ ਚਮਕੌਰ ਸਾਹਿਬ ਵਿਖੇ ਪਰਵਾਰ ਨਿਯੋਜਨ ਸਬੰਧੀ ਸਿਹਤ ਵਿਭਾਗ ਵੱਲੋਂ ਜਾਗਰੂਕ ਕੀਤਾ ਗਿਆ। ਅਤਿੰਦਰ ਕੌਰ ਸੀ.ਐਚ.ਓ ਨੇ ਦੱਸਿਆ ਕਿ ਸਿਹਤ ਤੇ ਪਰਵਾਰ ਭਲਾਈ ਪੰਜਾਬ ਵੱਲੋਂ ਸੂਬੇ ਅੰਦਰ 11 ਜੁਲਾਈ ਤੋਂ 24 ਜੁਲਾਈ ਤੱਕ ਪਾਪੂਲੇਸ਼ਨ ਸਥਿਰਤਾ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਸਾਡੇ ਦੇਸ਼ ਦੀ ਆਬਾਦੀ ਦਾ ਤੇਜੀ ਨਾਲ ਵੱਧਣਾ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੈ। ਉਨਾਂ ਕਿਹਾ ਕਿ ਜਿਵੇਂ-ਜਿਵੇਂ ਸਾਡੇ ਦੇਸ਼ ਦੀ ਆਬਾਦੀ ਵੱਧਦੀ ਜਾਵੇਗੀ ਉਸੇ ਤਰਾਂ ਸਾਡੇ ਕੁਦਰਤੀ ਸੋਮੇ ਪਾਣੀ, ਅਨਾਜ ਅਤੇ ਹੋਰ ਰੋਜਾਨਾਂ ਵਰਤੋਂ ਵਿੱਚ ਆਉਂਣ ਵਾਲੀਆਂ ਵਸਤਾਂ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ। ਵੱਧ ਰਹੀ ਆਬਾਦੀ 'ਤੇ ਕਾਬੂ ਪਾਉਣ ਲਈ ਲੜਕੇ ਅਤੇ ਲੜਕੀ ਦੀ ਸਹੀ ਉਮਰ ਵਿੱਚ ਸ਼ਾਦੀ, ਪਹਿਲਾ ਬੱਚਾ ਦੇਰੀ ਨਾਲ, ਬੱਚਿਆਂ ਵਿੱਚ ਘੱਟੋ-ਘੱਟ ਤਿੰਨ ਸਾਲ ਦਾ ਅੰਤਰ ਰੱਖੀਏ। ਲੜਕੇ ਅਤੇ ਲੜਕੀ ਵਿੱਚ ਫਰਕ ਨਾ ਸਮਝ ਕੇ ਸਿਰਫ ਦੋ ਹੀ ਬੱਚਿਆਂ ਨੂੰ ਜਨਮ ਦੇਈਏ ਤਾਂ ਹੀ ਅਸੀਂ ਆਬਾਦੀ ਤੇ ਕੰਟਰੋਲ ਕਰ ਸਕਦੇ ਹਾਂ। ਉਨ੍ਹਾਂ ਵੱਧ ਰਹੀ ਆਬਾਦੀ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਸ਼ਾਦੀ ਤੋਂ ਬਾਅਦ ਪਤੀ-ਪਤਨੀ ਵੱਲੋਂ ਪਰਵਾਰ ਦੀ ਯੋਜਨਾਂਬੰਦੀ ਕਰ ਲੈਣੀ ਚਾਹੀਦੀ ਹੈ। ਉਨਾਂ ਪਰਵਾਰ ਭਲਾਈ ਦੇ ਨਵੇਂ ਤਰੀਕੇ ਛਾਇਆ ਗੋਲੀ, ਅੰਤਰਾ ਟੀਕਾ ਅਤੇ 10 ਸਾਲਾ ਕਾਪਰ-ਟੀ ਅਪਣਾਉਣ 'ਤੇ ਜੋਰ ਦਿੱਤਾ । ਕੰਪਲੀਟ ਫੈਮਲੀ ਦੇ ਪਰਵਾਰਾਂ ਨੂੰ ਪੱਕੇ ਸਾਧਨ ਨਲਬੰਦੀ ਅਤੇ ਚੀਰਾ ਰਹਿਤ ਨਸਬੰਦੀ ਕਰਵਾਉਣ ਲਈ ਪ੍ਰੇਰਿਤ ਕੀਤਾ।

# ਚੀਫ਼ ਖ਼ਾਲਸਾ ਦੀਵਾਨ ਵੱਲੋਂ ਅਲੌਕਿਕ ਕੀਰਤਨ ਦਰਬਾਰ ਦਾ ਆਯੋਜਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਅਤੇ ਇਸ ਅਧੀਨ ਚਲ ਰਹੇ ਸਮੂਹ ਅਦਾਰਿਆਂ ਵੱਲੋਂ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਦੇ ਸੰਬੰਧ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਅੰਮ੍ਰਿਤਸਰ ਵਿਖੇ ਅਲੌਕਿਕ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ। ਕੀਰਤਨ ਦਰਬਾਰ ਦੇ ਸ਼ੁਭ ਅਵਸਰ ਤੇ ਸਕੂਲ ਦੇ ਵਿਹੜੇ ਨੂੰ ਫੁੱਲਾਂ ਅਤੇ ਰੰਗ ਬਿਰੰਗੀ ਰੌਸ਼ਨੀਆਂ ਨਾਲ ਬੜੀ ਖ਼ੂਬਸੂਰਤੀ ਨਾਲ ਸ਼ਿੰਗਾਰਿਆ ਗਿਆ। ਪੰਡਾਲ ਵਿੱਚ ਗੁਰਬਾਨੀ ਦੀਆਂ ਧੁਨਾਂ ਦੀ ਗੂੰਜ ਨਾਲ ਰੂਹਾਨੀ ਵਾਤਾਵਰਣ ਸਿਰਜਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਸਿੱਖੀ ਰਵਾਇਤਾਂ ਅਤੇ ਪਰੰਪਰਾਵਾਂ ਅਨੁਸਾਰ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਵੱਲੋਂ ਫੁੱਲਾਂ ਦੀ ਵਰਖਾ, ਸਕੂਲ ਬੈਂਡ ਅਤੇ ਨਰਸਿੰਙੇ ਦੀ ਗੂੰਜ ਵਿੱਚ ਵਾਤਾਨੁਕੂਲਿਤ ਦੀਵਾਨ ਵਿੱਚ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਸੁਸ਼ੋਭਿਤ ਕੀਤਾ ਗਿਆ। ਕੀਰਤਨ ਦਰਬਾਰ ਦੀ ਅਰੰਭਤਾ ਭਾਈ ਅਜੀਤ ਸਿੰਘ ਜੀ ਸੁਖਮਨੀ ਸਾਹਿਬ ਸੁਸਾਇਟੀ ਅਤੇ ਉਹਨਾਂ ਦੇ ਜੱਥੇ ਵੱਲੋਂ "ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ" ਰਸਭਿੰਨੇ ਸ਼ਬਦ ਨਾਲ ਕੀਤੀ ਗਈ । ਉਪਰੰਤ ਸੈਂਟਰਲ ਖ਼ਾਲਸਾ ਯਤੀਮਖਾਨਾ ਤੋਂ ਭਾਈ ਪ੍ਰਦੀਪ ਸਿੰਘ ਜੀ, ਬੀਬੀ ਪ੍ਰਭਜੋਤ ਕੌਰ ਜੀ. ਟੀ. ਰੋਡ ਸਕੂਲ ਜੱਥਾ, ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਬਲਵਿੰਦਰ ਸਿੰਘ ਜੀ ਰੰਗੀਲਾ (ਚੰਡੀਗੜ੍ਹ ਵਾਲੇ), ਭਾਈ ਹਰਜੋਤ ਸਿੰਘ ਜੀ ਜ਼ਖਮੀ ਅਤੇ ਭਾਈ ਗੁਰਇਕਬਾਲ ਸਿੰਘ ਜੀ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਕੀਰਤਨੀ ਜਥਿਆਂ ਨੇ ਅੰਮ੍ਰਿਤਮਈ ਰੱਬੀ ਗੁਰਬਾਨੀ ਦੀ ਛਹਿਬਰ ਲਗਾਉਂਦਿਆਂ ਹਜ਼ਾਰਾਂ ਦੀ ਗਿਣਤੀ ਵਿੱਚ ਪੁੱਜੀਆਂ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਸੰਬੰਧੀ ਪ੍ਰਦਰਸ਼ਨੀ ਵੀ ਲਗਾਈ ਗਈ।



ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਜੀ ਨੇ ਹਾਜ਼ਰ ਹੋਈਆਂ ਸੰਗਤਾਂ ਦਾ ਸੁਆਗਤ ਕਰਦਿਆ ਸਿੱਖਿਅਕ, ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿੱਚ ਦੀਵਾਨ ਦੀ ਉਪਲਬਧੀਆਂ ਅਤੇ ਅਗਾਹ ਵਿਕਾਸ ਕਾਰਜਾਂ ਦੀ ਜਾਣਕਾਰੀ ਦਿੱਤੀ। ਕੀਰਤਨ ਦਰਬਾਰ ਦਾ ਮੰਤਵ ਆਧੁਨਿਕ ਪੀੜ੍ਹੀ ਨੂੰ ਸਹੀ ਮਾਰਗ ਦਰਸ਼ਨ ਦੇਣਾ ਹੈ ਅਤੇ ਆਪਣੀ ਪੁਰਾਤਨ ਸਿੱਖ ਸਿਧਾਂਤਾਂ, ਵਿਰਾਸਤ ਨਾਲ ਜੋੜਨਾ ਹੈ। ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਭਿੰਡਰਾਂਵਾਲੇ, ਗਿਆਨੀ ਰਾਜਦੀਪ ਸਿੰਘ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਵੱਲੋਂ ਭਾਈ ਸਾਹਿਬ ਭਾਈ ਗੁਰਪ੍ਰੀਤ ਸਿੰਘ, ਬਾਬਾ ਕਸ਼ਮੀਰ ਸਿੰਘ ਡੇਰਾ ਬਾਬਾ ਭੂਰੀ ਵਾਲਿਆਂ ਵੱਲੋਂ ਬਾਬਾ ਸੁੱਖਾ ਸਿੰਘ ਵਿਸ਼ੇਸ਼ ਤੌਰ ਤੇ ਪੁੱਜੇ ਜਿਨ੍ਹਾਂ ਨੂੰ ਦੀਵਾਨ ਦੀ ਪ੍ਰਬੰਧਕੀ ਕਮੇਟੀ ਵੱਲੋਂ ਉਨ੍ਹਾਂ ਦੀਆਂ ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਨਿਭਾਈਆਂ ਗਈਆਂ ਵੱਡਮੁੱਲੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ। ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੁੱਜੇ ਡੀਸੀਪੀ ਪਰਮਿੰਦਰ ਸਿੰਘ ਭੰਡਾਲ ਅਤੇ ਅਮਰੀਕਨ ਪੁਲਸ ਵਿੱਚ ਸੇਵਾ ਕਰ ਰਹੇ ਜੁਝਾਰ ਸਿੰਘ ਦਾ ਵੀ ਸਨਮਾਨ ਕੀਤਾ ਗਿਆ। ਗਿਆਨੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਦੀਵਾਨ ਵੱਲੋਂ ਪੰਥਕ ਅਤੇ ਵਿੱਦਿਅਕ ਖੇਤਰ ਵਿੱਚ ਕੀਤੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਪ੍ਰਸ਼ਾਸਨਿਕ ਉਚ ਅਹੁਦਿਆਂ ਤੇ ਸਿੱਖਾਂ ਦੀ ਚੜ੍ਹਤ ਬਣਾਉਣ ਅਤੇ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਕੀਰਤਨ ਦਰਬਾਰ ਦੇ ਇਸ ਪਾਵਨ ਮੌਕੇ ਤੇ ਡੇਰਾ ਬਾਬਾ ਭੂਰੀ ਵਾਲਿਆਂ ਵੱਲੋਂ ਲੰਗਰ ਦੀ ਅਤੁੱਟ ਸੇਵਾ ਨਿਭਾਈ ਗਈ। ਸ. ਜਗਜੀਤ ਸਿੰਘ ਮੀਤ ਪ੍ਰਧਾਨ ਅਤੇ ਮੈਂਬਰ ਇੰਚਾਰਜ ਮੁੱਖ ਦਫ਼ਤਰ ਅਤੇ ਜਾਇੰਟ ਸੱਕਤਰ ਸੁਖਜਿੰਦਰ ਸਿੰਘ ਪ੍ਰਿੰਸ ਨੇ ਕੀਰਤਨ ਦਰਬਾਰ ਵਿੱਚ ਸ਼ਾਮਿਲ ਸੰਗਤਾਂ, ਵਾਹਿਗੁਰੂ ਸਿਮਰਨ ਸੁਸਾਇਟੀ, ਸੁਖਮਨੀ ਸੇਵਾ ਸੁਸਾਇਟੀ, ਸੇਵਕ ਸਭਾ ਸੁਸਾਇਟੀ ਅਤੇ ਹੋਰ ਧਾਰਮਿਕ ਸਭਾ ਸੁਸਾਇਟੀਆਂ, ਸ਼ਹਿਰ ਦੀ ਪੁਲਸ ਅਤੇ ਪ੍ਰਸ਼ਾਸਨ ਵੱਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ। ਤਜਿੰਦਰ ਸਿੰਘ (ਸਰਦਾਰ ਪਗੜੀ ਹਾਊਸ) ਵੱਲੋਂ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਜੀਵਨ ਸੰਬੰਧੀ ਚਾਨਣਾ ਪਾਇਆ ਗਿਆ। ਲੰਗਰ ਦੇ ਪੱਤਲਾਂ ਦੀ ਸੇਵਾ ਇਕਜੋਤ ਸੇਵਾ ਸੁਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਘੁੱਲਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੀਤੀ ਗਈ। ਐਡੀ: ਸੱਕਤਰ ਜਸਪਾਲ ਸਿੰਘ ਢਿੱਲੋਂ. ਪ੍ਰੋ ਵਰਿਆਮ ਸਿੰਘ, ਹਰਜੀਤ ਸਿੰਘ ਤਰਨਤਾਰਨ, ਸੁਖਦੇਵ ਸਿੰਘ ਮੱਤੇਵਾਲ, ਮਨਮੋਹਨ ਸਿੰਘ, ਦੀਵਾਨ ਦੇ ਮੈਂਬਰ ਤਜਿੰਦਰ ਸਿੰਘ (ਸਰਦਾਰ ਪਗੜੀ ਹਾਊਸ), ਹਰਮਨਜੀਤ ਸਿੰਘ, ਇੰਦਰਜੀਤ ਸਿੰਘ ਅੜੀ, ਰਜਿੰਦਰ ਸਿੰਘ ਮਰਵਾਹਾ, ਗੁਰਪ੍ਰੀਤ ਸਿੰਘ ਸੇਠੀ, ਹਿਰਦੇਪਾਲ ਸਿੰਘ ਸੇਠੀ, ਅਵਤਾਰ ਸਿੰਘ ਘੁੱਲਾ, ਡਾ: ਆਤਮਜੀਤ ਸਿੰਘ ਬਸਰਾ, ਅਮਰਦੀਪ ਸਿੰਘ ਮਹਵਾਹਾ, ਹਰਵਿੰਦਰ ਸਿੰਘ ਚੁੱਘ, ਨਵਤੇਜ ਸਿੰਘ ਨਾਰੰਗ, ਸਰਬਜੋਤ ਸਿੰਘ, ਮਨਪ੍ਰੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ।

## ਮਨਮੋਹਨ ਸੈਣੀ ਦੇ ਸੇਵਾਮੁਕਤ ਹੋਣ ਦਾ ਸਮਾਗਮ ਇਤਿਹਾਸਕ ਬਣਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਅਧਿਆਪਕ ਮਨਮੋਹਨ ਸੈਣੀ ਦੀ ਸੇਵਾਮੁਕਤੀ ਨੂੰ 25 ਸਾਲ ਪੂਰੇ ਹੋਣ 'ਤੇ ਵਿਦਾਇਗੀ ਸਮਾਰੋਹ ਇਤਿਹਾਸਕ ਬਣ ਗਿਆ। ਲੋਕਾਂ ਦਾ ਪਿਆਰ ਅਜਿਹਾ ਸੀ ਕਿ ਸਾਰਾ ਇਲਾਕਾ ਆਪਣੇ ਅਧਿਆਪਕ ਨੂੰ ਵਿਦਾਈ ਦੇਣ ਲਈ ਉਮੜ ਪਿਆ। ਏਨੇ ਤੋਹਫ਼ੇ ਕਿ ਗੁਰੂ ਜੀ ਨੂੰ ਆਪਣੇ ਘਰ ਲਿਆਉਣ ਲਈ ਇੱਕ ਮਿੰਨੀ ਮਾਲ ਟਰੱਕ ਕਿਰਾਏ 'ਤੇ ਲੈਣਾ ਪਿਆ। ਡੀ ਆਈ ਈ ਟੀ ਹੁਸ਼ਿਆਰਪੁਰ ਦੇ ਸੀਨੀਅਰ ਲੈਕਚਰਾਰ ਮਨਮੋਹਨ ਸੈਣੀ ਨੂੰ ਉਨ੍ਹਾਂ ਦੀ ਸੇਵਾਮੁਕਤੀ 'ਤੇ ਵਿਦਾਇਗੀ ਦਾ ਸਾਰਾ ਪ੍ਰੋਗਰਾਮ ਆਪਣੇ ਆਪ ਵਿਚ ਇਤਿਹਾਸਕ ਬਣ ਗਿਆ। ਅਧਿਆਪਕ ਸਾਥੀਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪੜ੍ਹਾਏ ਕਈ ਵਿਦਿਆਰਥੀ ਅੱਜ ਕਈ ਉੱਚ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੇ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸੰਜੀਵ ਗੌਤਮ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਸਿੱਖਿਆ ਦੇ ਖੇਤਰ ਵਿੱਚ ਜ਼ਿਕਰਯੋਗ ਕੰਮ ਕੀਤਾ ਹੈ ਜਿਸ ਨੂੰ ਅਸੀਂ ਕਦੇ ਨਹੀਂ ਭੁੱਲਾਂਗੇ। ਉਨ੍ਹਾਂ ਦੀ ਸੇਵਾਮੁਕਤੀ ਮੌਕੇ ਪਿੰਡ ਵਾਸੀਆਂ ਦੀ ਭਾਰੀ ਭੀੜ ਨੇ ਵੀ ਉਨ੍ਹਾਂ ਨੂੰ ਕਈ ਤੋਹਫ਼ੇ ਦਿੱਤੇ ਅਤੇ ਹਾਰਾਂ ਨਾਲ ਲੱਦ ਦਿੱਤਾ। ਇਸ ਤਰ੍ਹਾਂ ਆਸ-ਪਾਸ ਦੇ ਪਿੰਡਾਂ ਦੇ ਸੈਂਕੜੇ ਲੋਕਾਂ ਨੂੰ ਸ਼ਾਲ, ਸ਼੍ਰੀਫਲ ਅਤੇ ਹੋਰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਸਾਰਿਆਂ ਨੇ ਆਪਣੇ ਆਪਣੇ ਤਰੀਕੇ ਨਾਲ ਯਾਦਗਾਰੀ ਚਿੰਨ੍ਹ ਭੇਟ ਕਰਕੇ ਆਪਣੇ ਉੱਤਮ ਅਧਿਆਪਕ ਨੂੰ ਵਿਦਾਇਗੀ ਦਿੱਤੀ। ਮਨਮੋਹਨ ਸੈਣੀ ਦੀ ਸੇਵਾਮੁਕਤੀ ਉਪਰੰਤ ਕਰਵਾਏ ਗਏ ਸ਼ਾਨਦਾਰ ਸਮਾਗਮ ਵਿੱਚ ਡਾਈਟ ਦੇ ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ। ਇਸ ਮੌਕੇ ਹਾਜ਼ਰ ਲੋਕਾਂ ਨੂੰ ਕ੍ਰਿਸ਼ਨ ਗੋਪਾਲ, ਮਨੋਜ ਦੱਤਾ, ਯਤਿੰਦਰ ਕੁਮਾਰ ਆਦਿ ਨੇ ਸੰਬੋਧਨ ਕੀਤਾ।

# ਲੋਕ-ਪੱਖੀ ਨੀਤੀਆਂ ਸਦਕਾ ਰਵਾਇਤੀ ਪਾਰਟੀਆਂ ਦੇ ਆਗੂ 'ਆਪ' 'ਚ ਹੋ ਰਹੇ ਨੇ ਸ਼ਾਮਲ : ਸ਼ੈਰੀ ਕਲਸੀ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਆਮ ਆਦਮੀ ਪਾਰਟੀ ਲੋਕਾਂ ਦੀ ਪਾਰਟੀ ਹੈ ਅਤੇ ਇਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ। ਇਹ ਪ੍ਰਗਟਾਵਾ ਹਲਕਾ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸ਼ਿਵ ਸੈਨਾ (ਸਮਾਜਵਾਦੀ) ਦੇ ਜ਼ਿਲ੍ਹਾ ਪ੍ਰਧਾਨ ਵਿਜੈ ਪ੍ਰਭਾਕਰ ਤੇ ਉਨਾਂ ਦੇ ਕਈ ਪਰਿਵਾਰਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਉਪਰੰਤ ਕੀਤਾ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਹ ਆਪ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਭਰਵਾਂ ਸਵਾਗਤ ਕਰਦੇ ਹਨ ਅਤੇ ਪਾਰਟੀ ਵਿੱਚ ਉਨ੍ਹਾਂ ਦਾ ਮਾਣ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿ ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਦੇ ਆਗੂ/ਵਰਕਰ, ਦਿਨੋ-ਦਿਨ ਆਪ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਤੇ ਆਪ ਪਾਰਟੀ ਦਾ ਕਾਫਲਾ ਲਗਾਤਾਰ ਵੱਧ ਰਿਹਾ ਹੈ ਪੰਜਾਬ ਸਰਕਾਰ ਦੇ ਵਿਕਾਸ ਕੰਮਾਂ ਦੀ ਗੱਲ ਕਰਦਿਆਂ ਉਨਾਂ ਦੱਸਿਆ ਕਿ ਮਹਿਜ 15 ਮਹੀਨਿਆਂ ਦੇ ਕਾਰਜਕਾਲ ਦੌਰਾਨ ਹਰੇਕ ਵਰਗ ਦੀ ਭਲਾਈ ਲਈ ਵਿਸ਼ੇਸ ਉਪਰਾਲੇ ਕੀਤੇ ਗਏ ਹਨ, ਜੋ ਪਹਿਲੀਆਂ ਸਰਕਾਰਾਂ ਕਰਨ ਵਿੱਚ ਅਸਫਲ ਰਹੀਆਂ ਹਨ। ਸਿੱਖਿਆ, ਸਿਹਤ, ਬਿਜਲੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਲੋਕ ਹਿੱਤ ਲਈ ਵੱਡੇ ਕਾਰਜ ਕੀਤੇ ਹਨ ਅਤੇ ਲੋਕਹਿੱਤ ਲਈ ਕਾਰਜ ਹੋਰ ਤੇਜ਼ੀ ਨਾਲ ਕੀਤੇ ਜਾਣਗੇ। ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ 'ਤੇ ਸ਼ਿਵ ਸੈਨਾ (ਸਮਾਜਵਾਦੀ) ਦੇ ਜ਼ਿਲ੍ਹਾ ਪ੍ਰਧਾਨ ਵਿਜੈ ਪ੍ਰਭਾਕਰ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਅੰਦਰ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਕੀਤੇ ਜਾ ਰਹੇ ਹਨ, ਜੋ ਪਹਿਲਾਂ ਵੇਖਣ ਨੂੰ ਨਹੀਂ ਮਿਲੇ ਹਨ। ਇਸ ਮੌਕੇ ਬ੍ਰਾਹਮਣ ਸਭਾ ਪ੍ਰਧਾਨ ਨਿਸ਼ਕਾਮ ਸਮਾਜ ਸੇਵਾ ਸੁਸਾਇਟੀ ਨਰਿੰਦਰ ਵਰਮਾ, ਜ਼ਿਲ੍ਹਾ ਚੇਅਰਮੈਨ ਮਿੱਠੂ ਬਾਜਵਾ, ਵਾਈਸ ਪ੍ਰਧਾਨ ਹਰਪਾਲ ਸਿੰਘ, ਇੰਦਰਜੀਤ ਸਿੰਘ, ਅੰਕਿਤ ਪ੍ਰਭਾਕਰ, ਗੋਰਵ ਸ਼ਰਮਾ, ਲਵਲ ਮਹਾਜਨ, ਬਬਰ ਕੁਮਾਰ, ਪ੍ਰਿਥਵੀ ਪ੍ਰਕਾਸ਼, ਰਾਕੇਸ਼ ਕੁਮਾਰ, ਜਗਰੂਪ ਸਿੰਘ, ਸਾਹਿਲ ਸ਼ਰਮਾ, ਬਲਦੀਪ ਸਿੰਘ, ਸਿਮਰਜੀਤ ਸਿੰਘ, ਅਮਨ ਗਿੱਲ, ਵੰਸ਼ ਰਾਜਪੂਤ, ਚਾਂਦ ਕਪੂਰ, ਕਰਨ ਸ਼ਰਮਾ, ਸੁਰਤਦੀਪ, ਸਰਬਜੀਤ ਸਿੰਘ, ਗੋਪਾਲ ਸ਼ਰਮਾ, ਰਮੇਸ਼ ਕੁਮਾਰ, ਜਤਿੰਦਰ ਸ਼ਰਮਾ, ਸੋਨੂ, ਗੁਰਪ੍ਰੀਤ ਗੋਪੀ ਤੇ ਹੀਰਾ ਲਾਲ ਆਦਿ ਮੌਜੂਦ ਸਨ।

# ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ 'ਚ ਕੌਮੀ ਲੋਕ ਅਦਾਲਤ 9 ਸਤੰਬਰ ਨੂੰ : ਅੱਗਰਵਾਲ



**ਬਟਾਲਾ, (ਡਾ. ਮਲਵਿੰਦਰ ਸਿੰਘ)**—ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵਲੋਂ ਜਾਣਕਾਰੀ ਦਿੱਤੀ ਗਈ ਕਿ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ. ਏ. ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ 9 ਸਤੰਬਰ 2023 ਨੂੰ ਲਗਾਈ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ 138 ਐੱਨ. ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐੱਮ. ਏ. ਸੀ. ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ। ਉਨਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿੱਚ ਜਾਂ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਦੇ ਕਮਰਾ ਨੰਬਰ 102 ਵਿਖੇ ਦੇ ਸਕਦਾ ਹੈ। ਉਨਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫੈਸਲਾ ਅੰਤਿਮ ਹੁੰਦਾ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਨੇ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬੱਚਤ ਹੁੰਦੀ ਹੈ, ਉਥੇ ਦੋਹਾਂ ਧਿਰਾਂ ਵਿੱਚ ਪ੍ਰੇਮ-ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ। ਜੇਕਰ ਲੋਕ ਅਦਾਲਤ ਵਿੱਚ ਕੇਸ ਦਾ ਫੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿੱਚ ਲੱਗੀ ਕੋਰਟ ਫੀਸ ਵਾਪਿਸ ਹੋ ਜਾਂਦੀ ਹੈ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

ਨਵਾਂ ਜ਼ਮਾਨਾ
ਮੰਗਲਵਾਰ, 18 ਜੁਲਾਈ 2023

# ਗੁਜਰਾਤੀਆਂ ਦਾ ਡਰ

ਇਕ ਹਾਲੀਆ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਗੁਜਰਾਤ 'ਚ ਲਗਭਗ ਤਿੰਨ ਵਿੱਚੋਂ ਦੋ ਲੋਕ ਆਪਣੀ ਸਿਆਸੀ ਤੇ ਸਮਾਜੀ ਰਾਇ ਆਨਲਾਈਨ ਪ੍ਰਗਟ ਕਰਨ ਤੋਂ ਝਿਜਕਦੇ ਹਨ। ਐੱਨ ਜੀ ਓ 'ਕਾਮਨ ਕਾਜ਼' ਤੇ 'ਲੋਕਨੀਤੀ' ਵੱਲੋਂ ਤਿਆਰ ਕੀਤੀ ਗਈ ਸਰਵੇ ਰਿਪੋਰਟ ਤੋਂ ਪਤਾ ਚਲਦਾ ਹੈ ਕਿ ਇਸ ਪਿੱਛੇ ਕਾਨੂੰਨੀ ਕਾਰਵਾਈ ਦਾ ਡਰ ਹੈ। ਐੱਨ ਜੀ ਓ ਨੇ 'ਸਟੇਟਸ ਆਫ ਪੁਲੀਸਿੰਗ ਇਨ ਇੰਡੀਆ ਰਿਪੋਰਟ 2023' ਨਾਮੀ ਰਿਪੋਰਟ ਵਿਚ ਗੁਜਰਾਤ 'ਚ ਇੰਟਰਨੈੱਟ ਯੂਜ਼ਰਜ਼ ਦੇ ਵਿਹਾਰ ਨੂੰ ਪਰਖਿਆ। ਸਰਵੇਖਣ ਵਿਚ ਸ਼ਾਮਲ 33 ਫੀਸਦੀ ਲੋਕ ਆਪਣੀ ਸਿਆਸੀ ਰਾਇ ਆਨਲਾਈਨ ਪ੍ਰਗਟ ਕਰਕੇ ਕਾਨੂੰਨੀ ਕਾਰਵਾਈ ਹੋਣ ਬਾਰੇ ਕਾਫੀ ਡਰੇ ਹੋਏ ਨਜ਼ਰ ਆਏ। ਜਿੱਥੇ ਬਹੁਤੇ ਉੱਤਰਦਾਤਿਆਂ ਨੇ ਸਿਆਸੀ ਵਿਰੋਧ ਪ੍ਰਦਰਸ਼ਨਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਮੋਬਾਇਲ ਫੋਨ ਦੀ ਨਿਗਰਾਨੀ ਦੀ ਹਮਾਇਤ ਕੀਤੀ, ਉਥੇ ਕਈ ਲੋਕਾਂ ਨੇ ਕਾਨੂੰਨੀ ਪ੍ਰਤੀਕ੍ਰਿਆ ਦੇ ਡਰੋਂ ਆਪਣੀ ਸਮਾਜੀ ਤੇ ਸਿਆਸੀ ਰਾਇ ਨੂੰ ਖੁੱਲ੍ਹੇ ਤੌਰ 'ਤੇ ਆਨਲਾਈਨ ਪ੍ਰਗਟ ਕਰਨ ਦੀ ਆਪਣੀ ਸਥਿਤੀ 'ਤੇ ਚਿੰਤਾ ਪ੍ਰਗਟਾਈ। 'ਲੋਕਨੀਤੀ' ਦੀ ਗੁਜਰਾਤ ਕੋਆਰਡੀਨੇਟਰ ਮਹਾਸ਼ਵੇਤਾ ਜਾਨੀ ਨੇ ਕਿਹਾ—ਜਦੋਂ ਇਕ ਹੀ ਪਾਰਟੀ ਰਾਜ 'ਚ ਲੰਮੇ ਸਮੇਂ ਤੱਕ ਸ਼ਾਸਨ ਕਰਦੀ ਹੈ ਤਾਂ ਲੋਕਾਂ ਵਿਚ ਨਿਗਰਾਨੀ ਦਾ ਡਰ ਬਹੁਤ ਸੁਭਾਵਕ ਹੈ। ਗੁਜਰਾਤ ਵਿਚ ਨਿਰੰਕੁਸ਼ ਸ਼ਾਸਨ ਕਾਰਨ ਲੋਕ ਆਪਣੀ ਸਿਆਸੀ ਰਾਇ ਪ੍ਰਗਟ ਕਰਨ ਤੋਂ ਡਰਦੇ ਹਨ। ਸਰਵੇ ਵਿਚ ਪਾਇਆ ਗਿਆ ਕਿ ਰਾਜਧਾਨੀ ਗਾਂਧੀਨਗਰ 'ਚ ਭਾਰਤ 'ਚ ਸਭ ਤੋਂ ਵੱਧ ਸੀ ਸੀ ਟੀ ਵੀ ਹਨ। ਸਰਵੇਖਣ ਦੌਰਾਨ ਲੋਕਾਂ ਨੂੰ ਪੁੱਛਿਆ ਗਿਆ ਕਿ ਜੇ ਉਨ੍ਹਾਂ ਦੀ ਸੋਸ਼ਲ ਮੀਡੀਆ ਪੋਸਟ ਕਿਸੇ ਸਿਆਸੀ ਜਾਂ ਸਮਾਜੀ ਵਿਸ਼ੇ 'ਤੇ ਕੁਝ ਸਮੂਹਾਂ ਨੂੰ ਠੇਸ ਪਹੁੰਚਾਉਂਦੀ ਹੈ ਤਾਂ ਕੀ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਦਾ ਡਰ ਰਹਿੰਦਾ ਹੈ। ਬਹੁਤੇ ਉੱਤਰਦਾਤਿਆਂ ਨੇ ਇਸ ਦਾ ਜਵਾਬ 'ਹਾਂ' ਵਿਚ ਦਿੱਤਾ। 33 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਸਿਆਸੀ ਜਾਂ ਸਮਾਜੀ ਰਾਇ ਆਨਲਾਈਨ ਸਾਂਝੀ ਕਰਨ 'ਤੇ ਕਾਨੂੰਨੀ ਸਜ਼ਾ ਤੋਂ ਬਹੁਤ ਡਰਦੇ ਹਨ। 46 ਫੀਸਦੀ ਨੇ ਕਿਹਾ ਕਿ ਉਹ ਕੁਝ ਹੱਦ ਤੱਕ ਡਰੇ ਹੋਏ ਹਨ। ਲਗਭਗ 9 ਫੀਸਦੀ ਨੇ ਕਿਹਾ ਕਿ ਉਹ ਘੱਟ ਡਰੇ ਹੋਏ ਹਨ, ਜਦਕਿ ਸਿਰਫ 8 ਫੀਸਦੀ ਨੇ ਕਿਹਾ ਕਿ ਉਹ ਬਿਲਕੁਲ ਵੀ ਡਰੇ ਹੋਏ ਨਹੀਂ ਹਨ।

ਗੁਜਰਾਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਦਾ ਜੱਦੀ ਸੂਬਾ ਹੈ।

# ਜਮਾਤੀ ਸੰਘਰਸ਼ ਸਮਾਜਿਕ ਵਿਕਾਸ ਦੀ 'ਚਾਲਕ ਸ਼ਕਤੀ'


ਪਵਨ ਕੁਮਾਰ ਕੌਸ਼ਲ

ਜਮਾਤੀ ਸੰਘਰਸ਼ ਬਾਰੇ ਮਾਰਕਸ ਦਾ ਕਹਿਣਾ ਹੈ, 'ਹਰ ਜਮਾਤੀ ਸੰਘਰਸ਼ ਸਿਆਸੀ ਸੰਘਰਸ਼ ਹੁੰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜੇਕਰ ਅੱਜ ਪ੍ਰੋਲੇਤਾਰੀ ਅਤੇ ਸਰਮਾਏਦਾਰ ਇੱਕ-ਦੂਜੇ ਦੇ ਖਿਲਾਫ ਆਰਥਿਕ ਸੰਘਰਸ਼ ਕਰ ਰਹੇ ਹਨ, ਤਾਂ ਉਹ ਕੱਲ੍ਹ ਨੂੰ ਇੱਕ ਸਿਆਸੀ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ਅਤੇ ਇਸ ਤਰ੍ਹਾਂ ਦੋ ਰੂਪਾਂ ਵਾਲੇ ਸੰਘਰਸ਼ ਵਿੱਚ ਆਪਣੇ-ਆਪਣੇ ਜਮਾਤੀ ਹਿੱਤਾਂ ਦੀ ਰੱਖਿਆ ਕਰਨਗੇ। ਹਰ ਆਰਥਿਕ ਮੰਗ ਦਾ ਪਿਛੋਕੜ ਸਿਆਸੀ ਹੁੰਦਾ ਹੈ। ਬੁਰਜੂਆਜ਼ੀ ਦੀ ਏਕਤਾ ਨੂੰ ਕੇਵਲ ਪ੍ਰੋਲੇਤਾਰੀ ਦੀ ਏਕਤਾ ਹੀ ਹਿਲਾ ਸਕਦੀ।'

ਸਰਮਾਏਦਾਰੀ ਦੀ ਹੋਂਦ ਦੀ ਬੁਨਿਆਦ ਮੁਨਾਫੇ ਉਪਰ ਟਿਕੀ ਹੋਈ ਹੈ। ਮੁਨਾਫੇ ਲਈ ਇਹ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ ਅਤੇ ਮੁਨਾਫੇ ਲਈ ਆਪਣੀ ਪੈਦਾਵਾਰ ਲਈ ਮੰਡੀ ਦਾ ਵਿਸਥਾਰ ਕਰਦੀ ਹੈ। ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ ਵਿੱਚ ਮਾਰਕਸ ਅਤੇ ਏਂਜਲਜ਼ ਲਿਖਦੇ ਹਨ, 'ਬੁਰਜੂਆਜ਼ੀ/ਸਰਮਾਏਦਾਰੀ ਪੈਦਾਵਾਰ ਦੇ ਸਾਧਨਾਂ ਵਿੱਚ ਲਗਾਤਾਰ ਕ੍ਰਾਂਤੀ ਲਿਆਏ ਬਿਨਾਂ ਹੋਂਦ ਵਿੱਚ ਨਹੀਂ ਆ ਸਕਦੀ ਅਤੇ ਆਪਣੇ ਉਤਪਾਦਾਂ ਲਈ ਲਗਾਤਾਰ ਵਧਦੇ ਬਾਜ਼ਾਰ/ਮੰਡੀ ਦੀ ਲੋੜ ਦੁਨੀਆ ਦੀ ਪੂਰੀ ਸੱਤਾ 'ਤੇ ਬੁਰਜੂਆਜ਼ੀ ਦਾ ਪਿੱਛਾ ਕਰਦੀ ਹੈ। ਇਹ ਹਰ ਥਾਂ ਆਪਣੇ ਟਿਕਾਣੇ ਬਣਾਉਂਦੀ ਹੈ, ਹਰ ਥਾਂ ਸਬੰਧ ਸਥਾਪਤ ਕਰਦੀ ਹੈ।'

ਜਿਨ੍ਹਾਂ ਹਥਿਆਰਾਂ ਨਾਲ ਬੁਰਜੂਆਜ਼ੀ ਨੇ ਜਗੀਰਦਾਰੀ ਨੂੰ ਜ਼ਮੀਨ 'ਤੇ ਸੁੱਟ ਦਿੱਤਾ ਸੀ, ਉਹ ਹੁਣ ਖੁਦ ਬੁਰਜੂਆਜ਼ੀ ਦੇ ਵਿਰੁੱਧ ਹੋ ਗਏ ਹਨ, ਪਰ ਬੁਰਜੂਆਜ਼ੀ ਨੇ ਨਾ ਸਿਰਫ਼ ਆਪਣੇ ਲਈ ਮੌਤ ਲਿਆਉਣ ਵਾਲੇ ਹਥਿਆਰ ਬਣਾ ਲਏ ਹਨ। ਇਸ ਨੇ ਉਹਨਾਂ ਮਨੁੱਖਾਂ ਨੂੰ ਵੀ ਹੋਂਦ ਵਿੱਚ ਲਿਆਂਦਾ ਹੈ, ਜਿਹਨਾਂ ਨੇ ਉਹਨਾਂ ਹਥਿਆਰਾਂ ਨੂੰ ਚਲਾਉਣਾ ਹੈ।

ਵਿੱਤੀ ਬਾਜ਼ਾਰਾਂ, ਉਤਪਾਦਨ ਵਿੱਚ ਗਿਰਾਵਟ, ਰਾਜ ਸੰਸਥਾਵਾਂ ਦਾ ਪਤਨ ਅਤੇ ਮੁਨਾਫਾ-ਸੰਚਾਲਿਤ ਯੁੱਧ ਅਰਥਚਾਰੇ ਦੇ ਤੇਜ਼ੀ ਨਾਲ ਵਿਕਾਸ ਨਾਲ ਸੰਬੰਧਤ ਵਿਸ਼ਵ ਆਰਥਿਕ ਸੰਕਟ ਦੇ ਅੰਤਰਗਤ ਬਹੁਤ ਸਾਰੀਆਂ ਗੁੰਝਲਦਾਰ ਵਿਸ਼ੇਸ਼ਤਾਵਾਂ ਹਨ। 'ਸੰਸਥਾਗਤ ਸੱਟੇਬਾਜ਼' ਇਕੁਇਟੀ ਅਤੇ ਮੁਦਰਾ ਬਾਜ਼ਾਰਾਂ ਦੀ ਜਾਣਬੁਝ ਕੇ ਹੇਰਾਫੇਰੀ ਵਿੱਚ ਸ਼ਮੂਲੀਅਤ ਹੈ ।

ਭਾਰਤ ਸਮੇਤ ਵਿਸ਼ਵ ਦੀਆਂ ਸਾਰੀਆਂ ਪੂੰਜੀਵਾਦੀ ਸਰਕਾਰਾਂ ਮਜ਼ਦੂਰਾਂ ਦੇ ਕਰੜੇ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ ਅਧਿਕਾਰ ਵੀ ਖੋਹ ਰਹੀਆਂ ਹਨ। ਖੋਹੇ ਅਧਿਕਾਰਾਂ ਨੂੰ ਬਹਾਲ ਕਰਵਾਉਣ ਲਈ ਕਾਮੇ ਮੁੜ ਸੰਘਰਸ਼ ਕਰਨ ਲਈ ਮਜਬੂਰ ਹੋ ਰਹੇ ਹਨ। ਵਿਸ਼ਵ ਭਰ 'ਚ ਹੜਤਾਲਾਂ ਅਤੇ ਮੁਜ਼ਾਹਰੇ ਹੋ ਰਹੇ ਹਨ, ਜਿਨ੍ਹਾਂ ਨੇ ਪੂੰਜੀਵਾਦੀ ਸਰਕਾਰਾਂ ਨੂੰ ਹਿਲਾ ਕੇ ਰੱਖ ਦੇਣ ਵਾਲੀਆਂ ਵੱਡੀਆਂ ਹੜਤਾਲਾਂ ਅਤੇ ਜਨ-ਸੰਘਰਸ਼ਾਂ ਨੂੰ ਅੱਗੇ ਲਿਆਂਦਾ।

ਇਨ੍ਹਾਂ ਪ੍ਰਦਰਸ਼ਨਾਂ ਨੇ ਦਿਖਾਇਆ ਕਿ ਇਨਕਲਾਬ ਵਿਰੋਧੀ, ਕਠੋਰ ਅੱਤਿਆਚਾਰ, ਸਖ਼ਤ ਨੀਤੀਆਂ ਅਤੇ ਟਰੇਡ ਯੂਨੀਅਨ ਕਾਨੂੰਨਾਂ, ਟਰੇਡ ਯੂਨੀਅਨਾਂ 'ਤੇ ਪਾਬੰਦੀ ਅਤੇ ਕਮਿਊਨਿਸਟ ਪਾਰਟੀਆਂ ਅਤੇ ਸੰਸਥਾਵਾਂ, ਸਮਾਜਿਕ ਵਿਰੋਧਤਾਈਆਂ ਵਿਕਾਸ ਵਿੱਚ ਫੈਲਦੀਆਂ ਹਨ, ਉਹ ਉਦੋਂ ਪ੍ਰਗਟ ਹੋ ਸਕਦੀਆਂ ਹਨ, ਜਦੋਂ ਸਹੀ ਸਥਿਤੀਆਂ ਬਣ ਜਾਂਦੀਆਂ ਹਨ, ਸ਼ਕਤੀਸ਼ਾਲੀ ਵਿਸ਼ੇਸ਼ਤਾਵਾਂ ਨੂੰ ਗ੍ਰਹਿਣ ਕਰਦੀਆਂ ਹਨ ਅਤੇ ਮਜ਼ਦੂਰ ਜਮਾਤ ਅਤੇ ਸਰਮਾਏਦਾਰੀ ਵਿਚਕਾਰ ਇੱਕ ਸਮਾਜਿਕ ਟਕਰਾਅ ਵਿੱਚ ਤਬਦੀਲ ਹੋ ਜਾਂਦੀਆਂ ਹਨ, ਸਮਾਜਿਕ ਵਿਕਾਸ ਦੀ ਪ੍ਰੇਰਕ ਸ਼ਕਤੀ ਵਜੋਂ ਜਮਾਤੀ ਸੰਘਰਸ਼ ਦਾ ਇੱਕ ਬਾਹਰਮੁਖੀ ਅਧਾਰ ਹੁੰਦਾ ਹੈ ਅਤੇ ਇਹ ਸ਼ੋਸ਼ਿਤ ਵਰਗ ਅਤੇ ਉਹਨਾਂ ਦਾ ਸ਼ੋਸ਼ਣ ਕਰਨ ਵਾਲਿਆਂ ਵਿਚਕਾਰ ਅਟੁੱਟ ਟਕਰਾਅ ਨੂੰ ਪ੍ਰਗਟ ਕਰਦਾ ਹੈ।

ਮਜ਼ਦੂਰ-ਮੁਲਾਜ਼ਮ ਵਿਰੋਧੀ ਪੈਨਸ਼ਨ ਸੁਧਾਰਾਂ ਨੂੰ ਲੈ ਕੇ ਅੱਜ ਫਰਾਂਸ ਸੰਘਰਸ਼ ਦਾ ਕੇਂਦਰ ਬਣਦਾ ਜਾ ਰਿਹਾ ਹੈ। ਫਰਾਂਸ ਪਹਿਲਾਂ ਵੀ ਕਈ ਇਨਕਲਾਬੀ ਜਮਾਤੀ ਸੰਘਰਸ਼ਾਂ ਨੂੰ ਜਨਮ ਦੇ ਚੁੱਕਾ ਹੈ। ਮਜ਼ਦੂਰ ਜਮਾਤ ਦਾ ਵਿਸ਼ਵ ਦਾ ਪਹਿਲਾ ਰਾਜ 'ਪੈਰਿਸ ਕਮਿਊਨ' ਜਮਾਤੀ ਘੋਲ ਦੀ ਹੀ ਦੇਣ ਸੀ। ਵਿਸ਼ਵ ਦੇ ਵਿਕਸਤ ਦੇਸ਼ਾਂ ਅੰਦਰ ਮਜ਼ਦੂਰਾਂ ਅੰਦਰ ਸਰਮਾਏਦਾਰੀ ਵਿਰੁੱਧ ਰੋਹ ਮੁੜ ਜਮਾਤੀ ਸੰਘਰਸ਼ ਦਾ ਰੂਪ ਲੈ ਰਿਹਾ ਹੈ। ਇਨ੍ਹਾਂ ਸਰਕਾਰਾਂ ਦਾ ਜ਼ੋਰ ਉੱਠ ਰਹੇ ਜਮਾਤੀ ਘੋਲਾਂ ਨੂੰ ਕੁਚਲਣ ਲਈ ਉਨ੍ਹਾਂ ਦੀਆਂ ਆਪਸੀ ਲਾਮਬੰਦੀਆਂ, ਜਮਾਤੀ ਘੋਲ਼ ਦੀ ਮਹੱਤਤਾ ਨੂੰ ਘਟਾਅ ਨਹੀਂ ਸਕਦੀਆਂ। ਇਸ ਦੇ ਉਲਟ ਇਹ ਤੱਥ ਇਨ੍ਹਾਂ ਔਖੀਆਂ ਹਾਲਤਾਂ ਵਿੱਚ ਵਿਕਸਿਤ ਹੋਏ ਸੰਘਰਸ਼ਾਂ ਦੀ ਮਹਾਨਤਾ ਨੂੰ ਹੋਰ ਵੀ ਉਜਾਗਰ ਕਰਦਾ ਹੈ।

ਵਿਸ਼ਵ ਭਰ ਵਿੱਚ ਪੂੰਜੀਵਾਦੀ ਸਰਕਾਰਾਂ ਦੁਆਰਾ ਅਪਣਾਈਆਂ ਗਈਆਂ ਲੋਕ-ਵਿਰੋਧੀ ਨੀਤੀਆਂ, ਵਿਰੋਧੀ ਇਨਕਲਾਬ ਤੋਂ ਬਾਅਦ, ਜੀਵਨ ਪੱਧਰ ਸਾਲ-ਦਰ-ਸਾਲ ਵਿਗੜਦਾ ਗਿਆ। ਬੇਰੋਜ਼ਗਾਰੀ ਅਤੇ ਗਰੀਬੀ ਨੇ ਵਿਆਪਕ ਲੋਕ ਸ਼ਕਤੀਆਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ, ਸਮਾਜਿਕ ਸੇਵਾਵਾਂ ਨੂੰ ਨੀਵਾਂ ਕਰ ਦਿੱਤਾ ਗਿਆ ਹੈ, ਸ਼ੋਸ਼ਣ ਦੀ ਦਰ ਬਹੁਤ ਉੱਚੇ ਪੱਧਰਾਂ 'ਤੇ ਪਹੁੰਚ ਗਈ ਹੈ, ਦੌਲਤ ਨੇ ਦੇਸੀ ਅਤੇ ਵਿਦੇਸ਼ੀ ਪੂੰਜੀਪਤੀਆਂ ਦੀਆਂ ਤਿਜੋਰੀਆਂ ਭਰ ਦਿੱਤੀਆਂ ਹਨ । ਇਹ ਜਮਾਤੀ ਸੰਘਰਸ਼ ਮਜ਼ਦੂਰ ਜਮਾਤ ਲਈ ਵਿਰਾਸਤ ਬਣ ਗਿਆ ਅਤੇ ਇਸ ਦਾ ਅਸਰ ਅਗਲੇ ਦੌਰ ਵਿੱਚ ਪੈ ਰਿਹਾ ਹੈ।

ਪਿਛਲੇ 2 ਸਾਲਾਂ ਵਿੱਚ ਟਰੇਡ ਯੂਨੀਅਨਾਂ ਅਤੇ ਹੜਤਾਲ ਕਮੇਟੀਆਂ ਦੁਆਰਾ ਨਵੀਆਂ ਹੜਤਾਲਾਂ ਦੀ ਲਾਮਬੰਦੀ ਵੇਖੀ ਗਈ, ਜਿਨ੍ਹਾਂ ਨੂੰ ਅਧਿਕਾਰਤ ਤੌਰ 'ਤੇ ਮਾਨਤਾ ਨਹੀਂ ਦਿੱਤੀ ਗਈ ਸੀ, ਅਤੇ ਨਵੇਂ ਸਾਲ ਦੀ ਸ਼ੁਰੂਆਤ ਵਿੱਚ ਐਲਾਨੀ ਗਈ ਕੁਦਰਤੀ ਗੈਸ ਦੀਆਂ ਕੀਮਤਾਂ ਵਿੱਚ ਦੁੱਗਣਾ ਤੋਂ ਵੀ ਵੱਧ ਵਾਧਾ, ਜੋ ਉਦੇਸ਼ਪੂਰਨ ਤੌਰ 'ਤੇ ਹੋਰ ਵਧੇਗਾ। ਖਾਣ-ਪੀਣ ਦੀਆਂ ਵਸਤਾਂ ਵਿੱਚ ਆਮ ਕੀਮਤਾਂ ਵਿੱਚ ਵਾਧਾ, ਉਹ ਚੰਗਿਆੜੀ ਸੀ, ਜਿਸ ਨੇ ਨਵੇਂ ਜਨ-ਮਜ਼ਦੂਰ-ਪ੍ਰਸਿੱਧ ਸੰਘਰਸ਼ਾਂ ਦੀ ਅੱਗ ਨੂੰ ਜਗਾਇਆ, ਜਿਸ ਵਿਦਰੋਹ ਨੂੰ ਅਸੀਂ ਜਨਵਰੀ ਦੇ ਸ਼ੁਰੂ ਵਿੱਚ ਦੇਖਿਆ ਸੀ।

ਪੂੰਜੀਵਾਦੀ ਸਰਕਾਰਾਂ ਦੇ ਵਿਰੋਧ ਦੇ ਬਾਵਜੂਦ ਪ੍ਰੋਲੇਤਾਰੀਆਂ ਦੇ ਵਪਾਰਕ ਹਿੱਤਾਂ ਦੀ ਰਾਖੀ ਲਈ ਟਰੇਡ ਯੂਨੀਅਨਾਂ ਬਣਾਈਆਂ ਜਾ ਰਹੀਆਂ ਹਨ ਅਤੇ ਇਹ ਵੱਧ ਉਜਰਤਾਂ, ਇੱਕ ਛੋਟਾ ਕੰਮਕਾਜੀ ਦਿਨ ਆਦਿ ਲਈ ਲੜਦੀਆਂ ਹਨ, ਪਰ ਵਪਾਰਕ ਹਿੱਤਾਂ ਤੋਂ ਇਲਾਵਾ ਪ੍ਰੋਲੇਤਾਰੀਆਂ ਦੇ ਸਾਂਝੇ ਜਮਾਤੀ ਹਿੱਤ ਵੀ ਹਨ, ਅਰਥਾਤ, ਸਮਾਜਵਾਦੀ ਇਨਕਲਾਬ ਅਤੇ ਸਮਾਜਵਾਦ ਦੀ ਸਥਾਪਨਾ। ਹਾਲਾਂਕਿ ਸਮਾਜਵਾਦੀ ਇਨਕਲਾਬ ਨੂੰ ਪ੍ਰਾਪਤ ਕਰਨਾ ਉਦੋਂ ਤੱਕ ਅਸੰਭਵ ਹੈ, ਜਦੋਂ ਤੱਕ ਪ੍ਰੋਲੇਤਾਰੀ ਇੱਕ ਸੰਯੁਕਤ ਅਤੇ ਅ-ਵਿਭਾਜਤ ਜਮਾਤ ਵਜੋਂ ਰਾਜਨੀਤਕ ਸ਼ਕਤੀ ਨੂੰ ਜਿੱਤ ਨਹੀਂ ਲੈਂਦਾ। ਇਸ ਲਈ ਪ੍ਰੋਲੇਤਾਰੀ ਨੂੰ ਰਾਜਨੀਤਕ ਤੌਰ 'ਤੇ ਚੇਤਨ ਅਤੇ ਰਾਜਨੀਤਕ ਸੰਘਰਸ਼ ਛੇੜਨਾ ਚਾਹੀਦਾ ਹੈ ਅਤੇ ਉਸ ਨੂੰ ਇੱਕ ਰਾਜਨੀਤਕ ਪਾਰਟੀ ਦੀ ਲੋੜ ਕਿਉਂ ਹੈ, ਜੋ ਉਸ ਦੀ ਰਾਜਨੀਤਕ ਲਹਿਰ ਦੇ ਵਿਚਾਰਧਾਰਕ ਨੇਤਾ ਵਜੋਂ ਕੰਮ ਕਰੇ।

ਮਜ਼ਦੂਰ ਜਮਾਤ ਉਹ ਜਮਾਤ ਹੈ, ਜਿਸ ਕੋਲ ਆਪਣੀ ਕਿਰਤ ਸ਼ਕਤੀ ਅਤੇ ਹੁਨਰ ਤੋਂ ਇਲਾਵਾ ਵੇਚਣ ਲਈ ਕੁਝ ਨਹੀਂ ਹੈ। ਮਜ਼ਦੂਰ ਜਮਾਤ ਦੀ ਲਹਿਰ ਲਈ ਇਹ ਇੱਕ ਮਹੱਤਵਪੂਰਨ ਸਮਾਂ ਹੈ ਅਤੇ ਇੱਕ ਅਜਿਹਾ ਸਮਾਂ ਹੈ, ਜਿਸ ਵਿੱਚ ਮੌਜੂਦਾ ਸਥਿਤੀ ਅਤੇ ਦ੍ਰਿਸ਼ਟੀਕੋਣਾਂ ਦਾ ਇੱਕ ਸੰਜੀਦਾ ਮੁਲਾਂਕਣ ਕਰਨਾ ਜ਼ਰੂਰੀ ਹੈ।

ਮਜ਼ਦੂਰ ਜਮਾਤ ਅਜੇ ਵੀ ਹਰ ਦੇਸ਼ ਵਿੱਚ ਨਿਰਣਾਇਕ ਸ਼ਕਤੀ ਹੈ। ਪੂਰਬੀ ਯੂਰਪ ਦੇ ਦੇਸ਼ਾਂ ਵਿੱਚ, ਮਜ਼ਦੂਰ ਜਮਾਤ ਦੀ ਸਰਗਰਮੀ ਨਾਲ ਹੀ ਹਕੂਮਤਾਂ ਦਾ ਤਖਤਾ ਪਲਟਿਆ ਗਿਆ। ਸੰਯੁਕਤ ਰਾਜ ਅਤੇ ਹੋਰ ਵੱਡੀਆਂ ਸ਼ਕਤੀਆਂ ਦੀ ਇਹ ਨੀਤੀ ਇੱਕ ਬਹੁਤ ਹੀ ਖ਼ਤਰਨਾਕ ਨੀਤੀ ਹੈ, ਜੋ ਭਵਿੱਖ ਵਿੱਚ ਨਵੇਂ ਵਿਰੋਧੀ ਸਮੂਹਾਂ ਦੇ ਵਿਕਾਸ ਅਤੇ ਹੋਰ ਭਿਆਨਕ ਸੰਘਰਸ਼ਾਂ ਦੇ ਬਹੁਤ ਵੱਡੇ ਖ਼ਤਰੇ ਪੈਦਾ ਕਰਦੀ ਹੈ। ਜਿਸ ਸਮੇਂ ਉਹ ਇਸ ਨੀਤੀ ਨੂੰ ਥੋਪਣ ਦੀ ਕੋਸ਼ਿਸ਼ ਕਰ ਰਹੇ ਹਨ, ਉਸੇ ਸਮੇਂ ਲੋਕਾਂ ਵਿੱਚ ਅਸਲੀ ਜਮਹੂਰੀਅਤ ਦੀ ਲੋੜ ਅਤੇ ਕੌਮਾਂ ਦੇ ਅਧਿਕਾਰਾਂ ਦੇ ਸਨਮਾਨ ਲਈ ਚੇਤਨਾ ਵਧ ਰਹੀ ਹੈ ਅਤੇ ਅਜਿਹੀ ਮੰਗ ਵਧ ਰਹੀ ਹੈ। ਹੁਣ ਤੱਕ ਦੇ ਸਮਾਜਾਂ ਦਾ ਇਤਿਹਾਸ ਜਮਾਤੀ ਸੰਘਰਸ਼ ਦਾ ਇਤਿਹਾਸ ਹੈ। ਪੈਦਾਵਾਰ ਦੇ ਹਰ ਢੰਗ ਵਿੱਚ ਦੋ ਜਮਾਤਾਂ ਦਰਮਿਆਨ ਟਕਰਾਅ ਦੀਆਂ ਇਤਿਹਾਸਕ ਘਟਨਾਵਾਂ ਪਿੱਛੇ ਇੱਕ ਤਾਕਤ ਕੰਮ ਕਰਦੀ ਹੈ।

ਇਸ ਤਰ੍ਹਾਂ ਸਰਮਾਏਦਾਰ ਪ੍ਰੋਲੇਤਾਰੀ ਨੂੰ ਰੋਕਣ ਦੇ ਉਦੇਸ਼ ਨਾਲ ਇੱਕ ਵੱਖਰੀ ਜਮਾਤ ਵਿੱਚ ਜਥੇਬੰਦ ਹੋ ਰਹੇ ਹਨ। ਉਜਰਤਾਂ ਨੂੰ ਘਟਾਉਣਾ, ਕੰਮ-ਕਾਜੀ ਦਿਨਾਂ ਨੂੰ ਲੰਮਾ ਕਰਨਾ, ਪ੍ਰੋਲੇਤਾਰੀ ਨੂੰ ਕਮਜ਼ੋਰ ਕਰਨਾ ਅਤੇ ਇਸ ਦੀਆਂ ਜਥੇਬੰਦੀਆਂ ਨੂੰ ਤੋੜਨਾ ਇਹ ਸਰਮਾਏਦਾਰਾਂ ਦੀ ਆਮ ਸੋਚ ਦੀਆਂ ਕਾਰਵਾਈਆਂ ਹਨ। ਇਸ ਲਈ ਇਸ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਰੋਹ ਭਰੇ ਪ੍ਰਤੀਕਰਮ ਦੇ ਬਾਵਜੂਦ ਪ੍ਰੋਲੇਤਾਰੀ ਵੀ ਜਥੇਬੰਦ ਹੋ ਰਿਹਾ ਹੈ। ਇੱਕ ਵੱਖਰੀ ਜਮਾਤ, ਆਪਣੀਆਂ ਸਥਾਨਕ, ਖੇਤਰੀ ਅਤੇ ਕੇਂਦਰੀ ਟਰੇਡ ਯੂਨੀਅਨ ਜਥੇਬੰਦੀਆਂ ਨੂੰ ਲਗਾਤਾਰ ਮਜ਼ਬੂਤ ਕਰ ਰਹੀ ਹੈ ਅਤੇ ਆਪਣੇ ਅਣਗਿਣਤ ਸਾਥੀ-ਮਜ਼ਦੂਰਾਂ ਨੂੰ ਸਰਮਾਏਦਾਰਾਂ ਵਿਰੁੱਧ ਇੱਕਜੁੱਟ ਕਰਨ ਲਈ ਵੀ ਨਿਰੰਤਰ ਯਤਨਸ਼ੀਲ ਹੈ। ਜਮਾਤੀ ਸੰਘਰਸ਼ ਹੀ ਪ੍ਰੋਲੇਤਾਰੀ ਦਾ ਪੂੰਜੀਵਾਦ ਵਿਰੁੱਧ ਇੱਕ ਹਥਿਆਰ ਹੈ।

ਵੱਧ ਉਜਰਤਾਂ, ਇੱਕ ਛੋਟਾ ਕੰਮਕਾਜੀ ਦਿਨ, ਮਜ਼ਦੂਰਾਂ ਦੀਆਂ ਬਿਹਤਰ ਸਥਿਤੀਆਂ, ਸ਼ੋਸ਼ਣ ਨੂੰ ਰੋਕਣਾ ਅਤੇ ਪੂੰਜੀਵਾਦੀ ਸੰਘਾਂ ਨੂੰ ਨਾਕਾਮ ਕਰਨਾ – ਇਹ ਮਜ਼ਦੂਰਾਂ ਦੀਆਂ ਟਰੇਡ ਯੂਨੀਅਨਾਂ ਦੇ ਉਦੇਸ਼ ਹਨ।

ਮਾਰਕਸ ਨੇ ਕਿਹਾ ਕਿ ਹਰ ਜਮਾਤੀ ਸੰਘਰਸ਼ ਸਿਆਸੀ ਸੰਘਰਸ਼ ਹੁੰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜੇਕਰ ਅੱਜ ਪ੍ਰੋਲੇਤਾਰੀ ਅਤੇ ਸਰਮਾਏਦਾਰ ਇੱਕ-ਦੂਜੇ ਦੇ ਖਿਲਾਫ ਆਰਥਿਕ ਸੰਘਰਸ਼ ਕਰ ਰਹੇ ਹਨ, ਤਾਂ ਉਹ ਕੱਲ੍ਹ ਨੂੰ ਇੱਕ ਸਿਆਸੀ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ਅਤੇ ਇਸ ਤਰ੍ਹਾਂ ਦੋ ਰੂਪਾਂ ਵਾਲੇ ਸੰਘਰਸ਼ ਵਿੱਚ ਆਪਣੇ-ਆਪਣੇ ਜਮਾਤੀ ਹਿੱਤਾਂ ਦੀ ਰੱਖਿਆ ਕਰਨਗੇ। ਸਰਮਾਏਦਾਰਾਂ ਦੇ ਆਪਣੇ ਵਿਸ਼ੇਸ਼ ਵਪਾਰਕ ਹਿੱਤ ਹਨ ਇਹ ਇਹਨਾਂ ਹਿੱਤਾਂ ਦੀ ਰੱਖਿਆ ਕਰਨ ਲਈ ਉਹਨਾਂ ਦੀਆਂ ਆਰਥਿਕ ਸੰਸਥਾਵਾਂ ਮੌਜੂਦ ਹਨ, ਪਰ ਉਹਨਾਂ ਦੇ ਖਾਸ ਵਪਾਰਕ ਹਿੱਤਾਂ ਤੋਂ ਇਲਾਵਾ ਉਹਨਾਂ ਦੇ ਸਾਂਝੇ ਜਮਾਤੀ ਹਿੱਤ ਵੀ ਹਨ, ਅਰਥਾਤ ਸਰਮਾਏਦਾਰੀ ਨੂੰ ਮਜ਼ਬੂਤ ਕਰਨ ਲਈ ਅਤੇ ਇਹਨਾਂ ਸਾਂਝੇ ਹਿੱਤਾਂ ਦੀ ਰਾਖੀ ਲਈ ਉਹਨਾਂ ਨੂੰ ਇੱਕ ਸਿਆਸੀ ਸੰਘਰਸ਼ ਕਰਨਾ ਪਵੇਗਾ ਅਤੇ ਇੱਕ ਸਿਆਸੀ ਪਾਰਟੀ ਦੀ ਲੋੜ ਹੈ।

ਇੱਥੇ ਪ੍ਰੋਲੇਤਾਰੀ ਨੂੰ ਚੌਕਸ ਰਹਿਣਾ ਚਾਹੀਦਾ ਹੈ ਅਤੇ ਸੰਜੀਦਗੀ ਨਾਲ ਕੰਮ ਕਰਨਾ ਚਾਹੀਦਾ ਹੈ। ਇਸ ਨੂੰ ਰਾਜਨੀਤਿਕ ਪਾਰਟੀਆਂ ਦੇ ਵਿਚਾਰਧਾਰਕ ਸਟਾਕ-ਇਨ-ਵਪਾਰ ਦੀ ਧਿਆਨ ਨਾਲ ਜਾਂਚ ਕਰਨੀ ਚਾਹੀਦੀ ਹੈ ਅਤੇ ਪਾਰਟੀ ਦੀ ਵਿਚਾਰਧਾਰਕ ਲੀਡਰਸ਼ਿਪ ਨੂੰ ਆਜ਼ਾਦ ਤੌਰ 'ਤੇ ਸਵੀਕਾਰ ਕਰਨਾ ਚਾਹੀਦਾ ਹੈ ਜੋ ਦਲੇਰੀ ਨਾਲ ਅਤੇ ਲਗਾਤਾਰ ਇਸ ਦੇ ਜਮਾਤੀ ਹਿੱਤਾਂ ਦਾ ਸਮਰਥਨ ਕਰੇਗੀ, ਪ੍ਰੋਲੇਤਾਰੀ ਦੇ ਲਾਲ ਝੰਡੇ ਨੂੰ ਉੱਚਾ ਰੱਖੇਗੀ, ਅਤੇ ਦਲੇਰੀ ਨਾਲ ਇਸ ਨੂੰ ਸਿਆਸੀ ਸ਼ਕਤੀ ਵੱਲ ਅਤੇ ਸਮਾਜਵਾਦੀ ਇਨਕਲਾਬ ਵੱਲ ਲੈ ਜਾਵੇਗੀ।

ਉੱਤਰੀ ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਵਿੱਚ 200,000 ਤੋਂ ਵੱਧ ਸਰਕਾਰੀ ਕਰਮਚਾਰੀਆਂ ਨੇ ਆਪਣੀ ਪੁਰਾਣੀ ਪੈਨਸ਼ਨ ਯੋਜਨਾ ਨੂੰ ਬਹਾਲ ਕਰਨ ਦੀ ਮੰਗ ਲਈ ਨੌਕਰੀ ਤੋਂ ਅਸਤੀਫੇ ਦਿੱਤੇ। ਹੜਤਾਲ ਦਾ ਤਾਲਮੇਲ ਕਰ ਰਹੇ ਯੂਨੀਅਨ ਗਰੁੱਪ ਨੇ ਐਲਾਨ ਕੀਤਾ ਹੈ ਕਿ ਉਸ ਦਿਨ ਵਾਕਆਊਟ ਦਾ ਆਖਰੀ ਦਿਨ ਹੋਵੇਗਾ। ਇਹ ਮੋਦੀ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਦੋ ਦਿਨਾਂ ਦੀ ਆਮ ਹੜਤਾਲ ਜਿਸ ਵਿੱਚ ਪੂਰੇ ਭਾਰਤ ਵਿੱਚ ਲੱਖਾਂ ਮਜ਼ਦੂਰ ਸ਼ਾਮਲ ਸਨ ਅਤੇ ਤਾਮਿਲਨਾਡੂ ਰਾਜ ਵਿੱਚ ਅਧਿਆਪਕਾਂ ਅਤੇ ਜਨਤਕ ਕਰਮਚਾਰੀਆਂ ਦੇ ਵੱਡੇ ਪੱਧਰ 'ਤੇ ਵਾਕਆਊਟ ਕੀਤਾ ਗਿਆ ਹੈ। ਪੰਜਾਬ ਵਿੱਚ ਕਰਮਚਾਰੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਲਈ ਸੰਘਰਸ਼ ਕਰ ਰਹੇ ਹਨ, ਪਿਛਲੇ 3-4 ਸਾਲਾਂ ਤੋਂ ਸੇਵਾਵਾਂ ਨੂੰ ਰੈਗੂਲਰ ਕਰਨ, ਠੇਕਾ ਸਿਸਟਮ ਖਤਮ ਕਰਨ ਅਤੇ ਹੋਰ ਮੰਗਾਂ ਨੂੰ ਲੈ ਕੇ ਪੰਜਾਬ ਦੇ ਕਰਮਚਾਰੀ ਅਤੇ ਪੈਨਸ਼ਨਰ ਸਰਕਾਰ ਦੀਆਂ ਲਾਰਾ-ਲਾਊ ਨੀਤੀਆਂ ਵਿਰੁੱਧ ਸੰਘਰਸ਼ਸ਼ੀਲ ਹਨ।

ਕੇਂਦਰ 'ਚ ਬੈਠੀ ਕਾਰਪੋਰੇਟ ਘਰਾਣਿਆਂ ਦੀ ਹੱਥ ਠੋਕਾ ਸਰਕਾਰ ਮਜ਼ਦੂਰਾਂ ਦੇ ਏਕੇ ਨੂੰ ਤੋੜਨ ਲਈ ਅੰਦਰ ਫਿਰਕੂ ਪੱਤਾ ਖੇਡ ਰਹੀ ਹੈ। ਭਾਰਤ ਦਾ ਫਿਰਕੂ ਅਧਾਰ ਉਪਰ ਧਰੁਵੀ ਕਰਨ ਕੀਤਾ ਜਾ ਰਿਹਾ ਹੈ, ਇਉਂ ਜਾਪ ਰਿਹਾ ਕਿ ਇਹ ਧਰੁਵੀਕਰਨ ਹੋ ਚੁੱਕਾ ਹੈ ਕੇਵਲ ਇੱਕ ਸੰਵਿਧਾਨਕ ਸੋਧ ਦੀ ਉਡੀਕ ਹੈ। ਦੇਸ਼ ਅੰਦਰ ਬੁਰਜੂਆ ਜਮਹੂਰੀਅਤ ਵੀ ਖਤਮ ਕਰਕੇ ਏਕਾ-ਅਧਿਕਾਰਵਾਦੀ ਰਾਜ ਦੀ ਸਥਾਪਨਾ ਵੱਲ ਵਧਿਆ ਜਾ ਰਿਹਾ ਹੈ ਅਤੇ ਫ਼ਾਸ਼ੀਵਾਦੀ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ। ਮਜ਼ਦੂਰ ਜਮਾਤ ਅਤੇ ਆਮ ਮਿਹਨਤਕਸ਼ ਵਰਗ ਇਸ ਦਾ ਸ਼ਿਕਾਰ ਹੋ ਰਿਹਾ ਹੈ।

**# ਸੰਪਰਕ : 98550-04500**

# ਵਿਗੜੇ ਲੋਕ ਕਦੋਂ ਤੱਕ ਤੁਹਾਡੇ ਮੂੰਹਾਂ 'ਤੇ ਮੂਤਣਗੇ ?

**ਬਲਜਿੰਦਰ ਸਿੰਘ ਰੇਤਗੜ੍ਹ**

ਅਸੀਂ ਜਿਸ ਦੇਸ ਦੇ ਨਾਗਰਿਕ ਹਾਂ, ਉਸ ਨੂੰ ਦੁਨੀਆ ਭਰ ਵਿੱਚ ਸਭ ਤੋਂ ਵੱਡਾ ਲੋਕਤੰਤਰ ਕਿਹਾ ਜਾਂਦਾ ਰਿਹਾ ਹੈ। ਅਸਲ ਹਕੀਕਤ ਕੀ ਹੈ ? ਲੋਕਤੰਤਰ ਦੀ ਕਠਪੁਤਲੀ ਕਿੰਨਾਂ ਮੁੱਠੀ ਕੁ ਭਰ ਲੋਕਾਂ ਦੇ ਹੱਥ ਵਿੱਚ ਨੱਚ ਰਹੀ ਹੈ, ਇਹ ਬਹੁਤ ਥੋੜ੍ਹੇ ਲੋਕ ਜਾਣਦੇ ਹਨ।

ਲੋਕਤੰਤਰ ਨੂੰ ਫਾਸ਼ੀਵਾਦ ਵੱਲ ਲੈ ਕੇ ਜਾਣ ਵਾਲੀ ਸਾਜ਼ਿਸ਼ੀ ਸੋਚ ਰਾਜ ਸੱਤਾ ਨੂੰ ਆਪਣੇ ਹੱਥ ਦੀ ਨਰਦ ਬਣਾ ਕੇ ਹਰ ਚਾਲ ਚੱਲਣੀ ਚਾਹੁੰਦੀ ਹੈ। ਧਾਰਮਿਕ ਕੱਟੜਤਾ ਦੀ ਸੋਚ ਨੂੰ ਭਗਵਾਂ ਰੰਗ ਦੇ ਕੇ ਦੇਸ਼ ਦੇ ਆਮ ਨਾਗਰਿਕਾਂ ਵਿੱਚ ਪਾਇਆ ਜਾ ਰਿਹਾ ਪਾੜਾ ਦਿਨੋ-ਦਿਨ ਨਫਰਤ ਦੀ ਬਦਬੋ ਫੈਲਾ ਰਿਹਾ ਹੈ। ਸਿਆਸਤ ਹੁਣ ਦੇਸ਼ ਦੀ ਸੇਵਾ ਨਹੀਂ ਰਹੀ, ਸੱਤਾ ਨੂੰ ਹਥਿਆ ਕੇ ਰੱਖਣ ਦਾ ਇਕ ਸੰਦ ਬਣਾ ਲਿਆ ਗਿਆ ਹੈ। ਕਿਸੇ ਰਾਜਨੀਤਕ ਦਲ ਨੇ ਇਸ ਨੂੰ ਧਾਰਮਿਕ ਭਾਵਨਾਵਾਂ ਦੀ ਪਾਣ ਦੇ ਕੇ ਆਪਣੇ ਲਈ ਰੰਗਿਆ ਹੈ, ਕਿਸੇ ਦਲ ਨੇ ਜਾਤ-ਪਾਤ ਦੇ ਅਧਾਰ 'ਤੇ ਵਿਖਰੇਵਿਆਂ ਦਾ ਪਾੜਾ ਪਾ ਕੇ ਆਪਣੀ ਚਾਲ ਖੇਡੀ ਹੈ। ਇਹਨਾਂ ਚਾਲਾਂ ਨਾਲ ਸਮਾਜਕ ਭਾਈਚਾਰੇ ਦੀ ਏਕਤਾ ਨੂੰ ਤਹਿਸ-ਨਹਿਸ ਕਰਨ ਦੀ ਭੋਰਾ ਵੀ ਫਿਕਰ ਨਹੀਂ ਕੀਤੀ। ਸਰਕਾਰੀ ਤੰਤਰ ਚੁੱਪ ਹੈ।

ਭਾਰਤ ਬਹੁ-ਭਾਸ਼ਾਈ ਬਹੁ-ਕੌਮੀ ਲੋਕਾਂ ਦਾ ਸੰਘ ਹੈ। ਹਰ ਰਾਜ ਦੀ ਆਪਣੀ ਬੋਲੀ ਹੈ। ਆਪਣਾ-ਆਪਣਾ ਸੱਭਿਆਚਾਰ ਹੈ। ਹਰ ਸੱਭਿਆਚਾਰ ਅੰਦਰ ਲੋਕਾਂ ਦੀਆਂ ਸਮਾਜਿਕ ਰੀਤਾਂ ਵੱਖ-ਵੱਖ ਹਨ। ਅਮੀਰ, ਤਕੜੇ ਬੰਦੇ ਦੀ ਚੌਧਰ ਹਰ ਸਮਾਜ ਅੰਦਰ ਹੁੰਦੀ ਆਈ ਹੈ ਅਤੇ ਇਹ ਭਾਰਤ ਅੰਦਰ ਜਿਉਂ ਦੀ ਤਿਉਂ ਜਾਰੀ ਵੀ ਹੈ। ਜਾਤਾਂ ਦੇ ਅਧਾਰ 'ਤੇ ਕਾਣੀ-ਵੰਡ ਨਾਲ ਗਰੀਬ ਆਦਿ-ਵਾਸੀ ਲੋਕਾਂ ਨੂੰ ਦਬਕਾਇਆ ਤੇ ਧਮਕਾਇਆ ਜਾ ਰਿਹਾ ਹੈ। ਆਦਿ-ਵਾਸੀ ਤੇ ਪੱਛੜੇ ਵਰਗਾਂ ਲਈ ਸੰਵਿਧਾਨ ਵੱਲੋਂ ਦਿੱਤੀ ਗਈ ਰਿਜ਼ਰਵੇਸ਼ਨ ਵੀ ਹੱਕਦਾਰ ਲੋਕਾਂ ਦੇ ਜੀਵਨ ਪੱਧਰ ਨੂੰ ਉਪਰ ਨਹੀਂ ਚੁੱਕ ਸਕੀ। ਇਸ ਦਾ ਕਾਰਨ ਵਿਦਿਅਕ ਪੱਖੋਂ ਪਿੱਛੇ ਰਹਿ ਕੇ ਪੱਛੜ ਜਾਣਾ।

ਜਦੋਂ ਤੱਕ ਵਿੱਦਿਆ ਨਹੀਂ ਤਾਂ ਗਿਆਨ ਨਹੀਂ। ਗਿਆਨ ਬਿਨਾਂ ਮਾਰਗ-ਦਰਸ਼ਨ ਨਹੀਂ। ਆਪਣੇ ਹੱਕਾਂ ਬਾਰੇ ਗਿਆਨ ਬਿਨਾਂ ਜੱਦੋ-ਜਹਿਦ ਅਤੇ ਲੜਾਈ ਨਹੀਂ ਹੁੰਦੀ। ਵਿਦਿਅਕ ਗਿਆਨ ਸਾਨੂੰ ਮਨੁੱਖ ਹੋਣ ਦੀ ਸਮਝ ਦਿੰਦਾ ਹੈ। ਧਰਤੀ ਉਪਰ ਵਿਚਰ ਰਹੇ ਮਨੁੱਖੀ ਭਾਈਚਾਰੇ ਦੇ ਨਾਲ ਰਲ ਤੁਰਨ ਲਈ ਪ੍ਰੇਰਨਾ ਤੇ ਮਾਨਸਕ ਸ਼ਕਤੀ ਵਿੱਦਿਆ ਹੀ ਦਿੰਦੀ ਹੈ। ਅਫਸੋਸ ! ਭਾਰਤ ਅੰਦਰ ਰਾਜ ਸੱਤਾ 'ਤੇ ਕਾਬਜ਼ ਹਿੰਦੂ /ਸਨਾਤਨੀ ਆਪਣੇ ਆਪ ਬਣੇ ਅਖੌਤੀ ਉੱਚ ਜਾਤੀ ਵਰਗ ਨੇ ਵਿੱਦਿਅਕ ਅਦਾਰਿਆਂ ਉਪਰ ਵੀ ਕਬਜ਼ਾ ਕਰਕੇ ਆਪਣੀ ਧਾਕ ਜਮਾਈ ਰੱਖੀ ਹੈ। ਆਦਿ-ਵਾਸੀ ਲੋਕਾਂ ਨੂੰ ਗੁਲਾਮ ਬਣਾ ਕੇ ਉਹਨਾਂ ਦਾ ਸਰੀਰਕ, ਮਾਨਸਕ ਅਤੇ ਆਰਥਕ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ। ਛੂਆ-ਛਾਤ ਰਾਹੀਂ ਉਹਨਾਂ ਦੀਆਂ ਰਿਹਾਇਸ਼ਾਂ ਵੀ ਪਿੰਡਾਂ ਅਤੇ ਕਸਬਿਆਂ ਵਿੱਚ ਪੱਛਮ ਵੱਲ ਰੱਖੀਆਂ ਗਈਆਂ। ਹਰ ਪੱਧਰ 'ਤੇ ਸਮਾਜ ਵਿੱਚ ਦੁਰਕਾਰਿਆ ਗਿਆ, ਜਿਸ ਕਾਰਨ ਗੁਲਾਮ ਹੋਣ 'ਤੇ ਨੀਚੀ, ਅਛੂਤ ਜਾਤੀ ਦੇ ਹੋਣ ਦੀ ਮਨੋ-ਬਿਰਤੀ ਉਹਨਾਂ ਅੰਦਰ ਪੱਕਿਆਂ ਹੀ ਘਰ ਕਰ ਗਈ।

ਭਾਰਤ ਅੰਦਰ ਸਿਆਸਤ ਮਨੁੱਖਾਂ ਦੀਆਂ ਲਾਸ਼ਾਂ 'ਤੇ ਤਾਂਡਵ ਕਰ, ਕਰਵਾ ਕੇ ਕੀਤੀ ਜਾਂਦੀ ਰਹੀ ਹੈ। ਰਾਜ ਸੱਤਾ ਨੂੰ ਆਪਣੀ ਉੱਚ ਜਾਤੀਆਂ ਦੇ ਵਿਸ਼ੇਸ਼ ਹਿੱਤਾਂ ਦੀ ਰਾਖੀ ਲਈ ਵਰਤਣਾ ਸਰਮਾਏਦਾਰਾਂ-ਅਜਾਰੇਦਾਰਾਂ ਦਾ ਮੁੱਖ ਏਜੰਡਾ ਰਿਹਾ ਹੈ। ਅਦਾਲਤਾਂ ਤੱਕ ਆਪਣੇ ਹੱਕਾਂ ਅਤੇ ਹਿੱਤਾਂ ਲਈ ਲੜਨ ਦੀ ਸ਼ਕਤੀ ਅਤੇ ਸਾਧਨ ਇਹਨਾਂ ਗਰੀਬ ਸਦੀਆਂ ਤੋਂ ਲਿਤਾੜਿਆਂ ਲੋਕਾਂ ਕੋਲ ਨਹੀਂ ਹਨ। ਇਸੇ ਲਈ ਜੇਕਰ ਕਦੇ ਕੋਈ ਪਿਆਸਾ ਬੱਚਾ ਸਕੂਲ ਵਿੱਚ ਵੀ ਉੱਚ ਜਾਤੀ ਵਾਲਿਆਂ ਦੇ ਘੜੇ 'ਚੋਂ ਪਾਣੀ ਪੀਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ 'ਤੇ ਤਸ਼ੱਦਦ ਹੁੰਦਾ ਹੈ। ਉਸ ਦੀ ਚਮੜੀ ਉਧੇੜ ਦਿੱਤੀ ਜਾਂਦੀ ਹੈ। ਮਹਾਂਭਾਰਤ ਵਿੱਚ ਵੀ ਜੇਕਰ ਆਦਿ-ਵਾਸੀ ਭੀਲ ਬੱਚਾ ਚੋਰੀ ਸ਼ਸਤਰ ਵਿੱਦਿਆ ਸਿੱਖ ਲੈਂਦਾ ਹੈ ਤਾਂ ਅਚਾਰੀਆ ਦਰੋਣ ਉਸ ਦਾ ਅੰਗੂਠਾ ਕੱਟ ਕੇ ਉਸ ਨੂੰ ਸ਼ਸਤਰ ਵਿੱਦਿਆ ਤੋਂ ਸਦਾ ਲਈ ਵਾਂਝਾ ਕਰ ਦਿੰਦਾ ਹੈ। ਸਦੀਆਂ ਬਾਅਦ ਅੱਜ ਵੀ ਉਹੀ ਮਨੂੰਵਾਦੀ ਵਿਚਾਰਧਾਰਾ ਹਾਵੀ ਹੋ ਰਹੀ ਹੈ। ਆਦਿ-ਵਾਸੀ ਦੇ ਮੂੰਹ ਉਪਰ ਉੱਚ ਜਾਤੀ ਪੰਡਤ ਸ਼ੁਕਲਾ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਜਾਤੀਵਾਦ ਦਾ ਤਾਂਡਵ ਕਰਦਾ ਉਸ ਗਰੀਬ ਦੇ ਮੂੰਹ ਉਪਰ ਪਿਸ਼ਾਬ ਕਰ ਰਿਹਾ ਹੈ। ਉੱਚ ਜਾਤੀ ਪੰਡਤਾਂ ਦੀ ਸੰਸਥਾ ਪਿਸ਼ਾਬ ਕਰਨ ਵਾਲੇ ਨੂੰ 51000 ਰੁਪਏ ਦੇ ਕੇ ਇਸ ਅਣਮਨੁੱਖੀ ਕਾਰੇ ਦੀ ਹੌਸਲਾ ਅਫਜ਼ਾਈ ਕਰ ਰਹੀ ਹੈ।

ਪੰਜਾਬ ਕਾਂਗਰਸ ਦਾ ਇਕ ਨੇਤਾ ਇਸ ਲਈ ਹੈਰਾਨ ਤੇ ਦੁਖੀ ਹੈ ਕਿ ਗਰੀਬ ਕਿਰਤੀ ਆਰਥਕ ਤੌਰ 'ਤੇ ਪੱਛੜੇ ਲੋਕਾਂ ਨੂੰ ਵਿਧਾਨ ਸਭਾ ਦੇ ਮੈਂਬਰ ਬਣਾ ਕੇ ਲੋਕਾਂ ਨੇ ਇਹਨਾਂ ਉੱਚ ਜਾਤੀ ਹੰਕਾਰੇ ਲੋਕਾਂ ਦੇ ਬਰਾਬਰ ਕਿਵੇਂ ਬਿਠਾ ਦਿੱਤਾ ਹੈ।

ਆਖਿਰ, ਇਹ ਪਾੜਾ, ਇਹ ਸ਼ੋਸ਼ਣ ਕਦੋ ਤੱਕ ਚੱਲੇਗਾ। ਇਸ ਹੈਵਾਨੀਅਤ ਦੇ ਟਾਕਰੇ ਲਈ ਇਹ ਗਰੀਬ ਲਿਤਾੜੇ ਲੋਕ ਕਿਸ ਰਾਹ ਤੁਰਨ ਅਤੇ ਕੀ ਕਰਨ ? ਆਪਣੇ ਇਨਸਾਨ ਹੋਣ ਦਾ ਪ੍ਰਮਾਣ ਪੱਤਰ ਕਿਸ ਤਰ੍ਹਾਂ ਦੇਣ ? ਇਹਨਾਂ ਨੂੰ ਸਮਾਜ ਵਿੱਚ ਸਨਮਾਨ ਨਾਲ ਜੀਣ ਦਾ ਹੱਕ ਕਿਸ ਤਰਾਂ ਮਿਲੇ ?

ਹਾਂ, ਇਹਨਾਂ ਸਵਾਲਾਂ ਦਾ ਉੱਤਰ ਹੈ, ਜਦੋਂ ਤੱਕ ਇਹੋ ਜਿਹੇ ਵਰਤਾਰਿਆਂ ਵਿਰੁੱਧ ਬਗਾਵਤ । ਇਹ ਆਦਿ-ਵਾਸੀ ਗਰੀਬ ਲਿਤਾੜੇ ਲੋਕ ਨਹੀਂ ਕਰਨਗੇ, ਜਬਰ-ਜ਼ੁਲਮ ਹੁੰਦੇ ਹੀ ਰਹਿਣਗੇ। ਇੱਟ ਦਾ ਜਵਾਬ ਪੱਥਰ ਨਾਲ ਮਿਲਦਾ ਹੈ ਤਾਂ ਅਗਲਾ ਅੱਗਿਓਂ ਸਮਝਦਾ ਹੈ। ਹੱਕ ਰੋ-ਰੋ ਨਹੀਂ ਮਿਲਦੇ, ਸੰਘਰਸ਼ ਕਰਨਾ ਪੈਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਨੂੰ ਅਪਣਾਉਣਾ ਪਵੇਗਾ। ਵਿੱਦਿਆਕ ਗਿਆਨ ਹਾਸਿਲ ਕਰਨਾ ਅਤਿ ਜ਼ਰੂਰੀ ਹੈ, ਪਰ ਇਨਸਾਫ ਲਈ ਆਤਮ ਬਲ ਦਾ ਹੋਣਾ। ਅਨਿਆਇ ਦਾ ਵਿਰੋਧ ਕਰਨ ਲਈ ਮਨੋਬਲ ਅਤੇ ਸਰੀਰਕ ਬਲ ਦਾ ਹੋਣਾ ਅਤਿ ਜ਼ਰੂਰੀ ਹੈ। ਜੇਕਰ ਆਦਿਵਾਸੀ , ਪੱਛੜੇ ਗਰੀਬ ਲੋਕ ਇਸ ਰਸਤੇ ਨਹੀਂ ਤੁਰੇ ਤਾਂ ਤੁਹਾਡੇ ਨਾਲ ਜਬਰ-ਜ਼ੁਲਮ ਹੁੰਦਾ ਹੀ ਰਹੇਗਾ। ਕੋਈ ਅਦਾਲਤ ਤੁਹਾਡੇ ਕੋਲ ਚੱਲ ਕੇ ਤੁਹਾਡੇ ਘਰ ਨਹੀਂ ਆਵੇਗੀ। ਤੁਹਾਡੇ ਮਨੁੱਖੀ ਅਧਿਕਾਰ ਖੋਹੇ ਜਾਂਦੇ ਰਹਿਣਗੇ। ਤੁਹਾਡੀਆਂ ਬੇ-ਪੱਤੀਆਂ ਹੁੰਦੀਆਂ ਹੀ ਰਹਿਣਗੀਆਂ। ਅਖੌਤੀ ਉੱਚ ਜਾਤੀ ਲੋਕ ਇਨਸਾਨੀਅਤ ਦੇ ਮੂੰਹ 'ਤੇ ਮੂਤਦੇ ਰਹਿਣਗੇ ਅਤੇ ਮਨੁੱਖਤਾ ਸ਼ਰਮਸਾਰ ਹੁੰਦੀ ਰਹੇਗੀ ਅਤੇ ਮਰਦੀ ਰਹੇਗੀ।

***# ਸੰਪਰਕ : 94651-29168***

# ਭਾਜਪਾ ਲਈ ਕੇਂਦਰ 'ਚ ਤੀਜੀ ਪਾਰੀ ਖੇਡਣੀ ਆਸਾਨ ਨਹੀਂ


ਕਮਲਜੀਤ ਸਿੰਘ ਬਨਵੈਤ

ਭਾਰਤੀ ਜਨਤਾ ਪਾਰਟੀ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਹੈਟਰਿਕ ਬਣਾਉਣ ਦੀ ਤਾਕ ਵਿਚ ਹੈ। ਭਾਜਪਾ ਇਸ ਲਈ ਹਰੇਕ ਤਰ੍ਹਾਂ ਦਾ ਹੀਲਾ ਵਰਤ ਰਹੀ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੋਟਰਾਂ ਨੂੰ ਭਰਮਾਉਣ ਵਿੱਚ ਜੁਟ ਗਈ ਹੈ। ਇਕ ਵਿਸ਼ੇਸ਼ ਵਰਗ ਦੇ ਭਾਈਚਾਰੇ ਦੀਆਂ ਵੋਟਾਂ ਪੱਕੀਆਂ ਕਰਨ ਲਈ ਫਿਰਕਾਪ੍ਰਸਤੀ ਦੀ ਖੇਡ ਖੇਡਣ ਤੋਂ ਵੀ ਗੁਰੇਜ਼ ਨਹੀਂ ਕੀਤੀ ਜਾ ਰਹੀ। ਦੂਜੇ ਬੰਨੇ ਭਾਜਪਾ ਨੂੰ ਕੇਂਦਰ ਵਿਚੋਂ ਆਊਟ ਕਰਨ ਲਈ ਅਤੇ ਤੀਜੀ ਪਾਰੀ ਨਾ ਖੇਡਣ ਦੇਣ ਲਈ ਵਿਰੋਧੀ ਧਿਰਾਂ ਇਕੱਠੀਆਂ ਹੋਣ ਲੱਗੀਆਂ ਹਨ। ਹਾਲ ਦੀ ਘੜੀ ਵਿਰੋਧੀ ਮੰਚ ਦੀ ਏਕਤਾ ਨੂੰ ਭਰਵਾਂ ਬੂਰ ਤਾ ਨਹੀਂ ਪਿਆ, ਪਰ ਸ਼ੁਰੂ ਕੀਤੀ ਮੁਹਿੰਮ ਨੇ ਭਾਜਪਾ ਦੀ ਨੀਂਦ ਜ਼ਰੂਰ ਉਡਾ ਦਿੱਤੀ ਹੈ।

ਦੇਸ਼ ਦੀਆਂ ਵੱਖ-ਵੱਖ ਸਤਾਰਾਂ ਵਿਰੋਧੀ ਪਾਰਟੀਆਂ ਨੇ ਪਟਨਾ ਵਿਖੇ ਆਪਣੀ ਪਲੇਠੀ ਮੀਟਿੰਗ ਕਰਕੇ ਭਾਜਪਾ ਵਿਰੋਧੀ ਮਨ 'ਚ ਖੜਾ ਕਰ ਲਿਆ ਸੀ। ਹੁਣ ਅਗਲੀ ਮੀਟਿੰਗ 17 ਅਤੇ 18 ਜੁਲਾਈ ਨੂੰ ਬੈਂਗਲੁਰੂ ਵਿਖੇ ਰੱਖ ਲਈ ਗਈ ਹੈ, ਜਿਸ ਵਿੱਚ ਸੱਤ ਹੋਰ ਸਿਆਸੀ ਪਾਰਟੀਆਂ ਨੇ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ। ਦੂਜੇ ਸ਼ਬਦਾਂ ਵਿੱਚ ਦੋ ਦਰਜਨ ਤੋਂ ਵੱਧ ਵਿਰੋਧੀ ਪਾਰਟੀਆਂ ਨੇ ਭਾਜਪਾ ਨੂੰ ਹਰਾਉਣ ਦਾ ਮਨ ਬਣਾ ਲਿਆ ਹੈ। ਭਾਜਪਾ ਲਈ ਖੇਡ ਏਨੀ ਸੋਖੀ ਨਹੀਂ ਰਹੀ, ਜਿੰਨੀ ਕਿ ਪਹਿਲਾਂ ਸਮਝੀ ਜਾ ਰਹੀ ਸੀ। ਵਿਰੋਧੀ ਧਿਰਾਂ ਨੇ ਪਹਿਲੀ ਮੀਟਿੰਗ ਸ਼ਿਮਲਾ ਵਿਖੇ ਰੱਖੀ ਸੀ, ਜਿਸ ਨੂੰ ਮੁਅੱਤਲ ਕਰਨ ਤੋਂ ਬਾਅਦ ਦੂਜੀ ਮੀਟਿੰਗ ਬੈਂਗਲੁਰੂ ਵਿਖੇ ਰੱਖੀ ਗਈ ਹੈ। ਪਹਿਲੀ ਮੀਟਿੰਗ 30 ਜੂਨ ਨੂੰ ਹੋਈ ਸੀ, ਜਿਸ ਦੀ ਮੇਜ਼ਬਾਨੀ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਕੀਤੀ ਸੀ।

ਵਿਰੋਧੀ ਧਿਰਾਂ ਦੇ ਇੱਕ ਮੰਚ ਉੱਤੇ ਇਕੱਠੇ ਹੋਣ ਦਾ ਮੁੱਢ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਵੱਲੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਬੰਨ੍ਹਿਆ ਗਿਆ ਹੈ। ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਇਹ ਆਰਡੀਨੈਂਸ ਜਾਰੀ ਕਰਕੇ ਕਿ ਦਿੱਲੀ ਸਰਕਾਰ ਵਿੱਚ ਤਾਇਨਾਤੀਆਂ ਅਤੇ ਤਬਾਦਲਿਆਂ ਦਾ ਅਧਿਕਾਰ ਮੁੜ ਤੋਂ ਆਪਣੇ ਕੋਲ ਲੈ ਲਿਆ ਗਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵਿਰੋਧੀਆਂ ਨੂੰ ਇਸ ਖਿਲਾਫ ਰਾਜ ਸਭਾ ਵਿੱਚ ਭੁਗਤਾਉਣ ਲਈ ਇਕੱਠੇ ਹੋਣ ਦੀ ਇਕ ਮੁਹਿੰਮ ਸ਼ੁਰੂ ਕੀਤੀ ਸੀ। ਕੇਜਰੀਵਾਲ ਦੀ ਇਸ ਮੁਹਿੰਮ ਨੂੰ ਤਾਂ ਪੂਰੀ ਬੂਰ ਨਹੀਂ ਪੈ ਸਕਿਆ, ਪਰ ਵਿਰੋਧੀ ਧਿਰਾਂ ਦੇ ਇੱਕ ਮੰਚ 'ਤੇ ਇਕੱਠਿਆਂ ਹੋਣ ਦਾ ਮੁੱਢ ਜ਼ਰੂਰ ਬੱਝ ਗਿਆ ਹੈ। ਕਾਂਗਰਸ ਪਾਰਟੀ ਵੱਲੋਂ ਅਰਵਿੰਦ ਕੇਜਰੀਵਾਲ ਦੇ ਨਾਲ ਤੁਰਨ ਤੋਂ ਆਨਾਕਾਨੀ ਕਰਨ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਕੇਂਦਰ ਸਰਕਾਰ ਦੇ ਆਰਡੀਨੈਂਸ ਨੂੰ ਦੇਸ਼ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਹੈ।

17 ਅਤੇ 18 ਜੁਲਾਈ ਦੀ ਮੀਟਿੰਗ ਦਾ ਸੱਦਾ ਕਾਂਗਰਸ ਦੇ ਪ੍ਰਧਾਨ ਮਲਿਕਰਜੁਨ ਖੜਗੇ ਵੱਲੋਂ ਦਿੱਤਾ ਗਿਆ ਹੈ। ਉਹਨਾ ਦਾ ਦਾਅਵਾ ਹੈ ਕਿ ਵਿਰੋਧੀ ਧਿਰਾਂ ਦੀ ਪਹਿਲੀ ਮੀਟਿੰਗ ਬਹੁਤ ਸਫਲ ਰਹੀ ਸੀ, ਕਿਉਂਕਿ ਉਸ ਮੀਟਿੰਗ ਵਿਚ ਉਹ ਮੁੱਦਿਆਂ ਉੱਤੇ ਚਰਚਾ ਕੀਤੀ ਗਈ ਸੀ, ਜਿਹੜੇ ਦੇਸ ਲਈ ਖਤਰਾ ਖੜ੍ਹੇ ਕਰ ਰਹੇ ਹਨ। ਵਿਰੋਧੀ ਧਿਰਾਂ 17 ਜੁਲਾਈ ਨੂੰ ਬੈਂਗਲੁਰੂ ਵਿਖੇ ਰਾਤਰੀ ਭੋਜ ਉੱਤੇ ਮਿਲਣਗੀਆਂ। ਵਿਰੋਧੀ ਧਿਰਾਂ ਨੂੰ ਇਕੱਠਿਆਂ ਕਰਨ ਲਈ ਜਿੱਥੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਅਹਿਮ ਭੂਮਿਕਾ ਨਿਭਾ ਰਹੇ ਹਨ, ਉੱਥੇ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਵੀ ਪੂਰਾ ਤਾਣ ਲਾ ਰਹੇ ਹਨ। ਵਿਰੋਧੀ ਧਿਰਾਂ ਜੇਕਰ ਇੱਕ ਸਟੇਜ 'ਤੇ ਇਕੱਠੀਆਂ ਹੋ ਜਾਂਦੀਆਂ ਹਨ ਤਾਂ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਭਾਜਪਾ ਨਾਲ ਮੁਕਾਬਲਾ ਕਰਨਾ ਮੁਸ਼ਕਲ ਨਹੀਂ ਹੋਵੇਗਾ। ਵਿਰੋਧੀ ਧਿਰਾਂ ਦੇ ਪਿਛਲੇ ਇਤਿਹਾਸ ਤੇ ਝਾਤ ਮਾਰ ਕਰ ਲਈਏ ਤਾਂ ਇਕੱਠ ਅੱਧ-ਵਿਚਾਲੇ ਟੁੱਟ ਜਾਂਦੇ ਰਹੇ ਹਨ। ਬਹੁਤ ਵਾਰੀ ਟਿਕਟਾਂ ਦੀ ਵੰਡ ਨੂੰ ਲੈ ਕੇ ਰੌਲਾ ਪੈ ਜਾਂਦਾ ਹੈ। ਕਦੇ-ਕਦੇ ਪ੍ਰਧਾਨ ਮੰਤਰੀ ਦੀ ਕੁਰਸੀ ਵੀ ਖਿੱਚੋਤਾਣ ਦਾ ਕੇਂਦਰ ਬਣ ਜਾਂਦੀ ਹੈ। ਜੇ ਉਪਰਲੀ ਲੀਡਰਸ਼ਿਪ ਇੱਕ ਹੋ ਵੀ ਜਾਵੇ, ਲੋਕ ਸਭਾ ਜਾਂ ਵਿਧਾਨ ਸਭਾ ਹਲਕਾ ਪੱਧਰ ਉੱਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਲੀਡਰ ਇੱਕ-ਦੂਜੇ ਨਾਲ ਭਿੜ ਪੈਂਦੇ ਹਨ।

ਦੋ ਦਰਜਨ ਦੇ ਕਰੀਬ ਜਿਹੜੀਆਂ ਸਿਆਸੀ ਪਾਰਟੀਆਂ ਮੀਟਿੰਗ ਵਿੱਚ ਸ਼ਾਮਲ ਹੋਣਗੀਆਂ, ਉਨ੍ਹਾਂ ਪਾਰਟੀਆਂ ਦੇ ਲੋਕ ਸਭਾ ਵਿਚ ਇਸ ਵੇਲੇ 150 ਦੇ ਕਰੀਬ ਮੈਂਬਰ ਹਨ ਅਤੇ ਇਹ ਆਪਣੀ ਗਿਣਤੀ ਵਧਾਉਣ ਲਈ ਆਪਣੇ ਘੇਰੇ ਨੂੰ ਵਸੀਹ ਕਰਨ ਦੀ ਤਾਕਤ ਵਿੱਚ ਹਨ। ਸਮਝਿਆ ਜਾ ਰਿਹਾ ਹੈ ਕਿ ਏਕੇ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਰਮਿਆਨ ਵਿਰੋਧੀ ਪਾਰਟੀਆਂ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਇਕ ਸਾਂਝਾ ਉਮੀਦਵਾਰ ਖੜਾ ਕਰਨ ਉਤੇ ਰਜ਼ਾਮੰਦੀ ਬਣਾ ਸਕਦੀਆਂ ਹਨ। ਪਿਛਲੀ ਮੀਟਿੰਗ ਵਿੱਚ 16 ਸਿਆਸੀ ਪਾਰਟੀਆਂ ਨੂੰ ਸੱਦਾ ਦਿੱਤਾ ਗਿਆ ਸੀ, ਜਿਨ੍ਹਾਂ ਵਿਚੋਂ 15 ਸ਼ਾਮਲ ਹੋਈਆਂ ਸਨ। ਰਾਸ਼ਟਰੀ ਲੋਕ ਦਲ ਦੇ ਆਗੂ ਪਰਿਵਾਰਕ ਸਮਾਗਮ ਕਰਕੇ ਗੈਰਹਾਜ਼ਰ ਰਹੇ ਸਨ। ਮੀਟਿੰਗ ਲਈ ਆਮ ਆਦਮੀ ਪਾਰਟੀ ਨੂੰ ਵੀ ਸੱਦਾ ਦਿੱਤਾ ਗਿਆ ਹੈ। ਹਾਲਾਂਕਿ ਪਟਨਾ ਵਿਖੇ ਹੋਈ ਪਹਿਲੀ ਮੀਟਿੰਗ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੇ ਇਹ ਕਹਿ ਦਿੱਤਾ ਸੀ ਕਿ ਜੇ ਕਾਂਗਰਸ ਕੇਂਦਰ ਦੇ ਆਰਡੀਨੈਂਸ ਖਿਲਾਫ਼ ਨਹੀਂ ਖੜਦੀ ਤਾਂ ਉਹ ਅਗਲੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਣਗੇ। ਹੁਣ ਕਾਂਗਰਸ ਨੇ ਆਪਣਾ ਸਟੈਂਡ ਸਪੱਸ਼ਟ ਕਰ ਦਿੱਤਾ ਹੈ।

ਵਿਰੋਧੀ ਧਿਰਾਂ ਦੇ ਇਸ ਗੱਠਜੋੜ ਨਾਲ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਫਾਇਦਾ ਹੁੰਦਾ ਦਿਸਦਾ ਹੈ, ਕਿਉਂਕਿ ਭਾਰਤੀ ਜਨਤਾ ਪਾਰਟੀ ਵਾਸਤੇ ਪੁਰਾਣੇ ਭਾਈਵਾਲ ਨਾਲ ਗੱਠਜੋੜ ਕਰਨਾ ਮਜਬੂਰੀ ਬਣ ਸਕਦਾ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਭਾਰਤੀ ਜਨਤਾ ਪਾਰਟੀ ਲਈ ਚਾਹੇ ਬਹੁਤ ਜ਼ਿਆਦਾ ਅਹਿਮੀਅਤ ਨਹੀਂ ਰੱਖਦੀਆਂ, ਪਰ ਜਦੋਂ ਹੁਣ ਵਿਰੋਧੀ ਧਿਰਾਂ ਇਕੱਠੀਆਂ ਹੋਣ ਲੱਗੀਆਂ ਹਨ ਤਾਂ ਭਾਰਤੀ ਜਨਤਾ ਪਾਰਟੀ ਨੂੰ ਇੱਕ-ਇੱਕ ਵੋਟ ਦੀ ਲੋੜ ਹੋ ਸਕਦੀ ਹੈ। ਪੰਜਾਬ ਦੀ ਸਿੱਖ ਸਿਆਸਤ ਪੂਰੇ ਦੇਸ਼ ਦੇ ਵੋਟਰਾਂ ਨੂੰ ਪ੍ਰਭਾਵਤ ਕਰਦੀ ਹੈ। ਪੰਜਾਬ ਦਾ ਸਿੱਖ ਭਾਈਚਾਰਾ ਮੁਲਕ ਭਰ ਵਿੱਚ ਫੈਲਿਆ ਹੋਇਆ ਹੈ ਅਤੇ ਇਸ ਦਾ ਆਪਣਾ ਵੱਡਾ ਪ੍ਰਭਾਵ ਅਤੇ ਅਧਿਕਾਰ ਵੀ ਹੈ। ਭਾਰਤੀ ਜਨਤਾ ਪਾਰਟੀ ਨੇ ਵਿਰੋਧੀ ਧਿਰਾਂ ਦੇ ਇਕੱਠ ਨੂੰ ਫੋਟੋ ਸੈਸ਼ਨ ਦੱਸਿਆ ਸੀ। ਭਾਰਤੀ ਜਨਤਾ ਪਾਰਟੀ ਨੇ ਵਿਰੋਧੀ ਧਿਰਾਂ ਦੇ ਇਕੱਠ ਤੋਂ ਤ੍ਰਭਕ ਕੇ ਹੀ ਮੰਤਰੀ ਮੰਡਲ ਵਿੱਚ ਫੇਰਬਦਲ ਦਾ ਮਨ ਬਣਾਇਆ ਹੈ, ਜਿਸ ਵਿੱਚ ਇੱਕ ਹੋਰ ਸਿੱਖ ਚਿਹਰੇ ਨੂੰ ਸ਼ਾਮਲ ਕਰਨ ਦੀ ਚਰਚਾ ਚੱਲ ਪਈ ਹੈ। ਇੱਕ ਸਿੱਖ ਚਿਹਰਾ ਹਰਦੀਪ ਸਿੰਘ ਪੁਰੀ ਪਹਿਲਾਂ ਹੀ ਭਾਈਚਾਰੇ ਦੀ ਕੇਂਦਰੀ ਵਜ਼ਾਰਤ ਵਿਚ ਪ੍ਰਤੀਨਿਧਤਾ ਕਰ ਰਿਹਾ ਹੈ।

ਕਿਹਾ ਜਾ ਸਕਦਾ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਆਊਟ ਕਰਨਾ ਚਾਹੇ ਅਸਾਨ ਨਾ ਵੀ ਹੋਵੇ, ਪਰ ਕੇਂਦਰ ਵਿੱਚ ਇਕ ਮਜ਼ਬੂਤ ਵਿਰੋਧੀ ਧਿਰ ਦੇ ਆਸਾਰ ਜ਼ਰੂਰ ਬਣ ਗਏ ਹਨ। ਕਿਸੇ ਵੀ ਸਰਕਾਰ ਵਿੱਚ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਜਰੂਰੀ ਹੈ। ਜੇ ਵਿਰੋਧੀ ਧਿਰ ਤਾਕਤ ਵਿਚ ਆ ਜਾਂਦਾ ਹੈ ਤਾਂ ਭਾਜਪਾ ਕੇਂਦਰ ਵਿੱਚ ਇੱਕ ਮਜਬੂਤ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਦੇ ਸਮਰੱਥ ਤਾਂ ਹੋਵੇਗੀ । ਕੁੱਲ ਮਿਲਾ ਕੇ ਇਹ ਕਹਿਣਾ ਬਣਦਾ ਹੈ ਕਿ ਭਾਰਤ ਨੂੰ ਅਜਿਹੀ ਸਰਕਾਰ ਦੀ ਲੋੜ ਹੈ, ਜਿਹਦੀ ਪਹਿਲ ਦੇਸ਼ ਦੀ ਅਖੰਡਤਾ, ਅਮਨ-ਸ਼ਾਂਤੀ ਭਾਈਚਾਰਕ ਸਾਂਝ ਅਤੇ ਮੁਲਕ ਦਾ ਵਿਕਾਸ ਹੋਵੇ। ਸੰਘੀ ਢਾਂਚਾ ਵੀ ਸਮੇਂ ਦੀ ਮੁੱਖ ਲੋੜ ਬਣ ਕੇ ਰਹਿ ਗਿਆ ਹੈ। ਗਰੀਬੀ ਹਾਲੇ ਵੀ ਪਹਿਲਾਂ ਦੀ ਤਰ੍ਹਾਂ ਮੂੰਹ ਚਿੜਾ ਰਹੀ ਹੈ। ਇੱਕ ਸੱਚ ਇਹ ਵੀ ਕਿ ਆਜ਼ਾਦੀ ਹਾਲੇ ਤਾਈਂ ਵੱਡੀ ਗਿਣਤੀ ਭਾਰਤ ਵਾਸੀਆਂ ਦੇ ਸੁਪਨਿਆਂ ਤੱਕ ਹੀ ਸੀਮਤ ਹੈ।

***# ਸੰਪਰਕ : 98147-34035***

# ਬੈਂਕਾਂ ਦੇ ਮਾੜੇ ਪ੍ਰਬੰਧਾਂ ਵਿਰੁੱਧ ਪੈਨਸ਼ਨਰਾਂ ਵੱਲੋਂ ਵਿਸ਼ਾਲ ਧਰਨਾ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋ: ਜ਼ਿਲ੍ਹਾ ਸੰਗਰੂਰ ਦੇ ਬੈਨਰ ਹੇਠ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਰਪ੍ਰਸਤ ਜਗਦੀਸ਼ ਸ਼ਰਮਾ, ਸੁਰਿੰਦਰ ਬਾਲੀਆਂ, ਪ੍ਰਧਾਨ ਅਜਮੇਰ ਸਿੰਘ, ਖਜ਼ਾਨ ਚੰਦ, ਜੋਰਾ ਸਿੰਘ ਦੀ ਅਗਵਾਈ ਵਿੱਚ ਪੈਨਸ਼ਨਾਂ ਵੰਡਣ ਵਾਲੇ ਬੈਂਕਾਂ, ਲੀਡ ਬੈਂਕ ਮੈਨੇਜਰ ਤੇ ਹੋਰ ਬੈਂਕਾਂ ਦੇ ਭੈੜੇ ਪ੍ਰਬੰਧਾਂ ਵਿਰੁੱਧ ਸੈਂਕੜੇ ਪੈਨਸ਼ਨਰਾਂ ਵੱਲੋਂ ਵਿਸ਼ਾਲ ਧਰਨਾ ਦੇ ਕੇ ਰੋਸ ਤੇ ਰੋਹ ਦਾ ਪ੍ਰਗਟਾਵਾ ਕੀਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪੈਨਸ਼ਨਰ ਪਹਿਲਾਂ ਡੀ ਸੀ ਦਫਤਰ ਅੱਗੇ ਇਕੱਠੇ ਹੋਏ ਤੇ ਬਜ਼ਾਰ ਵਿੱਚ ਰੋਸ ਮਾਰਚ ਕਰਕੇ ਸਟੇਟ ਬੈਂਕ ਆਫ ਇੰਡੀਆ ਸੰਗਰੂਰ ਅੱਗੇ ਵਿਸ਼ਾਲ ਧਰਨਾ ਲਾ ਦਿੱਤਾ। ਧਰਨੇ ਨੂੰ ਸੰਬੋਧਨ ਕਰਦਿਆਂ ਜਗਦੀਸ਼ ਸ਼ਰਮਾ, ਸੁਰਿੰਦਰ ਬਾਲੀਆਂ, ਬਿੱਕਰ ਸਿੰਘ ਸਿਬੀਆਂ, ਖਜ਼ਾਨ ਚੰਦ, ਸ਼ਿਵ ਕੁਮਾਰ, ਸੀਤਾ ਰਾਮ ਸ਼ਰਮਾ, ਮੇਲਾ ਸਿੰਘ ਪੁੰਨਾਵਾਲ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਨੂੰ 1/7/15 ਤੋਂ 31/12/15 ਤੱਕ 6% ਡੀ ਏ ਦੇਣ ਦੇ ਹੁਕਮਾਂ ਅਨੁਸਾਰ ਬੈਂਕ ਵੱਲੋਂ ਪੇਮੈਂਟ ਨਹੀਂ ਕੀਤੀ ਜਾ ਰਹੀ, ਜਨਵਰੀ 23 ਤੇ ਜੁਲਾਈ 23 ਦੇ ਐੱਲ.ਟੀ.ਸੀ. ਨਾ ਦੇਣ ਦੀਆਂ ਹਦਾਇਤਾਂ ਅਨੁਸਾਰ ਹਰ ਮਹੀਨੇ ਪੈਨਸ਼ਨ ਸਮੇਂ ਸਿਰ ਨਾ ਦੇਣ, ਬੈਂਕ ਵਿੱਚ ਪੈਨਸ਼ਨਰਾਂ ਨੂੰ ਗਾਈਡ ਕਰਨ, ਰੋਸੇ ਸੁਣਨ, ਤਕਲੀਫਾਂ ਦੂਰ ਕਰਨ, ਹਮਦਰਦੀ ਤੇ ਹਲੀਮੀ ਦਾ ਵਰਤਾਓ ਨਾ ਕਰਨ ਲਈ ਨਿਯਮਾਂ ਦੇ ਜਾਣੂ ਨੋਡਲ ਅਧਿਕਾਰੀ ਨਾ ਆਉਣ, ਏ ਜੀ ਪੰਜਾਬ ਵੱਲੋਂ ਪ੍ਰਵਾਨ ਹੋਏ ਕੇਸਾਂ ਦੀ ਪੇਮੈਂਟ ਨਾ ਕਰਨਾ, ਨੌਮੀਨੇਸ਼ਨ ਫਾਰਮਾਂ ਦੀ ਸਾਂਭ-ਸੰਭਾਲ ਨਾ ਕਰਨਾ, ਪੀ.ਪੀ.ਓ. ਦੀਆਂ ਕਾਪੀਆਂ ਨੂੰ ਅੱਪਡੇਟ ਨਾ ਕਰਨ ਵਿਰੁੱਧ ਪੈਨਸ਼ਨਰਾਂ ਵਿੱਚ ਰੋਸ ਤੇ ਰੋਹ ਵਧਿਆ ਹੈ। ਧਰਨੇ ਵਿੱਚ ਲੀਡ ਬੈਂਕ ਮੈਨੇਜਰ ਸੰਜੀਵ ਅੱਗਰਵਾਲ, ਪ੍ਰਬੰਧਕ ਨਿਸ਼ਾਂਤ ਰੰਜਣ ਅਹੂਜਾ, ਮੈਨੇਜਰ ਸੁਮਿਤ ਅਨੁਜ ਵੱਲੋਂ ਧਰਨੇ ਵਿੱਚ ਪਹੁੰਚ ਕੇ ਲਿਖਤੀ ਪੱਤਰਾਂ ਰਾਹੀਂ ਦੱਸਿਆ ਕਿ ਬਕਾਏ ਦੀ ਅਦਾਇਗੀ ਜੁਲਾਈ-23 ਦੀ ਪੈਨਸ਼ਨ ਨਾਲ ਪਾ ਦਿੱਤੀ ਜਾਵੇਗੀ ਤੇ ਹੋਰ ਮੰਗਾਂ ਮੰਨਣ 'ਤੇ ਵੀ ਸਹਿਮਤੀ ਕੀਤੀ। ਧਰਨੇ ਦੀ ਸਮਾਪਤੀ 'ਤੇ ਐਸੋ. ਵੱਲੋਂ ਐਲਾਨ ਕੀਤਾ ਕਿ ਜੇਕਰ ਵਾਅਦੇ ਪੂਰੇ ਨਾ ਕੀਤੇ ਤਾਂ 8 ਅਗਸਤ ਨੂੰ ਬੈਂਕਾਂ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਕੁਲਵੰਤ ਸਿੰਘ, ਬਲਵੰਤ ਸਿੰਘ, ਰਾਮ ਲਾਲ ਸ਼ਰਮਾ, ਜਸਪਾਲ ਸਿੰਘ, ਇੰਦਰ ਸਿੰਘ ਧੂਰੀ, ਹੰਸ ਰਾਜ ਦੀਦਾਰਗੜ੍ਹ, ਪਵਨ ਸ਼ਰਮਾ, ਬਲਵੰਤ ਢਿੱਲੋਂ, ਮੰਗਲ ਰਾਣਾ, ਜੋਰਾ ਸਿੰਘ, ਹਵਾ ਸਿੰਘ, ਭੀਮ ਸੈਨ, ਮੋਹਨ ਸਿੰਘ ਬਾਵਾ, ਬਲਵੀਰ ਸਿੰਘ ਰਤਨ, ਭਰਤ ਹਰੀ, ਸੁਖਦੇਵ ਸਿੰਘ, ਤਾਰਾ ਸਿੰਘ, ਰੂਪ ਚੰਦ ਚਾਂਗਲੀ, ਸੁਖਵਿੰਦਰ ਖੇੜੀ ਆਦਿ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਖੇਤਰ 'ਚ ਸੇਵਾਵਾਂ ਲਈ ਤਿੰਨ ਐਂਬੂਲੈਂਸ ਦਿੱਤੀਆਂ




**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਨਰਸਿੰਗ ਐਸੋਸੀਏਸ਼ਨ ਵੱਲੋਂ ਪੂਰੇ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਸੇਵਾ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਸ ਸਬੰਧੀ ਅੱਜ ਨਰਸਿੰਗ ਐਸੋਸੀਏਸ਼ਨ ਜ਼ਿਲ੍ਹਾ ਮੋਗਾ ਵੱਲੋਂ ਸਰਕਾਰੀ ਹਸਪਤਾਲ ਕੋਟ ਈਸੇ ਖਾਂ ਨੂੰ ਐਂਬੂਲੈਂਸ ਮੁਹੱਈਆ ਕਰਵਾਈਆਂ। ਇਸ ਸਮੇਂ ਸੀਨੀਅਰ ਮੈਡੀਕਲ ਅਫਸਰ ਡਾ. ਸੰਦੀਪ ਸਿੰਘ ਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਅਸ਼ੋਕ ਸਿੰਗਲਾ ਵੱਲੋਂ ਨਰਸਿੰਗ ਐਸੋਸੀਏਸ਼ਨ ਦਾ ਇਸ ਕੁਦਰਤੀ ਆਫਤ ਦੀ ਘੜੀ ਵਿੱਚ ਸਹਿਯੋਗ ਕਰਨ ਲਈ ਧੰਨਵਾਦ ਕੀਤਾ। ਇਸ ਸਮੇਂ ਚੇਅਰਮੈਨ ਗੁਰਦਿਆਲ ਸਿੰਘ ਬੁੱਟਰ, ਪ੍ਰਿੰਸੀਪਲ ਦਲਜੀਤ ਕੌਰ, ਹੈਲਥ ਸੁਪਰਵਾਈਜ਼ਰ ਜਤਿੰਦਰ ਸੂਦ, ਦਵਿੰਦਰ ਸਿੰਘ ਤੂਰ, ਫਾਰਮੇਸੀ ਅਫਸਰ ਗੁਰਵਿੰਦਰ ਸਿੰਘ ਮੱਲੀ ਹਾਜ਼ਰ ਸਨ।

# ਵਿਧਾਇਕਾ ਨੇ ਇੰਟਰਲਾਕਿੰਗ ਦੇ ਕੰਮ ਦੀ ਕੀਤੀ ਸ਼ੁਰੂਆਤ

**ਮੋਗਾ (ਅਮਰਜੀਤ ਬੱਬਰੀ)**-ਹਲਕਾ ਮੋਗਾ ਦੇ ਪਿੰਡ ਦੌਲਤਪੁਰਾ ਉੱਚਾ ਵਿਖੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪਿੰਡ ਦੀਆਂਗਲੀਆਂ ਵਿੱਚ ਇੰਟਰਲਾਕਿੰਗ ਟਾਇਲਾਂ ਲਾਉਣ ਦੇ ਕਾਰਜ ਦੀ ਸ਼ੁਰੂਆਤ ਟੱਕ ਲਗਾ ਕੇ ਕਰਵਾਈ। ਇਸ ਤੋਂ ਪਹਿਲਾਂ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਪਿੰਡ ਵਿੱਚ ਪੁੱਜਣ 'ਤੇ ਨਗਰ ਨਿਵਾਸੀਆਂ ਨੇ ਸੁਆਗਤ ਕੀਤਾ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪਿੰਡ ਨਿਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦਾ ਮੌਕੇ 'ਤੇ ਹੀ ਹੱਲ ਕਰਵਾਇਆ। ਉਨ੍ਹਾ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਵੱਧ ਤੋਂ ਵੱਧ ਗਰਾਂਟ ਲਿਆ ਕੇ ਪਿੰਡਾਂ ਨੂੰ ਵੀ ਸ਼ਹਿਰ ਦੀ ਤਰ੍ਹਾਂ ਮਾਡਲ ਰੂਪ ਦਿੱਤਾ ਜਾਵੇਗਾ ਅਤੇ ਵਿਕਾਸ ਕਾਰਜਾਂ ਵਿੱਚ ਕਿਸੇ ਪ੍ਰਕਾਰ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਨਿਵਾਸੀ, ਵਲੰਟੀਅਰ ਤੇ ਅਹੁਦੇਦਾਰ ਹਾਜ਼ਰ ਸਨ।

# ਇੱਕੋ ਦਿਨ 'ਚ 7 ਲੱਖ ਬੂਟੇ ਲਾ ਕੇ ਵਿਦਿਆਰਥੀਆਂ ਬਣਾਇਆ ਵਿਸ਼ਵ ਰਿਕਾਰਡ

## ਅੱਜ ਦੇ ਬੱਚਿਆਂ ਨੂੰ ਵਾਤਾਵਰਨ ਪ੍ਰਤੀ ਸੁਚੇਤ ਕਰਨਾ ਸਮੇਂ ਦੀ ਮੁੱਖ ਲੋੜ : ਡਾ. ਗੁਰਪ੍ਰੀਤ ਕੌਰ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਆਪਣਾ ਪੰਜਾਬ ਫਾਊਂਡੇਸ਼ਨ ਪੰਜਾਬ ਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਧੂਰੀ ਵਿਖੇ ਖੁੱਲ੍ਹੇ ਸਟੇਡੀਅਮ 'ਚ 11 ਹਜ਼ਾਰ ਵਿਦਿਆਰਥੀਆਂ ਵੱਲੋਂ ਵੱਡਾ 'ਮਨੁੱਖੀ ਦਰਖਤ' ਬਣਾਉਣ ਤੇ ਇੱਕੋ ਦਿਨ ਸੂਬੇ 'ਚ 7 ਲੱਖ ਬੂਟੇ ਲਗਾ ਕੇ ਵਿਸ਼ਵ ਰਿਕਾਰਡ ਸਥਾਪਤ ਕਰਨ ਦਾ ਮਾਣ ਪ੍ਰਾਪਤ ਕੀਤਾ। ਵਰਨਣਯੋਗ ਹੈ ਕਿ ਉਕਤ ਸੰਸਥਾ ਵੱਲੋਂ ਪਿਛਲੇ ਵਰ੍ਹੇ ਪੰਜ ਲੱਖ ਅਠਾਹਟ ਹਜ਼ਾਰ ਬੂਟੇ ਲਗਾਏ ਗਏ ਸਨ। ਕਾਲਜ ਦੇ ਖੁੱਲ੍ਹੇ ਸਟੇਡੀਅਮ ਵਿੱਚ ਇਸ ਵਿਸ਼ਵ ਰਿਕਾਰਡ ਦੇ ਸ਼ਾਖਸੀ ਬਣੇ ਹਜ਼ਾਰਾਂ ਲੋਕਾਂ ਤੇ ਸਕੂਲੀ ਬੱਚਿਆਂ ਦਰਮਿਆਨ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਤੇ ਦੇਸ਼ ਦੀ ਉੱਘੀ ਧਾਰਮਿਕ ਸ਼ਖਸੀਅਤ ਬਾਬਾ ਕਾਲੀਦਾਸ ਪਰਮਹੰਸ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਡਾ. ਜਗਜੀਤ ਸਿੰਘ ਧੂਰੀ ਨੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਪ੍ਰੋਗਰਾਮ ਸਬੰਧੀ ਵਿਸਥਾਰਤ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅੱਜ ਸਾਰੇ ਪੰਜਾਬ ਅੰਦਰ ਪ੍ਰਾਈਵੇਟ ਸਕੂਲਾਂ ਨਾਲ ਸਬੰਧਤ ਵਿਦਿਆਰਥੀ 1 ਬੂਟਾ ਲਗਾਏਗਾ ਤੇ ਇਸ ਦੇ ਪਾਲਣ ਪੋਸ਼ਣ ਦਾ ਵੀ ਅਹਿਦ ਕਰੇਗਾ। ਮੁੱਖ ਮੰਤਰੀ ਪੰਜਾਬ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ, ਬਾਬਾ ਕਾਲੀਦਾਸ ਪਰਮਹੰਸ ਵੱਲੋਂ ਝੰਡਾ ਲਹਿਰਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕਰਨ ਦੇ ਨਾਲ ਨਾਲ ਮਿਸ਼ਨ ਹਰਿਆਲੀ-2023 ਦਾ ਸ਼ੁੱਭ ਆਗਾਜ਼ ਕੀਤਾ, ਜਿਸ ਮਗਰੋਂ 60 ਸਕੂਲਾਂ ਦੇ 11 ਹਜ਼ਾਰ ਸਕੂਲੀ ਬੱਚਿਆਂ ਨੇ ਦੁਨੀਆ ਦਾ ਸਭ ਤੋਂ ਵੱਡਾ ਹਰਾ ਭਰਾ 'ਮਨੁੱਖੀ ਦਰੱਖਤ' ਬਣਾ ਕੇ ਦੁਪਹਿਰ 12:03 ਵਜੇ ਵਿਸ਼ਵ ਰਿਕਾਰਡ ਬਣਾਇਆ।



ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੂੰ ਸਨਮਾਨਤ ਕਰਦੇ ਪ੍ਰਬੰਧਕ।

ਮੁੱਖ ਮੰਤਰੀ ਦੀ ਧਰਮ ਪਤਨੀ ਨੇ ਕਿਹਾ ਕਿ ਡਾਕਟਰ ਧੂਰੀ ਤੇ ਉਨ੍ਹਾਂ ਦੀ ਟੀਮ ਦਾ ਵਾਤਾਵਰਨ ਪ੍ਰਤੀ ਇਹ ਵਿਲੱਖਣ ਉਪਰਾਲਾ ਹੋਰਨਾਂ ਲਈ ਪ੍ਰੇਰਣਾ ਸਰੋਤ ਤੇ ਰਾਹ ਦਰਸਾਊ ਹੈ। ਉਨ੍ਹਾ ਕਿਹਾ ਕਿ ਅਜਿਹੇ ਪ੍ਰੋਗਰਾਮ ਹਰ ਸਾਲ ਹੋਣੇ ਚਾਹੀਦੇ ਹਨ, ਕਿਉਂਕਿ ਕੱਲ੍ਹ ਦਾ ਭਵਿੱਖ ਅੱਜ ਦੇ ਬੱਚਿਆਂ ਨੂੰ ਵਾਤਾਵਰਨ ਪ੍ਰਤੀ ਸੁਚੇਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਜ਼ਿਕਰਯੋਗ ਹੈ ਕਿ ਜਿਹੜੇ ਬੱਚਿਆਂ ਨੇ ਵਿਸ਼ਵ ਰਿਕਾਰਡ ਬਣਾਉਣ ਲਈ ਪ੍ਰੋਗਰਾਮ ਵਿੱਚ ਹਿੱਸਾ ਲਿਆ ਸੀ, ਉਨ੍ਹਾਂ ਨੂੰ ਵਰਲਡ ਰਿਕਾਰਡ ਇੰਡੀਆ ਵੱਲੋਂ ਸਰਟੀਫਿਕੇਟ ਦਿੱਤੇ ਗਏ, ਜਦੋਂਕਿ ਹਿੱਸਾ ਲੈਣ ਵਾਲੇ ਸਕੂਲਾਂ ਨੂੰ ਮੈਡਲ ਪ੍ਰਦਾਨ ਕੀਤੇ। ਇਸ ਮੌਕੇ ਓ.ਐੱਸ.ਡੀ. ਮੁੱਖ ਮੰਤਰੀ ਪ੍ਰੋ. ਓਂਕਾਰ ਸਿੰਘ, ਫਾਊਂਡੇਸ਼ਨ ਦੇ ਮੈਂਬਰ ਡਾਇਰੈਕਟਰ ਕੰਵਲਜੀਤ ਸਿੰਘ ਢੀਂਡਸਾ, ਸੰਜੈ ਗੁਪਤਾ, ਅਨਿਲ ਮਿੱਤਲ, ਭੁਪਿੰਦਰ ਸਿੰਘ, ਬੀਰਇੰਦਰ ਸਿੰਘ ਬਨਭੌਰੀ, ਮਾਲਵਿੰਦਰ ਸਿੰਘ ਤੇ ਸਮੂਹ ਮੈਂਬਰ ਹਾਜ਼ਰ ਸਨ।

## ਕਾਤਰਾਂ

### ਦਿਵਿਆਂਗਤਾ ਸਰਟੀਫਿਕੇਟ ਲਈ ਸੇਵਾ ਕੇਂਦਰ ਜਾਂ ਆਨਲਾਈਨ ਕੀਤਾ ਜਾ ਸਕਦੈ ਅਪਲਾਈ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਐਕਟ 2016 ਤਹਿਤ ਵੱਖ-ਵੱਖ ਸ਼੍ਰੇਣੀਆਂ ਨਾਲ ਸਬੰਧਤ ਦਿਵਿਆਂਗਜਨ ਦਿਵਿਆਂਗਤਾ ਸਰਟੀਫਿਕੇਟ ਲਈ ਸੇਵਾ ਕੇਂਦਰ ਜਾਂ ਵੈੱਬਸਾਈਟ 'ਤੇ ਆਨਲਾਈਨ ਅਪਲਾਈ ਕਰ ਸਕਦੇ ਹਨ।ਇਹ ਜਾਣਕਾਰੀ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਰੇਨੂੰ ਬਾਲਾ ਨੇ ਦਿੱਤੀ।ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਰੇਨੂੰ ਬਾਲਾ ਨੇ ਦੱਸਿਆ ਕਿ ਨੇਤਰਹੀਣਤਾ, ਘੱਟ ਦ੍ਰਿਸ਼ਟੀ, ਸੁਣਨ ਵਿੱਚ ਕਮਜ਼ੋਰੀ, ਕੋੜ੍ਹ ਰੋਗ ਮੁਕਤ ਵਿਅਕਤੀ, ਸੈਰੇਬ੍ਰਲ ਪਾਲਸੀ, ਬੌਣਾਪਨ, ਮਾਸਪੇਸ਼ੀ ਕਮਜ਼ੋਰੀ, ਤੇਜ਼ਾਬ ਹਮਲੇ ਦਾ ਸ਼ਿਕਾਰ, ਚੱਲਣ-ਫਿਰਨ ਤੋਂ ਅਸਮਰੱਥ, ਬੌਧਿਕ ਦਿਵਿਆਂਗਤਾ, ਮਾਨਸਿਕ ਰੋਗ, ਸਵੈਲੀਨਤਾ ਸਪੈਕਟ੍ਰਮ ਵਿਕਾਰ, ਪੁਰਾਣੀਆਂ ਤੰਤ੍ਰਿਕਾ ਪ੍ਰਸਥਿਤੀਆਂ, ਬਹੁ ਸਕੇਲੇਰੋਸਿਸ, ਪਾਰਕਿਨਸਨਜ਼ ਰੋਗ, ਹੇਮੋਫੀਲਿਆ, ਥੈਲੇਸੀਮੀਆ, ਸਿੱਕਲ ਕੋਸ਼ਿਕਾ ਰੋਗ, ਬੋਲਾਪਣ ਤੇ ਨੇਤਰਹੀਣਤਾ ਸਮੇਤ ਬਹੁ-ਦਿਵਿਆਂਗਤਾਵਾਂ, ਸੰਵਾਦ ਤੇ ਭਾਸ਼ਾ ਦਿਵਿਆਂਗਤਾ ਅਤੇ ਵਿਸ਼ੇਸ਼ ਸਿਖਲਾਈ ਦਿਵਿਆਂਗਤਾ ਸ਼੍ਰੇਣੀਆਂ ਲਈ ਦਿਵਿਅਗਾਂਤਾ ਸਰਟੀਫਿਕੇਟ ਨੇੜੇ ਦੇ ਸੇਵਾ ਕੇਂਦਰ ਜਾਂ ਉਕਤ ਵੈੱਬਸਾਈਟ 'ਤੇ ਆਨਲਾਈਨ ਅਪਾਲਾਈ ਕੀਤਾ ਜਾ ਸਕਦਾ ਹੈ।

### ਇੱਕ ਕਿੱਲੋ 95 ਗ੍ਰਾਮ ਅਫੀਮ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀ ਐੱਸ ਐੱਫ ਦੀ ਬਟਾਲੀਅਨ 116 ਵੱਲੋਂ ਗਸ਼ਤ ਦੌਰਾਨ ਅਧਿਕਾਰੀਆਂ ਨੇ ਪੈਕੇਟ ਅਫੀਮ ਵਜ਼ਨੀ 1 ਕਿੱਲੋ 95 ਗ੍ਰਾਮ ਬਰਾਮਦ ਕੀਤਾ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਮਹਿੰਦਰ ਸਿੰਘ ਨੇ ਦੱਸਿਆ ਕਿ ਇਕ ਪੱਤਰ ਵੱਲੋਂ ਅਜੀਤ ਕੁਮਾਰ ਕੰਪਨੀ ਕਮਾਂਡਰ ਬੀ ਕੰਪਨੀ 116 ਬਟਾਲੀਅਨ ਬੀ ਐੱਸ ਐੱਫ ਦੇ ਅਧਿਕਾਰੀਆਂ ਨੂੰ ਗਸ਼ਤ ਦੌਰਾਨ 1 ਪੈਕੇਟ ਅਫੀਮ ਵਜ਼ਨੀ 1 ਕਿੱਲੋ 95 ਗ੍ਰਾਮ ਬਰਾਮਦ ਹੋਇਆ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

### ਹੜ੍ਹ ਪੀੜਤਾਂ ਲਈ ਲੰਗਰ ਭੇਜਿਆ

**ਮਾਨਸਾ (ਆਤਮਾ ਸਿੰਘ ਪਮਾਰ)**-ਪਿੰਡ ਚਾਂਦਪੁਰੇ ਵਿੱਚ ਘੱਗਰ 'ਚ ਕਰੀਬ 100 ਫੁੱਟ ਚੌੜਾ ਪਾੜ ਪੈਣ ਕਾਰਨ ਪੰਜਾਬ ਤੇ ਹਰਿਆਣੇ ਦੇ ਕਾਫੀ ਪਿੰਡਾਂ ਵਿੱਚ ਪਾਣੀ ਭਰ ਗਿਆ ਹੈ ਅਤੇ ਫਸਲਾਂ, ਸਬਜ਼ੀਆਂ ਤੇ ਹਰਾ ਚਾਰਾ ਖਤਮ ਹੋ ਗਿਆ ਹੈ। ਪਾਣੀ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਲੋਕ ਆਪ ਮੁਹਾਰੇ ਹੀ ਲੋੜੀਂਦੀਆਂ ਵਸਤਾਂ (ਲੰਗਰ, ਹਰਾ-ਚਾਰਾ, ਮੈਡੀਕਲ ਸਹੂਲਤ) ਲੈ ਕੇ ਆਪਣੇ ਭਰਾਵਾਂ ਦੀ ਮਦਦ ਕਰਨ ਲਈ ਜਾ ਰਹੇ ਹਨ। ਇਸੇ ਤਹਿਤ ਮਾਨਸਾ ਦੇ ਪਿੰਡ ਭੈਣੀ ਬਾਘਾ ਤੋਂ ਮਜ਼ਦੂਰ ਪਰਿਵਾਰਾਂ ਦੇ ਨੌਜਵਾਨਾਂ ਵੱਲੋਂ ਇਕੱਠੇ ਹੋ ਕੇ ਬਾਬਾ ਮੋਤੀ ਦੀ ਅਗਵਾਈ ਵਿੱਚ ਲੰਗਰ ਲਿਜਾਣ ਦਾ ਉੱਦਮ ਕੀਤਾ ਗਿਆ। ਨੌਜਵਾਨਾਂ ਦੇ ਇਸ ਕਦਮ ਦੀ ਸ਼ਲਾਘਾ ਕਰਦਿਆਂ ਕਿਸਾਨ ਆਗੂ ਮੱਖਣ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਉੱਤਮ ਹੈ ਤੇ ਹਰ ਇੱਕ ਵਿਅਕਤੀ ਨੂੰ ਇਸ ਦਾ ਭਾਗੀਦਾਰ ਬਣਨਾ ਚਾਹੀਦਾ ਹੈ। ਉਪਰਾਲਾ ਕਰਨ ਵਾਲ ਨੌਜਵਾਨਾਂ ਵਿੱਚ ਪ੍ਰਗਟ ਮਿਸਤਰੀ, ਹਰਦੀਪ ਮੈਂਬਰ, ਕਾਕਾ ਮੈਂਬਰ, ਗੁਰਪ੍ਰੀਤ ਗੋਰਾ ਤੇ ਭਾਕਿਯੂ (ਏਕਤਾ) ਡਕੌਂਦਾ ਦੇ ਕਾਕਾ ਸਿੰਘ ਸ਼ਾਮਲ ਸਨ।

# ਅਧਿਆਪਕ ਤੇ ਬੱਚੇ ਸਕੂਲ ਦੇ ਰਸਤੇ 'ਚ ਖੜ੍ਹੇ ਗੰਦੇ ਪਾਣੀ ਤੋਂ ਡਾਢੇ ਪ੍ਰੇਸ਼ਾਨ

## ਪਿੰਡ ਵਾਸੀਆਂ ਕਰੋੜਾਂ ਦੀ ਗਰਾਂਟ 'ਚ ਕੀਤੇ ਭ੍ਰਿਸ਼ਟਾਚਾਰ ਦੀ ਜਾਂਚ ਕਰਾਉਣ ਦੀ ਕੀਤੀ ਮੰਗ




ਸਕੂਲ ਦੇ ਮੁੱਖ ਗੇਟ ਅੱਗੇ ਖੜਾ ਗੰਦਾ ਪਾਣੀ (ਸੱਜੇ) ਗੱਲਬਾਤ ਕਰਦਾ ਹੋਇਆ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ।

**ਮਮਦੋਟ (ਜਸਬੀਰ ਸਿੰਘ ਕੰਬੋਜ)**-ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਬਲਾਕ ਮਮਦੋਟ ਦੇ ਅਧੀਨ ਪਿੰਡ ਹਜ਼ਾਰਾ ਸਿੰਘ ਵਾਲਾ ਵਿਖੇ ਸੀਵਰੇਜ ਸਿਸਟਮ ਜਾਮ ਹੋਣ ਕਾਰਨ ਓਵਰਫਲੋ ਹੋਇਆ ਗੰਦਾ ਪਾਣੀ ਪਿੰਡ ਵਿਚਕਾਰੋਂ ਲੰਘਣ ਵਾਲੀ ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ ਬਣੀ ਸੜਕ, ਪਿੰਡ ਦੀ ਗਲੀਆਂ ਤੇ ਦੋਵਾਂ ਸਰਕਾਰੀ ਸਕੂਲਾਂ ਅੱਗੇ ਖੜਾ ਹੋਣ ਕਾਰਨ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕਾਂ, ਵਿਦਿਆਰਥੀਆਂ ਤੇ ਇਸ ਪਿੰਡ ਤੋਂ ਅਗਲੇ 20 ਦੇ ਕਰੀਬ ਪਿੰਡਾਂ ਦੇ ਲੋਕਾਂ ਨੂੰ ਲੰਘਣ ਸਮੇਂ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਿੰਡ ਦੀਆਂ ਦੋ ਪੰਚਾਇਤਾਂ (ਹਜ਼ਾਰਾ ਸਿੰਘ ਵਾਲਾ ਤੇ ਹਜ਼ਾਰਾ ਸਿੰਘ ਵਾਲਾ ਹਿਠਾੜ) 'ਚ ਸਰਕਾਰ ਵੱਲੋਂ ਜਾਰੀ ਲੱਖਾਂ ਰੁਪਏ ਦੀ ਗਰਾਂਟ ਖਰਚ ਕਰਨ ਦੇ ਬਾਵਜੂਦ ਪਿੰਡ ਵਿੱਚ ਬਿਨਾਂ ਪਾਣੀ ਆਏ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ, ਜਿਸ ਕਾਰਨ ਭਿਆਨਕ ਬਿਮਾਰੀਆਂ ਫੈਲਣ ਦਾ ਵੀ ਖਤਰਾ ਬਣਿਆ ਹੋਇਆ ਹੈ। ਪਿੰਡ ਵਾਸੀਆਂ ਦੋਸ਼ ਲਗਾਉਂਦੇ ਹੋਏ ਦੱਸਿਆ ਕਿ ਪਿੰਡ ਵਿੱਚ ਗੰਦੇ ਪਾਣੀ ਦੀ ਨਿਕਾਸੀ ਵਾਸਤੇ ਪਾਏ ਗਏ ਘਟੀਆ ਦਰਜੇ ਦੇ ਸੀਵਰੇਜ ਤੇ ਸੀਵਰੇਜ ਪਾਉਣ ਸਮੇਂ ਹੋਏ ਭ੍ਰਿਸ਼ਟਾਚਾਰ ਕਾਰਨ ਹੀ ਅੱਜ ਪਿੰਡ ਦੀ ਇਹ ਹਾਲਤ ਹੋਈ ਹੈ ਕਿ ਜਿੱਥੇ ਲੋਕਾਂ ਨੂੰ ਗਲੀਆਂ ਵਿੱਚੋਂ ਲੰਘਣਾ ਔਖਾ ਹੋਇਆ ਪਿਆ ਹੈ, ਉਥੇ ਸਕੂਲ ਨੂੰ ਜਾਣ ਵਾਲੀ ਮੁੱਖ ਸੜਕ 'ਤੇ ਵੀ ਸਕੂਲੀ ਬੱਚਿਆਂ ਤੇ ਸਟਾਫ ਦਾ ਸਕੂਲਾਂ ਵਿੱਚ ਦਾਖਲ ਹੋਣਾ ਔਖਾ ਹੋਇਆ ਪਿਆ ਹੈ। ਪਿੰਡ ਵਾਸੀਆਂ ਮੌਜੂਦਾ ਵਿਧਾਇਕ ਤੇ ਪੰਜਾਬ ਸਰਕਾਰ ਪਾਸੋਂ ਇਸ ਮਸਲੇ ਦਾ ਤੁਰੰਤ ਹੱਲ ਕਰਨ ਦੇ ਨਾਲ ਨਾਲ ਪਿੰਡਾਂ ਦੇ ਵਿਕਾਸ ਵਾਸਤੇ ਆਏ ਤੇ ਖਰਚ ਕੀਤੇ ਕਰੋੜਾਂ ਰੁਪਏ ਦੇ ਫੰਡਾਂ ਦੀ ਜਾਂਚ ਕਰਾਉਣ ਦੀ ਵੀ ਮੰਗ ਕੀਤੀ ਹੈ।

ਇਸ ਸਬੰਧੀ ਜਦੋਂ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਦੱਸਿਆ ਹਜਾਰਾ ਸਿੰਘ ਵਾਲਾ ਤੇ ਹਜਾਰਾ ਸਿੰਘ ਵਾਲਾ ਹਿਠਾੜ ਦੋਹਾਂ ਪਿੰਡਾਂ ਨੂੰ ਕਰੋੜਾਂ ਰੁਪੈ ਦੀ ਗ੍ਰਾਂਟ ਜਾਰੀ ਹੋਣ ਦੇ ਬਾਵਜੂਦ ਪਿੰਡ ਦੀ ਗੰਦੇ ਪਾਣੀ ਦੀ ਨਿਕਾਸੀ ਤੇ ਸਫਾਈ ਪੱਖੋਂ ਬੁਰਾ ਹਾਲ ਹੋਣਾ ਬਹੁਤ ਮਾੜੀ ਗੱਲ ਹੈ। ਉਨ੍ਹਾ ਦੱਸਿਅਕਿ ਉਹ ਸਬੰਧਤ ਅਧਿਕਾਰੀਆਂ ਨੂੰ ਨਾਲ ਲਿਜਾ ਕੇ ਪਿੰਡ ਦਾ ਖੁਦ ਦੌਰਾ ਕਰਨਗੇ ਤੇ ਪਿੰਡਾਂ ਦੇ ਵਿਕਾਸ ਕਾਰਜਾਂ ਵਾਸਤੇ ਸਰਕਾਰ ਵੱਲੋਂ ਜਾਰੀ ਕੀਤੀ ਗਈ ਤੇ ਪਿੰਡਾਂ ਵਿੱਚ ਖਰਚ ਕੀਤੀ ਗਈ ਗਰਾਂਟ ਦੀ ਜਾਂਚ ਕਰਵਾਈ ਜਾਵੇਗੀ। ਭ੍ਰਿਸ਼ਟਾਚਾਰ ਕਰਨ ਵਾਲਾ ਚਾਹੇ ਸਰਕਾਰੀ ਅਫਸਰ ਹੋਵੇ ਜਾਂ ਚਾਹੇ ਸਰਪੰਚ, ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।

# ਖ਼ੂਨਦਾਨੀ ਹਰਪ੍ਰੀਤ ਕੌਰ ਤੇ ਹੋਣਹਾਰ ਵਿਦਿਆਰਥਣ ਬਲਜੀਤ ਕੌਰ ਦਾ ਸਨਮਾਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗੁਰਦੁਆਰਾ ਸਾਹਿਬ ਦੀਪਗੜ੍ਹ ਵਿਖੇ ਕਰਵਾਏ ਵਿਸ਼ੇਸ਼ ਸਨਮਾਨ ਸਮਾਗਮ ਸਮੇਂ ਸਵੈ ਇੱਛੁਕ ਤੌਰ 'ਤੇ ਖੂਨ ਦਾਨ ਕਰਨ ਵਾਲੀ ਬੀਬੀ ਹਰਪ੍ਰੀਤ ਕੌਰ ਢਿੱਲੋਂ ਦਾ ਬਲੱਡ ਬੈਂਕ ਬਰਨਾਲਾ, ਪ੍ਰੈੱਸ ਕਲੱਬ ਮਹਿਲ ਕਲਾਂ ਤੇ ਡਾ: ਜੈ ਸਿੰਘ ਮਠਾੜੂ ਬਲੱਡ ਡੋਨਰਜ਼ ਕਲੱਬ ਦੀਪਗੜ੍ਹ ਵੱਲੋਂ ਯਾਦਗਾਰੀ ਚਿੰਨ੍ਹ ਤੇ ਸ਼ਾਲ ਭੇਟ ਕਰਕੇ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਬਾਰਵੀਂ ਸ਼੍ਰੇਣੀ 'ਚੋਂ 92% ਤੋਂ ਵੱਧ ਅੰਕ ਹਾਸਲ ਕਰਕੇ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਭਦੌੜ ਤੋਂ ਅੱਵਲ ਰਹਿਣ ਵਾਲੀ ਹੋਣਹਾਰ ਲੜਕੀ ਬਲਜੀਤ ਕੌਰ ਦੀਪਗੜ੍ਹ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਨਮਾਨਤ ਕਰਨ ਦੀ ਰਸਮ ਮਾਤਾ ਜਸਵੰਤ ਕੌਰ ਭਦੌੜ ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਆਮ ਆਦਮੀ ਪਾਰਟੀ ਬਰਨਾਲਾ, ਸਬ ਇੰਸਪੈਕਟਰ ਮਲਕੀਤ ਸਿੰਘ, ਚੇਅਰਮੈਨ ਅਵਤਾਰ ਸਿੰਘ ਅਣਖੀ, ਬਲਜਿੰਦਰ ਸਿੰਘ ਢਿੱਲੋਂ, ਜੋਗਿੰਦਰ ਸਿੰਘ ਮਠਾੜੂ, ਡਾ: ਜੁਗਰਾਜ ਸਿੰਘ ਮੂੰਮ, ਬਲਵੰਤ ਸਿੰਘ ਚੁਹਾਣਕੇ, ਡਾ: ਕਮਲ ਸਿੰਘ ਆਦਿ ਨੇ ਸਾਂਝੇ ਤੌਰ 'ਤੇ ਨਿਭਾਈ। ਇਸ ਸਮੇਂ ਬੋਲਦਿਆਂ ਮਾਤਾ ਜਸਵੰਤ ਕੌਰ ਨੇ ਕਿਹਾ ਕਿ ਲੜਕੀਆਂ ਦੁਆਰਾ ਖੂਨਦਾਨ ਕਰਨਾ ਇੱਕ ਨਰੋਈ ਪਿਰਤ ਹੈ ਤੇ ਬੀਬੀ ਹਰਪ੍ਰੀਤ ਕੌਰ ਤੋਂ ਹੋਰਨਾਂ ਲੜਕੇ ਲੜਕੀਆਂ ਨੂੰ ਵੀ ਪ੍ਰੇਰਨਾ ਲੈ ਕੇ ਸਵੈ ਇੱਛੁਕ ਖੂਨ ਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਪੜ੍ਹਾਈ 'ਚ ਅੱਵਲ ਆਉਣ ਵਾਲੀ ਲੜਕੀ ਬਲਜੀਤ ਕੌਰ ਨੂੰ ਆਪਣੇ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵੀ ਐਲਾਨ ਕੀਤਾ। ਇਸ ਤੋਂ ਪਹਿਲਾਂ ਪ੍ਰਿੰਸੀਪਲ ਭੁਪਿੰਦਰ ਸਿੰਘ ਢਿੱਲੋਂ ਨੇ ਦੋਵਾਂ ਸਨਮਾਨਤ ਸ਼ਖਸੀਅਤਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਲੜਕੀਆਂ ਵੀ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਰਹੀਆਂ ਹਨ, ਜਿਨ੍ਹਾਂ ਤੋਂ ਦੂਜਿਆਂ ਨੂੰ ਵੀ ਪ੍ਰੇਰਨਾ ਲੈਣੀ ਬਣਦੀ ਹੈ। ਉਨ੍ਹਾਂ ਸਾਰੀਆਂ ਪਹੁੰਚੀਆਂ ਸ਼ਖਸੀਅਤਾਂ ਦਾ ਦੋਵਾਂ ਕਲੱਬਾਂ ਤੇ ਪਿੰਡ ਵਾਸੀਆਂ ਦੀ ਤਰਫੋਂ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਹਰਬੰਸ ਸਿੰਘ ਢਿੱਲੋਂ, ਅਰਸ਼ਦੀਪ ਸਿੰਘ, ਦਵਿੰਦਰ ਸਿੰਘ ਲੋਟੇ, ਚਰਨਜੀਤ ਕੌਰ ਢਿੱਲੋਂ, ਪ੍ਰਿੰਸੀਪਲ ਮਹਿੰਦਰ ਕੌਰ ਢਿੱਲੋਂ, ਭਾਈ ਅਮਰਜੀਤ ਸਿੰਘ, ਭਾਈ ਨੰਦ ਸਿੰਘ, ਸ਼ਹਿਰੀ ਪ੍ਰਧਾਨ ਕਾਲਾ ਮਹੰਤ, ਡਾ: ਬਲਵਿੰਦਰ ਸਿੰਘ ਢਿੱਲੋਂ, ਮੇਜਰ ਸਿੰਘ, ਨਿਰਮਲ ਸਿੰਘ, ਚਮਕੌਰ ਸਿੰਘ, ਸੁਖਦੇਵ ਸਿੰਘ, ਗੁਰਪ੍ਰੀਤ ਸਿੰਘ ਗੋਪੀ ਦੀਪਗੜ੍ਹ ਆਦਿ ਹਾਜ਼ਰ ਸਨ।

# ਵਿਧਾਇਕ ਰਣਬੀਰ ਭੁੱਲਰ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਸ਼ਹਿਰੀ ਹਲਕੇ ਅੰਦਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਦਰਿਆ ਸਤਲੁਜ ਦੇ ਪਾਣੀ ਨਾਲ ਆਏ ਹੜ੍ਹ ਤੋਂ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ, ਉਨ੍ਹਾਂ ਨੂੰ ਪੰਜਾਬ ਸਰਕਾਰ/ਸਮਾਜ ਸੇਵੀ ਸੰਸਥਾਵਾਂ ਵੱਲੋਂ ਦਿੱਤੇ ਜਾ ਰਹੇ ਰਾਸ਼ਨ, ਪਸ਼ੂਆਂ ਲਈ ਚਾਰੇ, ਦਵਾਈਆਂ ਸਮੇਤ ਹੋਰ ਰਾਹਤ ਕਾਰਜਾਂ ਦਾ ਜਾਇਜ਼ਾ ਲੈਣ ਲਈ ਵਿਧਾਇਕ ਰਣਬੀਰ ਸਿੰਘ ਭੁੱਲਰ ਤੇ ਉਨ੍ਹਾਂ ਦੀ ਪਤਨੀ ਡਾ. ਅਮਨਦੀਪ ਕੌਰ ਵੱਲੋਂ ਪਿੰਡ ਟੇਂਡੀ ਵਾਲਾ, ਗੱਟੀ ਰਾਜੋ ਕੇ ਅਤੇ ਭੱਖੜਾ ਸਮੇਤ ਵੱਡੀ ਗਿਣਤੀ ਵਿੱਚ ਪਿੰਡਾਂ ਦਾ ਦੌਰਾ ਕੀਤਾ ਗਿਆ ਤੇ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ।

ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹਲਕੇ ਅੰਦਰ ਪੈਂਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਲਗਾਤਾਰ ਦੌਰਾ ਕਰਕੇ ਲੋਕਾਂ ਤੱਕ ਹਰ ਤਰ੍ਹਾਂ ਦੀ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਅੱਜ ਪਿੰਡ ਟੇਂਡੀ ਵਾਲਾ ਵਿਖੇ ਪਹੁੰਚ ਕੇ ਲੋਕਾਂ ਨੂੰ ਰਾਹਤ ਸਮੱਗਰੀ ਜਿਵੇਂ ਕਿ ਖਾਣ-ਪੀਣ ਦੀਆਂ ਵਸਤੂਆਂ, ਪਸ਼ੂਆਂ ਲਈ ਚਾਰਾ, ਦਵਾਈਆਂ ਆਦਿ ਸਾਮਾਨ ਲੋਕਾਂ ਨੂੰ ਦਿੱਤਾ ਗਿਆ ਹੈ।ਵਿਧਾਇਕ ਭੁੱਲਰ ਨੇ ਕਿਹਾ ਕਿ ਮੇਰਾ ਹਲਕਾ ਮੇਰਾ ਪਰਿਵਾਰ ਹੈ ਤੇ ਮੈਂ ਹਰ ਸਮੇਂ ਆਪਣੇ ਪਰਿਵਾਰ ਦੀ ਮੱਦਦ ਲਈ ਖੜਾ ਹਾਂ।ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਦੀਆਂ ਜ਼ਮੀਨਾਂ, ਘਰ ਆਦਿ ਬਾਰੇ ਜੋ ਵੀ ਨੁਕਸਾਨ ਹੋਇਆ ਹੈ, ਉਸ ਸਬੰਧੀ ਉਹ ਸਰਕਾਰ ਨਾਲ ਗੱਲਬਾਤ ਕਰਕੇ ਬਣਦਾ ਮੁਆਵਜ਼ਾ ਜ਼ਰੂਰ ਦਿਵਾਉਣਗੇ।

# ਸਿਮਰਨਜੀਤ ਸਿੰਘ ਮਾਨ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ

## ਹੜ੍ਹ 'ਚ ਫਸੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਹਰ ਸੰਭਵ ਸਹਾਇਤਾ ਪਹੁੰਚਾਉਣ ਦੀ ਕੀਤੀ ਹਦਾਇਤ



**ਮੂਨਕ (ਰਾਜਪਾਲ ਸਿੰਗਲਾ)**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਦੇ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਵੱਲੋਂ ਮੂਨਕ ਖੇਤਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ। ਐੱਮ.ਪੀ. ਸ੍ਰ. ਮਾਨ ਨੇ ਮੂਨਕ ਬੰਨ੍ਹ, ਚੋਟੀਆਂ ਕੈਂਚੀਆਂ, ਕੜੈਲ ਬੰਨ੍ਹ ਤੇ ਬੱਲਰ੍ਹਾਂ ਬੰਨ੍ਹ 'ਤੇ ਪਹੁੰਚ ਕੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦੇ ਹੱਲ ਸੰਬੰਧੀ ਮੌਕੇ 'ਤੇ ਹੀ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਫੋਨ 'ਤੇ ਗੱਲਬਾਤ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰ. ਮਾਨ ਨੇ ਕਿਹਾ ਕਿ ਹੜ੍ਹਾਂ ਕਾਰਨ ਪੂਰੇ ਇਲਾਕੇ ਵਿਚ ਮਾੜੇ ਹਾਲਾਤ ਬਣੇ ਹੋਏ ਹਨ। ਲੋਕਾਂ ਦੀਆਂ ਪੁੱਤਾਂ ਵਾਂਗੂ ਪਾਲੀਆਂ ਫਸਲਾਂ ਪੂਰੀ ਤਰ੍ਹਾਂ ਬਰਬਾਦ ਹੋ ਗਈਆਂ ਹਨ।

ਲੋਕ ਬੇਹਾਲ ਹਨ, ਕਿਸੇ ਵੀ ਤਰ੍ਹਾਂ ਦੀ ਸਰਕਾਰੀ ਮਦਦ ਨਾ ਮਿਲਣ ਕਰਕੇ ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਾਰਾਜ਼ ਹਨ। ਲੋਕਾਂ ਵਿੱਚ ਸਰਕਾਰ ਪ੍ਰਤੀ ਗੁੱਸਾ ਸਾਫ ਨਜ਼ਰ ਆ ਰਿਹਾ ਹੈ, ਕਿਉਂਕਿ ਲੋਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਕਿ ਜੇਕਰ ਸਰਕਾਰ ਨੇ ਸਮੇਂ ਰਹਿੰਦੇ ਪ੍ਰਬੰਧ ਕੀਤੇ ਹੁੰਦੇ ਤਾਂ ਇਹ ਬਰਬਾਦੀ ਨਾ ਹੁੰਦੀ। ਉਨ੍ਹਾਂ ਪੰਜਾਬ ਸਰਕਾਰ ਨੂੰ ਸੁਝਾਅ ਦਿੰਦਿਆਂ ਕਿਹਾ ਕਿ ਅਜਿਹੇ ਨਾਜ਼ੁਕ ਸਮੇਂ ਵਿੱਚ ਦਿਖਾਵੇ ਵਾਲੀ ਸਿਆਸਤ ਛੱਡ ਕੇ ਲੋਕਾਂ ਦੀ ਪੂਰੀ ਤਨਦੇਹੀ ਨਾਲ ਮਦਦ ਕੀਤੀ ਜਾਵੇ। ਉਨ੍ਹਾਂ ਮੌਕੇ 'ਤੇ ਮੂਨਕ ਦੇ ਐੱਸ.ਡੀ.ਐੱਮ. ਨੂੰ ਫੋਨ ਕਰਕੇ ਸਬੰਧਤ ਪਿੰਡਾਂ ਦੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਤੇ ਉਨ੍ਹਾਂ ਦਾ ਹੱਲ ਕਰਵਾਉਣ ਦੀ ਹਦਾਇਤ ਕੀਤੀ। ਸ੍ਰ. ਮਾਨ ਨੇ ਕਿਹਾ ਕਿ ਘੱਗਰ ਦਰਿਆ ਹਰ ਵਾਰ ਪੰਜਾਬ ਤੇ ਹਰਿਆਣਾ ਵਿੱਚ ਵੱਡੀ ਤਬਾਹੀ ਮਚਾਉਂਦਾ ਹੈ। ਇਸ ਲਈ ਦੋਵੇਂ ਸਟੇਟਾਂ ਦੀ ਸਰਕਾਰ ਨੂੰ ਮਿਲ ਕੇ ਇਸ ਦਾ ਸਥਾਈ ਹੱਲ ਕਰਨਾ ਚਾਹੀਦਾ ਹੈ, ਤਾਂ ਜੋ ਭਵਿੱਖ ਵਿੱਚ ਅਜਿਹੀ ਬਰਬਾਦੀ ਦੁਬਾਰਾ ਨਾ ਦੇਖਣੀ ਪਵੇ। ਉਨ੍ਹਾ ਕਿਹਾ ਕਿ ਪੀੜਤ ਕਿਸਾਨਾਂ ਨੂੰ ਨੁਕਸਾਨੀਆਂ ਫਸਲਾਂ ਦਾ 30 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਤੁਰੰਤ ਮੁਆਵਜ਼ਾ ਦਿੱਤਾ ਜਾਵੇ। ਇਸ ਤੋਂ ਇਲਾਵਾ ਮਜ਼ਦੂਰ ਪਰਿਵਾਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਵੀ ਸਰਕਾਰ ਬਿਨਾਂ ਕਿਸੇ ਦੇਰੀ ਤੋਂ ਕਰੇ।

ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਮਾਸਟਰ ਕਰਨੈਲ ਸਿੰਘ ਨਾਰੀਕੇ, ਸਪੈਸ਼ਲ ਸਕੱਤਰ ਗੁਰਜੰਟ ਸਿੰਘ ਕੱਟੂ, ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਜੂਮਾਂ, ਪੀਏਸੀ ਮੈਂਬਰ ਬਹਾਦਰ ਸਿੰਘ ਭਸੌੜ, ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਸੀਨੀਅਰ ਆਗੂ ਹਰਦੇਵ ਸਿੰਘ ਪੱਪੂ, ਬਿੱਟੂ ਚੌਹਾਨ, ਐਡਵੋਕੇਟ ਹਰਮੀਤ ਸਿੰਘ ਗਰੇਵਾਲ, ਬਲਜਿੰਦਰ ਸਿੰਘ ਮਲੇਰਕੋਟਲਾ, ਪਹਿਲਵਾਨ ਗੋਲੂ ਚੀਮਾਂ ਸਮੇਤ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੇ ਹੜ੍ਹ ਪੀੜਤਾਂ ਲਈ ਕੈਂਪ ਲਾਇਆ



ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਜ਼ੀਰਾ ਦੇ ਅਹੁਦੇਦਾਰ ਐਂਬੂਲੈਂਸ ਵਿੱਚ ਫ੍ਰੀ ਮੈਡੀਕਲ ਕੈਂਪ ਲਗਾਉਂਦੇ ਸਮੇਂ।

**ਜ਼ੀਰਾ (ਨਰਿੰਦਰ ਅਨੇਜਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਸਮੁੱਚੀ ਸੂਬਾ ਕਮੇਟੀ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਤੇ ਸਮੁੱਚੀ ਜ਼ਿਲ੍ਹਾ ਕਮੇਟੀ ਦੀ ਨਿੱਗਰ ਸੋਚ, ਚੰਗੇ ਵਿਚਾਰਾਂ ਸਦਕਾ ਅਤੇ 'ਮਾਨਵ ਸੇਵਾ ਪਰਮੋ ਧਰਮ' ਦੀ ਸੇਵਾ ਭਾਵਨਾ ਦੇ ਤਹਿਤ ਜਥੇਬੰਦੀ ਦੇ ਬਲਾਕ ਜ਼ੀਰਾ ਦੇ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਤੇ ਸਮੁੱਚੀ ਯੂਨੀਅਨ ਵੱਲੋਂ ਸੁਖਮਨੀ ਹਸਪਤਾਲ ਜ਼ੀਰਾ ਤੇ ਸੇਠੀ ਮੈਡੀਕਲ ਹਾਲ ਜ਼ੀਰਾ ਦੇ ਸਹਿਯੋਗ ਨਾਲ ਹੜ੍ਹ ਪੀੜਤ ਇਲਾਕਿਆਂ ਵਿੱਚ ਕੁਦਰਤ ਦੇ ਕਹਿਰ ਦੀ ਮਾਰ ਝੱਲ ਰਹੇ ਵੱਖ ਵੱਖ ਪਿੰਡਾਂ ਦੇ ਲੋਕਾਂ ਲਈ ਫਰੀ ਮੈਡੀਕਲ ਕੈਂਪ ਲਗਾਇਆ ਗਿਆ। ਹੁਣ ਤੱਕ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ਦਾਰੇ ਵਾਲਾ, ਜਮਾਲੀ ਵਾਲਾ, ਮੰਨੂੰ ਮਾਛੀ, ਮੰਡ ਏਰੀਏ ਦੇ ਪਿੰਡ ਇੰਦਰਪੁਰ ਤੇ ਹੋਰ ਡੇਰਿਆਂ 'ਤੇ ਜਿੱਥੇ ਕਿ ਕੋਈ ਵੀ ਮੈਡੀਕਲ ਸਹਾਇਤਾ ਨਹੀਂ ਪਹੁੰਚੀ, ਉੱਥੇ ਕਿਸ਼ਤੀ ਦੀ ਸਹਾਇਤਾ ਨਾਲ ਪਹੁੰਚ ਕੇ ਮੈਡੀਕਲ ਸਹੂਲਤਾਂ ਉਪਲੱਬਧ ਕਰਵਾਈਆਂ ਗਈਆਂ। ਮੱਲਾਂ ਵਾਲਾ ਏਰੀਆ ਦੇ ਪਿੰਡ ਧੀਰਾ ਘਰ ਤੇ ਹੋਰ ਵੱਖ ਵੱਖ ਪਿੰਡਾਂ ਵਿੱਚ ਵੀ ਕੈਂਪ ਲਗਾਇਆ ਗਿਆ ਤੇ ਅੱਗੇ ਵੀ ਜਦੋਂ ਤੱਕ ਜ਼ਰੂਰਤ ਹੋਈ ਬਲਾਕ ਜ਼ੀਰਾ ਵੱਲੋਂ ਸੇਵਾ ਜਾਰੀ ਰਹੇਗੀ।

ਬਲਾਕ ਜ਼ੀਰਾ ਦੇ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਤੋਂ ਇਲਾਵਾ ਸਰਪ੍ਰਸਤ ਡਾਕਟਰ ਆਤਮਾ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਸੁੱਖੇ ਵਾਲਾ, ਡਾਕਟਰ ਜਸਵਿੰਦਰ ਸਿੰਘ ਸੋਢੀ ਵਾਲਾ, ਮੀਤ ਪ੍ਰਧਾਨ ਡਾਕਟਰ ਅਜਮੇਰ ਸਿੰਘ ਢੇਰੂ, ਜਨਰਲ ਸਕੱਤਰ ਡਾਕਟਰ ਹਰਵਿੰਦਰ ਸਿੰਘ, ਚੇਅਰਮੈਨ ਡਾਕਟਰ ਜਰਨੈਲ ਸਿੰਘ, ਵਾਈਸ ਚੇਅਰਮੈਨ ਡਾਕਟਰ ਧਰਮਿੰਦਰ ਸਿੰਘ, ਪ੍ਰੈੱਸ ਸਕੱਤਰ ਡਾਕਟਰ ਵਰਿੰਦਰ ਸਿੰਘ, ਕੈਸ਼ੀਅਰ ਡਾਕਟਰ ਗੁਰਪ੍ਰੀਤ ਸਿੰਘ, ਵਾਈਸ ਕੈਸ਼ੀਅਰ ਡਾਕਟਰ ਕੁਲਬੀਰ ਸਿੰਘ, ਡਾਕਟਰ ਸਰਬਜੀਤ ਸ਼ਰਮਾ ਤੇ ਹੋਰ ਸੀਨੀਅਰ ਮੈਂਬਰਾਂ ਵੱਲੋਂ ਸੇਵਾ ਨਿਭਾਈ ਜਾ ਰਹੀ ਹੈ।

# ਹੜ੍ਹ ਪੀੜਤਾਂ ਤੱਕ ਮੈਡੀਕਲ ਸੇਵਾਵਾਂ ਪਹੁੰਚਾਉਣ 'ਚ ਕੋਈ ਕਸਰ ਨਹੀਂ ਛੱਡਾਂਗੇ : ਡਾ. ਬਲਬੀਰ ਸਿੰਘ

## ਆਈ ਐੱਮ ਏ ਵੱਲੋਂ ਮੁੱਖ ਮੰਤਰੀ ਰਿਲੀਫ ਫੰਡ ਲਈ 1.25 ਲੱਖ ਦੀ ਸਹਾਇਤਾ ਰਾਸ਼ੀ ਭੇਟ




ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਆਈ ਐੱਮ ਏ ਅਤੇ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਮੀਟਿੰਗ ਕਰਦੇ ਹੋਏ ਸਿਹਤ ਮੰਤਰੀ ਡਾ. ਬਲਬੀਰ ਸਿੰਘ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਨੂੰ ਮੈਡੀਕਲ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਤੇ ਖੜੇ ਪਾਣੀ, ਮੱਛਰਾਂ, ਮੱਖੀਆਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ ਤੇ ਚੋਣ ਮੰਤਰੀ ਡਾ. ਬਲਬੀਰ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ, ਆਈ ਐੱਮ ਏ ਅਤੇ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਅਤੇ ਜ਼ਿਲ੍ਹੇ ਅੰਦਰ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਮੈਡੀਕਲ ਸੁਵਿਧਾਵਾਂ ਸਬੰਧੀ ਦਾ ਜਾਇਜ਼ਾ ਲਿਆ।ਇਸ ਮੌਕੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ, ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ, ਵਿਧਾਇਕ ਗੁਰੂ ਹਰਸਹਾਏ ਫੌਜਾ ਸਿੰਘ ਸਰਾਰੀ, ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਐੱਸ ਐੱਸ ਪੀ ਭੁਪਿੰਦਰ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਜਿਉਂ-ਜਿਉਂ ਪਾਣੀ ਦਾ ਪੱਧਰ ਘੱਟ ਰਿਹਾ ਹੈ, ਤਿਉਂ-ਤਿਉਂ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਫੈਲਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ, ਜਿਸ ਦੇ ਮੱਦੇਨਜ਼ਰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਲੋੜੀਂਦੀਆਂ ਦਵਾਈਆਂ ਮੁਹੱਈਆ ਕਰਵਾਈਆਂ ਜਾਣ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਦੇ ਗੰਭੀਰ ਹਾਲਾਤਾਂ ਦੌਰਾਨ ਲੋਕਾਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਪ੍ਰਭਾਵਿਤ ਇਲਾਕਿਆਂ ਵਿੱਚ ਸਰਕਾਰੀ ਤੇ ਗੈਰ-ਸਰਕਾਰੀ ਜਥੇਬੰਦੀਆਂ ਤੇ ਆਈ ਐੱਮ ਏ ਦੇ ਸਹਿਯੋਗ ਨਾਲ ਨਿਰੰਤਰ ਮੈਡੀਕਲ ਕੈਂਪ ਲਗਾ ਰਹੀ ਹੈ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਉਪਲਬੱਧ ਕਰਵਾ ਰਹੀ ਹੈ।ਉਨ੍ਹਾ ਦੱਸਿਆ ਕਿ ਸਮੂਹ ਸਿਵਲ ਸਰਜਨਾਂ ਨੂੰ ਹਦਾਇਤ ਜਾਰੀ ਕੀਤੀ ਗਈ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਸਹਿਯੋਗ ਨਾਲ, ਜਿਨ੍ਹਾਂ ਇਲਾਕਿਆਂ ਵਿੱਚ ਪਾਣੀ ਖੜਾ ਹੈ, ਉਥੇ ਕਿਸ਼ਤੀਆਂ ਰਾਹੀਂ ਲੋਕਾਂ ਨੂੰ ਜ਼ਰੂਰੀ ਦਵਾਈਆਂ ਪਹੁੰਚਾਈਆਂ ਜਾਣ ਤੇ ਐਂਬੂਲੈਂਸਾਂ ਦੀ ਤਾਇਨਾਤੀ ਕੀਤੀ ਜਾਵੇ ਤਾਂ ਜੋ ਲੋੜ ਪੈਣ 'ਤੇ ਮਰੀਜ਼ਾਂ ਨੂੰ ਹਸਪਤਾਲਾਂ ਵਿਖੇ ਲਿਜਾਣ ਵਿੱਚ ਮੁਸ਼ਕਲ ਨਾ ਆਵੇ।

ਇਸ ਮੌਕੇ ਆਈ ਐੱਮ ਏ ਵੱਲੋਂ ਮੁੱਖ ਮੰਤਰੀ ਰਿਲੀਫ ਫੰਡ ਲਈ 1 ਲੱਖ 25 ਹਜ਼ਾਰ ਦੀ ਸਹਾਇਤਾ ਰਾਸ਼ੀ ਦਾ ਚੈੱਕ ਭੇਟ ਕੀਤਾ ਗਿਆ।ਇਸ ਤੋਂ ਪਹਿਲਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਰਾਜ ਦੇ ਅਜਿਹੇ ਪਹਿਲੇ ਮੁੱਖ ਮੰਤਰੀ ਹਨ, ਜੋ ਹੜ੍ਹ ਪੀੜਤਾਂ ਦੀ ਖੁਦ ਪਾਣੀ ਵਿੱਚ ਜਾ ਕੇ ਉਨ੍ਹਾਂ ਦੇ ਘਰਾਂ ਤੱਕ ਪਹੁੰਚ ਕੇ ਸਾਰ ਲੈ ਰਹੇ ਹਨ ਤੇ ਖੁਦ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਵੱਲੋਂ ਪੀੜ੍ਹਤ ਲੋਕਾਂ ਦੇ ਪੁਨਰਵਾਸ ਲਈ ਪੂਰੀ ਯੋਜਨਾ ਤਹਿਤ ਕੰਮ ਕੀਤਾ ਜਾ ਰਿਹਾ ਹੈ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਰੁਣ ਸ਼ਰਮਾ, ਸਹਾਇਕ ਕਮਿਸ਼ਨਰ ਸੂਰਜ, ਸਿਵਲ ਸਰਜਨ ਡਾ. ਰਾਜਿੰਦਰ ਪਾਲ, ਆਈ ਐੱਮ ਏ ਦੀ ਸਥਾਨਕ ਇਕਾਈ ਦੇ ਪ੍ਰਧਾਨ ਡਾ. ਜੋਤੀ ਕਾਲੜਾ, ਡਾ. ਆਰ ਐੱਸ ਸੰਧੂ, ਡਾ. ਸ਼ੀਲ ਸੇਠੀ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜਾਗਰੂਕਤਾ ਕੈਂਪ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਿਚਿਕਾ ਨੰਦਾ ਦੇ ਦਿਸ਼ਾ ਨਿਰਦੇਸ਼ਾਂ ਤੇ ਯੋਗ ਅਗਵਾਈ ਹੇਠ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਨੂਰਪੁਰ ਸੇਠਾਂ ਵਿਖੇ ਇਕ ਜਾਗਰੂਕਤਾ ਕੈਂਪ ਲਾਇਆ ਗਿਆ।ਇਸ ਕੈਂਪ ਦੌਰਾਨ ਪਿਰਾਮਿਲ ਫਾਊਂਡੇਸ਼ਨ ਵੱਲੋਂ ਅਨੀਮੀਆ ਦੇ ਉੱਤੇ ਇਕ ਨੁੱਕੜ ਨਾਟਕ ਪੇਸ਼ ਕੀਤਾ ਗਿਆ ਤੇ ਗਾਂਧੀ ਫੈਲੋਜ਼ ਵੱਲੋਂ ਅਨੀਮੀਆ ਦੇ ਲੱਛਣਾਂ ਤੇ ਅਨੀਮੀਆਂ ਨੂੰ ਦੂਰ ਕਰਨ ਵਾਸਤੇ ਕਿਸ ਤਰ੍ਹਾਂ ਦਾ ਖਾਣਾ ਚਾਹੀਦਾ ਉਸ ਬਾਰੇ ਦੱਸਿਆ ਗਿਆ।ਇਸ ਤੋਂ ਇਲਾਵਾ ਬੱਚਿਆਂ, ਔਰਤਾਂ ਤੇ ਕਿਸ਼ੋਰੀਆਂ ਨੂੰ ਸਹੀ ਪੋਸ਼ਣ ਬਾਰੇ ਜਾਣਕਾਰੀ ਵੀ ਦਿੱਤੀ ਗਈ।ਇਸ ਮੌਕੇ ਔਰਤਾਂ ਨੂੰ ਗਰਭ ਅਵਸਥਾ ਦੌਰਾਨ ਹੋਣ ਵਾਲੇ ਖਤਰੇ ਦੇ ਚਿੰਨ੍ਹਾਂ ਬਾਰੇ ਦੱਸਿਆ ਗਿਆ ਤੇ ਦੁੱਧ ਪਿਲਾਉ ਮਾਵਾਂ ਨੂੰ ਸਹੀ ਸਤਨਪਾਨ ਬਾਰੇ ਜਾਗਰੂਕ ਕੀਤਾ ਗਿਆ ਤੇ ਨਾਲ ਹੀ ਗਰਭਵਤੀ ਤੇ ਦੁੱਧ ਪਿਲਾਉ ਮਾਵਾਂ ਵੱਲੋਂ ਖ਼ੂਨ ਦੀ ਕਮੀ ਨੂੰ ਦੂਰ ਕਰਨ ਲਈ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ ਗਏ।ਇਸ ਮੌਕੇ ਆਈ ਐੱਫ ਏ ਤੇ ਕੈਲਸ਼ੀਅਮ ਦੀਆਂ ਗੋਲੀਆਂ ਵੀ ਵੰਡੀਆਂ ਗਈਆਂ। ਇਸ ਮੌਕੇ ਆਂਚਲ ਬਲਾਕ ਕੋਆਰਡੀਨੇਟਰ, ਸੁਰਿੰਦਰ ਕੌਰ ਸੁਪਰਵਾਈਜ਼ਰ ਮਨਦੀਪ ਕੌਰ ਸੁਪਰਵਾਈਜ਼ਰ, ਪਿਰਾਮਿਲ ਫਾਊਂਡੇਸ਼ਨ ਦੇ ਸਟਾਫ ਮੈਂਬਰ, ਆਂਗਨਵਾੜੀ ਵਰਕਰਾਂ ਤੇ ਹੈਲਪਰ ਹਾਜ਼ਰ ਸਨ।

# ਸਮਾਜ ਸੇਵੀ ਸੰਸਥਾਵਾਂ ਤੇ ਜਥੇਬੰਦੀਆਂ ਵੱਲੋਂ ਗੋਇਲ ਦਾ ਸਨਮਾਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਸ਼ਹਿਰ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣ ਵਾਲੇ ਸ਼ਾਮ ਲਾਲ ਗੋਇਲ ਨੂੰ ਸ਼ਹਿਰ ਦੀਆਂ ਸਿਰਮੌਰ ਸੰਸਥਾਵਾਂ ਤੇ ਜਥੇਬੰਦੀਆਂ ਵੱਲੋਂ ਸਨਮਾਨਤ ਕੀਤਾ ਗਿਆ। ਸ਼ਹਿਰ ਦੇ ਹੋਟਲ ਸਿਟੀ ਪੈਲੇਸ ਵਿੱਚ ਕਰਵਾਏ ਸਨਮਾਨ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸਾਬਕਾ ਐੱਮ.ਐੱਲ.ਏ. ਕਰਨ ਕੌਰ ਬਰਾੜ ਨੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਭੰਵਰ ਲਾਲ ਸ਼ਰਮਾ ਵੱਲੋਂ ਧਾਰਮਿਕ ਗੀਤ ਰਾਹੀਂ ਕੀਤੀ ਗਈ, ਜਦਕਿ ਗੋਬਿੰਦ ਸਿੰਘ ਦਾਬੜਾ ਨੇ ਮੁੱਖ ਮਹਿਮਾਨ ਸਮੇਤ ਆਏ ਹੋਰ ਮਹਿਮਾਨਾਂ ਦਾ ਸਵਾਗਤ ਕੀਤਾ।



ਸ਼ਾਮ ਲਾਲ ਗੋਇਲ ਨੂੰ ਸਨਮਾਨਤ ਕਰਦੇ ਕਰਨ ਕੌਰ ਬਰਾੜ ਤੇ ਹੋਰ।

ਸਟੇਜ ਦੀ ਭੂਮਿਕਾ ਜਸਵੰਤ ਸਿੰਘ ਬਰਾੜ ਨੇ ਅਦਾ ਕੀਤੀ। ਇਸ ਦੌਰਾਨ ਸ਼ਾਮ ਲਾਲ ਗੋਇਲ ਤੇ ਉਨ੍ਹਾਂ ਦੀ ਟੀਮ ਨੂੰ ਵੱਖ ਵੱਖ ਖੇਤਰਾਂ ਵਿੱਚ ਕੀਤੇ ਗਏ ਵਿਕਾਸ ਦੇ ਕੰਮਾਂ ਦਾ ਮਾਣ ਪੱਤਰ ਦੇ ਕੇ ਸਨਮਾਨਤ ਕਰਦੇ ਹੋਏ ਕਰਨ ਕੌਰ ਬਰਾੜ ਨੇ ਕਿਹਾ ਕਿ ਰੋਡ ਓਵਰ ਬ੍ਰਿਜ ਦੇ ਕੰਮ ਨੂੰ ਪੂਰਾ ਕਰਕੇ ਸ਼ਾਮ ਲਾਲ ਗੋਇਲ ਨੇ ਪ੍ਰਸੰਸਾ ਯੋਗ ਕੰਮ ਕੀਤਾ ਹੈ। ਇਹ ਕੰਮ ਬਹੁਤ ਹੀ ਟੇਡਾ ਸੀ, ਜਿਸ ਨੂੰ ਸ਼ਾਮ ਲਾਲ ਗੋਇਲ ਨੇ ਸਿੱਧਾ ਕਰ ਦਿੱਤਾ। ਜੋ ਵਿਅਕਤੀ ਸਮਾਜ ਹਿੱਤ ਕੰਮ ਕਰਦਾ ਹੈ, ਉਸ ਦੇ ਕੰਮਾਂ ਨੂੰ ਲੋਕ ਕਦੇ ਨਹੀਂ ਭੁੱਲਦੇ।

ਇਸ ਤਰ੍ਹਾਂ ਜਿਥੇ ਸ਼ਾਮ ਲਾਲ ਜੀ ਨੇ ਜਿਥੇ ਪੁਲ ਦੀ ਉਸਾਰੀ ਵਿੱਚ ਮੁੱਖ ਭੂਮਿਕਾ ਨਿਭਾਈ, ਉਥੇ ਅੱਜ ਉਹ ਪ੍ਰਸ਼ਾਸਨ ਅਤੇ ਜਨਤਾ ਵਿਚਕਾਰ ਖੁਦ ਹੀ ਪੁਲ ਬਣ ਕੇ ਵਿਚਰ ਰਹੇ ਹਨ। ਇਸ ਦੌਰਾਨ ਉਨ੍ਹਾ ਪੁਲ ਵਿੱਚ ਯੋਗਦਾਨ ਪਾਉਣ ਬਦਲੇ ਐੱਮ. ਸੀ. ਜਿੰਮੀ ਬਰਾੜ ਫੱਤਣਵਾਲਾ ਨੂੰ ਵੀ ਮਾਣ ਪੱਤਰ ਭੇਟ ਕੀਤਾ। ਇਸ ਦੌਰਾਨ ਹੀ ਰੋਸ਼ਨ ਲਾਲ ਦਾਬੜਾ ਨੇ ਵੀ ਸ਼ਾਮ ਲਾਲ ਗੋਇਲ ਨੂੰ ਹਾਰ ਪਾ ਕੇ ਉਨ੍ਹਾ ਦਾ ਸਨਮਾਨ ਕੀਤਾ। ਇਸ ਤੋਂ ਇਲਾਵਾ ਪਰਮਜੀਤ ਸਿੰਘ ਗਿੱਲ, ਭਾਈ ਜਗਮੋਹਨ ਸਿੰਘ, ਵਿਨੋਦ ਆਰੀਆ, ਦਰਸ਼ਨ ਅਰੋੜਾ, ਸਰਬਜੀਤ ਸਿੰਘ ਦਰਦੀ, ਵਿਨੋਦ ਕੁਮਾਰ ਪ੍ਰਧਾਨ ਰੇਲਵੇ ਸੰਮਤੀ ਫਾਜ਼ਿਲਕਾ, ਪੰਜਾਬ ਰੋਡਵੇਜ਼ ਐਸੋਸੀਏਸ਼ਨ, ਬਲਦੇਵ ਸਿੰਘ ਬੇਦੀ ਸੀਨੀਅਰ ਸਿਟੀਜਨ, ਕ੍ਰਿਸ਼ਨ ਕੁਮਾਰ ਸ਼ੰਮੀ ਤੇਰੀਆ ਪ੍ਰਧਾਨ ਨਗਰ ਕੌਂਸਲ, ਗੋਬਿੰਦ ਸਿੰਘ ਦਾਬੜਾ, ਐੱਚ. ਐੱਸ. ਬੇਦੀ, ਹਰੀਸ਼ ਤਨੇਜਾ, ਮਨੀਸ਼ ਐੱਮ ਸੀ, ਨਰਿੰਦਰ ਬਾਂਸਲ, ਦਰਸ਼ਨ ਸਿੰਘ ਬਰਾੜ ਆਦਿ ਨੇ ਵੀ ਸ਼ਾਮ ਲਾਲ ਗੋਇਲ ਦਾ ਸਨਮਾਨ ਕੀਤਾ। ਆਖਰ ਵਿੱਚ ਡਾ. ਸੀਮਾ ਗੋਇਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਸ਼ਾਮ ਲਾਲ ਗੋਇਲ ਨੇ ਸ਼ਹਿਰ ਵਾਸੀਆਂ ਦਾ ਐਨਾ ਪਿਆਰ ਦੇਣ 'ਤੇ ਭਾਵੁਕ ਹੁੰਦਿਆਂ ਕਿਹਾ ਕਿ ਉਹ ਅੱਗੇ ਤੋਂ ਵੀ ਸਮਾਜ ਸੇਵਾ ਲਈ ਤਿਆਰ ਹਨ। ਉਹ ਸ਼ਹਿਰ ਦੇ ਭਲੇ ਤੇ ਵਿਕਾਸ ਲਈ ਹਮੇਸ਼ਾ ਹੀ ਤਤਪਰ ਰਹਿਣਗੇ। ਇਸ ਮੌਕੇ ਵੱਡੀ ਗਿਣਤੀ 'ਚ ਸ਼ਹਿਰ ਦੇ ਪਤਵੰਤੇ ਤੇ ਇਲਾਕਾ ਵਾਸੀ ਮੌਜੂਦ ਸਨ।

CMYK

# ਹੜ੍ਹ ਪ੍ਰਭਾਵਿਤ ਪਿੰਡਾਂ 'ਚ ਰਾਹਤ ਸਮਗਰੀ ਦੀ ਵੰਡ ਜਾਰੀ, ਸਤਲੁਜ ਦਾ ਪਾਣੀ ਉਤਰਨਾ ਸ਼ੁਰੂ

## ਵਿਧਾਇਕ ਸਵਨਾ ਵੱਲੋਂ ਪਿੰਡ-ਪਿੰਡ ਜਾ ਕੇ ਵਧਾਇਆ ਜਾ ਰਿਹੈ ਲੋਕਾਂ ਦਾ ਹੌਸਲਾ



**ਫਾਜ਼ਿਲਕਾ (ਨਿਸ਼ਾ ਸ਼ਰਮਾ, ਕ੍ਰਿਸ਼ਨ ਸਿੰਘ)**

ਫਾਜ਼ਿਲਕਾ ਦੇ ਕਾਂਵਾਂ ਵਾਲੀ ਪੁਲ 'ਤੇ ਪਾਣੀ ਦੇ ਵਹਾਅ ਵਿੱਚ ਕਮੀ ਆਈ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਨੇ ਦੱਸਿਆ ਕਿ ਕਾਂਵਾਂ ਵਾਲੀ ਪੁਲ 'ਤੇ ਪਹਿਲਾਂ ਦੇ ਮੁਕਾਬਲੇ ਪਾਣੀ ਦਾ ਪੱਧਰ ਲਗਭਗ ਸਵਾ ਫੁੱਟ ਨੀਂਵਾਂ ਹੋਇਆ ਹੈ। ਇਸੇ ਤਰ੍ਹਾਂ ਹੁਸੈਨੀਵਾਲਾ ਹੈੱਡਵਰਕਸ ਤੋਂ ਪਾਣੀ ਦੀ ਨਿਕਾਸੀ ਘਟ ਕੇ ਸਿਰਫ 31 ਹਜ਼ਾਰ ਕਿਉਸਿਕ ਰਹਿ ਗਈ ਹੈ। ਇਸ ਨਾਲ ਆਉਣ ਵਾਲੇ ਦਿਨ ਫਾਜ਼ਿਲਕਾ ਲਈ ਰਾਹਤ ਵਾਲੇ ਹੋਣਗੇ। ਜਿਵੇਂ ਜਿਵੇਂ ਪਾਣੀ ਘਟੇਗਾ ਖੇਤਾਂ ਤੋਂ ਪਾਣੀ ਵਾਪਸ ਨਦੀ ਵੱਲ ਜਾਣ ਲੱਗੇਗਾ, ਜਦਕਿ ਕੁਝ ਥਾਂਵਾਂ ਤੋਂ ਪਾਣੀ ਨਦੀ ਵਿੱਚ ਜਾਣਾ ਵੀ ਸ਼ੁਰੂ ਹੋ ਗਿਆ ਹੈ।

ਦੂਜੇ ਪਾਸੇ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਵੱਲੋਂ ਵੱਖ ਵੱਖ ਪਿੰਡਾਂ ਦਾ ਦੌਰਾ ਕਰਕੇ ਰਾਹਤ ਸਮੱਗਰੀ ਪੀੜਤ ਲੋਕਾਂ ਤੱਕ ਪਹੁੰਚਾਈ ਜਾ ਰਹੀ ਹੈ। ਪਿੰਡ ਝੰਗੜ ਭੈਣੀ ਵਿੱਚ ਉਨ੍ਹਾਂ ਨੇ ਪਸ਼ੂਆਂ ਲਈ ਫੀਡ ਤੇ ਤਰਪਾਲਾਂ ਦੀ ਵੰਡ ਕਰਵਾਈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਲੋਕਾਂ ਲਈ ਪੂਰੀ ਤਨਦੇਹੀ ਨਾਲ ਮਦਦ ਪਹੁੰਚਾਉਣ ਵਿੱਚ ਲੱਗੀ ਹੋਈ ਹੈ ਤੇ ਉਹ ਆਪ ਪਿੰਡ ਪਿੰਡ ਜਾ ਕੇ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ। ਉਨਾ ਲੋਕਾਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਹਰ ਪ੍ਰਕਾਰ ਨਾਲ ਲੋਕਾਂ ਦੀ ਮਦਦ ਕਰੇਗੀ ਤੇ ਹਰ ਇਕ ਘਰ ਨੂੰ ਅਗਾਮੀ ਬਾਰਿਸ਼ਾਂ ਤੋਂ ਬਚਾਉਣ ਲਈ ਤਰਪਾਲ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਬਿਨਾਂ ਲਗਾਤਾਰ ਹਰਾ ਚਾਰਾ ਵੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਝੰਗੜ ਭੈਣੀ ਤੋਂ ਇਲਾਵਾ ਮਹਾਤਮ ਨਗਰ, ਗੱਟੀ ਨੰਬਰ ਇੱਕ ਦਾ ਵੀ ਦੌਰਾ ਕੀਤਾ।

ਦੂਜੇ ਪਾਸੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਨੇ ਦੱਸਿਆ ਕਿ ਇਨ੍ਹਾਂ ਇਲਾਕਿਆਂ ਤੋਂ ਪ੍ਰਮੁੱਖਤਾ ਨਾਲ ਹਰੇ ਚਾਰੇ ਤੇ ਤਰਪਾਲਾਂ ਦੀ ਮੰਗ ਆ ਰਹੀ ਹੈ। ਇਸ ਲਈ ਪ੍ਰਭਾਵਿਤ ਲਗਭਗ ਪੌਣੀ ਦਰਜਨ ਪਿੰਡਾਂ ਵਿੱਚ ਹੁਣ ਤੱਕ 1842 ਤਰਪਾਲਾਂ ਦੀ ਵੰਡ ਕੀਤੀ ਜਾ ਚੁੱਕੀ ਹੈ।

ਇਸੇ ਤਰ੍ਹਾਂ ਅੱਜ 19 ਟਰਾਲੀਆਂ ਹਰੇ ਚਾਰੇ ਦੀ ਵੰਡ ਸਿਰਫ ਅੱਜ ਕੀਤੀ ਗਈ ਹੈ, ਜਦਕਿ ਬੀਤੇ ਕੱਲ੍ਹ ਵੀ 16 ਟਰਾਲੀਆਂ ਹਰਾ ਚਾਰਾ ਇਨ੍ਹਾਂ ਪਿੰਡਾਂ ਵਿੱਚ ਵੰਡਿਆ ਗਿਆ ਸੀ, ਜਦਕਿ 50 ਕੁਇੰਟਲ ਪਸ਼ੂਆਂ ਲਈ ਸੁੱਕੇ ਫੀਡ ਦੀ ਵੰਡ ਅੱਜ ਕੀਤੀ ਗਈ ਹੈ।

# ਬਿਹਤਰ ਸੇਵਾਵਾਂ ਬਦਲੇ ਰਾਜਪਾਲ ਸਿੰਘ ਪਾਂਧੀ ਸਨਮਾਨਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸਮਾਜ ਸੇਵੀ ਸੰਸਥਾ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ (ਰਜਿ:) ਵੱਲੋਂ ਬਿਹਤਰ ਸੇਵਾਵਾਂ ਬਦਲੇ ਰਾਜਪਾਲ ਸਿੰਘ ਪਾਂਧੀ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜ ਕੇ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੇ ਫਰੀਦਕੋਟ ਵਿਖੇ ਆਪਣੀ ਸ਼ਾਨਦਾਰ ਸੇਵਾ ਦੇਣ ਤੋਂ ਬਾਅਦ ਹੁਣ ਚੰਡੀਗੜ੍ਹ ਵਿਖੇ ਬਤੌਰ ਸਕੱਤਰ ਐੱਨ. ਆਰ. ਆਈ. ਤੇ ਸਕੱਤਰ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਟੀ ਪੰਜਾਬ ਆਪਣੇ ਫਰਜ਼ਾਂ ਦੀ ਅਦਾਇਗੀ ਬਾਖ਼ੂਬੀ ਨਿਭਾਅ ਰਹੇ ਹਨ। ਸੰਧੂ ਨੇ ਆਖਿਆ ਕਿ ਪਾਂਧੀ ਦੀ ਕਾਰਜਸ਼ੈਲੀ ਤੇ ਆਮ ਲੋਕਾਂ ਪ੍ਰਤੀ ਉਨ੍ਹਾਂ ਦਾ ਵਿਹਾਰ ਬੇਹੱਦ ਸ਼ਲਾਘਾਯੋਗ ਹੈ ਤੇ ਉਹ ਅਜੋਕੀ ਨੌਜਵਾਨ ਪੀੜ੍ਹੀ ਲਈ ਰਾਹ-ਦਸੇਰਾ ਬਣ ਕੇ ਵਿਚਰਦੇ ਹਨ। ਸਨਮਾਨ ਦੇਣ ਬਦਲੇ ਧੰਨਵਾਦ ਪ੍ਰਗਟਾਉਂਦਿਆਂ ਰਾਜਪਾਲ ਸਿੰਘ ਪਾਂਧੀ ਨੇ ਸੰਸਥਾ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਮਿਹਨਤ ਨਾਲ ਜ਼ਿੰਦਗੀ ਬਤੀਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹੈੱਡਮਾਸਟਰ ਗੁਰਪ੍ਰੀਤ ਸਿੰਘ ਸੰਧੂ ਸੁੱਖਣਵਾਲਾ ਵੀ ਮੌਜੂਦ ਸਨ।



ਰਾਜਪਾਲ ਸਿੰਘ ਪਾਂਧੀ ਨੂੰ ਸਨਮਾਨਤ ਕਰਦੇ ਸੰਕਲਪ ਸੁਸਾਇਟੀ ਦੇ ਅਹੁਦੇਦਾਰ।

# ਮਹਿਲ ਖ਼ੁਰਦ ਤੋਂ ਰਾਹਤ ਸਮਗਰੀ ਦੀਆਂ 10 ਟਰਾਲੀਆਂ ਰਵਾਨਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**

ਹੜ੍ਹ ਕਾਰਨ ਪ੍ਰਭਾਵਿਤ ਹੋਏ ਇਲਾਕਿਆਂ 'ਚ ਪੀੜਤ ਲੋਕਾਂ ਦੀ ਮਦਦ ਲਈ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਵੱਖ-ਵੱਖ ਪਿੰਡਾਂ ਤੋਂ ਲੋਕਾਂ ਵੱਲੋਂ ਆਪ ਮੁਹਾਰੇ ਮਦਦ ਭੇਜੀ ਜਾ ਰਹੀ ਹੈ। ਅੱਜ ਪਿੰਡ ਮਹਿਲ ਖ਼ੁਰਦ ਤੋਂ 10 ਟਰੈਕਟਰ ਟਰਾਲੀਆਂ ਦਾ ਜਥਾ ਪਾਤੜਾਂ, ਖਨੌਰੀ, ਮੂਣਕ ਆਦਿ ਇਲਾਕਿਆਂ ਦੇ ਪਿੰਡਾਂ 'ਚ ਪੀੜਤ ਪਰਿਵਾਰਾਂ ਲਈ ਪਾਣੀ, ਖਾਣ-ਪੀਣ ਦਾ ਸਾਮਾਨ, ਪਸ਼ੂਆਂ ਲਈ ਚਾਰਾ ਆਦਿ ਰਾਹਤ ਸਮੱਗਰੀ ਲੈ ਕੇ ਰਵਾਨਾ ਹੋਇਆ। ਇਸ ਮੌਕੇ ਗੱਲਬਾਤ ਕਰਦਿਆਂ ਲਾਇਨਮੈਨ ਸਿਕੰਦਰ ਸਿੰਘ ਨੇ ਦੱਸਿਆ ਕਿ ਪੰਜਾਬੀ ਦੁਨੀਆ ਭਰ 'ਚ ਆਪਣੀ ਫਰਾਖਦਿਲੀ ਲਈ ਜਾਣੇ ਜਾਂਦੇ ਹਨ, ਜੋ ਬਿਪਤਾ ਸਮੇਂ ਮਦਦ ਲਈ ਪਹੁੰਚੇ ਹਨ। ਆਪਣੇ ਸੁਭਾਅ ਮੁਤਾਬਕ ਹੜ੍ਹ ਪੀੜਤਾਂ ਦੀ ਮਦਦ ਲਈ ਪਿੰਡ ਮਹਿਲ ਖ਼ੁਰਦ ਦੇ ਲੋਕਾਂ ਨੇ ਦਿਲ ਖੋਲ੍ਹ ਕੇ ਮਦਦ ਦਿੱਤੀ ਹੈ। ਇਸ ਮੌਕੇ ਬਲਵਿੰਦਰ ਸਿੰਘ, ਰਾਜ ਸਿੰਘ, ਜਗਸੀਰ ਸਿੰਘ ਸੂਮ, ਜਗਤਾਰ ਸਿੰਘ, ਹਰਗੋਪਾਲ ਸਿੰਘ ਪਾਲਾ, ਬੇਅੰਤ ਸਿੰਘ ਮਾਨੂੰਕਾ, ਗਗਨਦੀਪ ਸਿੰਘ ਮੋਰ, ਗੁਰਦੀਪ ਸਿੰਘ ਨੋਨੀ, ਸੁਰਜੀਤ ਸਿੰਘ, ਦਿਲਬਰ ਨਵੀ, ਸੰਦੀਪ ਸਿੰਘ ਸਿੱਧੂ, ਰਣਜੀਤ ਸਿੰਘ ਸਿੱਖਾਂ ਦੇ, ਚਮਕੌਰ ਸਿੰਘ ਮਿੱਠੂ, ਪ੍ਰਧਾਨ ਜਿੰਦਰ ਸਿੰਘ, ਹਰਜੀਤ ਸਿੰਘ ਕਾਲਾ, ਪ੍ਰਦੀਪ ਸਿੰਘ ਆਦਿ ਹਾਜ਼ਰ ਸਨ।

ਇਸੇ ਤਰ੍ਹਾਂ ਹੀ ਮਹਿਲ ਕਲਾਂ ਵਿਖੇ ਦਸ਼ਮੇਸ਼ ਯੂਥ ਕਲੱਬ ਦੀ ਅਗਵਾਈ 'ਚ ਨੌਜਵਾਨਾਂ ਵੱਲੋਂ ਰਾਹਤ ਸਮੱਗਰੀ ਇਕੱਠੀ ਕੀਤੀ ਗਈ। ਇਸ ਮੌਕੇ ਬੋਲਦਿਆਂ ਮੈਂ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖ਼ਿਆਲੀ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਕਠਿਨ ਸਮੇਂ ਹੜ੍ਹ ਪੀੜਤਾਂ ਨਾਲ ਖੜਨ ਦਾ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ। ਇਸ ਲਈ ਇਸ ਮੁਹਿੰਮ 'ਚ ਆਪਣੀ ਸਮਰੱਥਾ ਮੁਤਾਬਕ ਯੋਗਦਾਨ ਪਾਇਆ ਜਾਵੇ। ਇਸ ਮੌਕੇ ਪ੍ਰਧਾਨ ਅਰਸ਼ਦੀਪ ਸਿੰਘ ਢੀਂਡਸਾ, ਹਰਮਨਜੀਤ ਸਿੰਘ ਟਿਵਾਣਾ, ਜਗਸੀਰ ਸਿੰਘ ਹੇਅਰ, ਮਨਜੀਤ ਸਿੰਘ ਸਿੱਧੂ, ਰਮਨਦੀਪ ਸਿੰਘ, ਗਿੰਨੀ ਉੱਪਲ, ਇੰਦਰਜੀਤ ਸਿੰਘ, ਲੱਖੀ ਧਾਲੀਵਾਲ, ਅੰਮ੍ਰਿਤਪਾਲ ਸਿੰਘ ਕਲੇਰ, ਹਰਪ੍ਰੀਤ ਸਿੰਘ ਹੈਪੀ, ਲਖਵਿੰਦਰ ਸਿੰਘ ਭੱਠਲ, ਗੁਰਜੀਤ ਸਿੰਘ ਨਹਿਲ ਆਦਿ ਹਾਜ਼ਰ ਸਨ।

## ਕਾਤਰਾਂ

### ਸੁਤੰਤਰਤਾ ਸੈਨਾਨੀ ਜੰਗੀਰ ਸਿੰਘ ਸੁਤੰਤਰ ਦੀ ਪੰਜਵੀਂ ਬਰਸੀ 23 ਨੂੰ



**ਸੁਨਾਮ ਊਧਮ ਸਿੰਘ ਵਾਲਾ (ਨਵਾਂ ਜ਼ਮਾਨਾ ਸਰਵਿਸ)**-ਉੱਘੇ ਸੁਤੰਤਰਤਾ ਸੈਨਾਨੀ ਤੇ ਪੱਤਰਕਾਰਤਾ ਦੇ ਬਾਬਾ ਬੋਹੜ ਸਵ: ਸ੍ਰ. ਜੰਗੀਰ ਸਿੰਘ ਸੁਤੰਤਰ ਦੀ ਚੌਥੀ ਬਰਸੀ 23 ਜੁਲਾਈ ਨੂੰ ਸਵੇਰੇ 10 ਵਜੇ ਗੁਰਦੁਆਰਾ ਸਾਹਿਬ ਅਕਾਲਗੜ੍ਹ ਨੇੜੇ ਹਿੰਦੂ ਸਭਾ ਹਾਈ ਸਕੂਲ ਸੁਨਾਮ ਵਿਖੇ ਸੁਤੰਤਰ ਪਰਿਵਾਰ ਵੱਲੋਂ ਮਨਾਈ ਜਾਵੇਗੀ। ਜ਼ਿਕਰਯੋਗ ਹੈ ਕਿ ਜੰਗੀਰ ਸਿੰਘ ਸੁਤੰਤਰ ਜੀ ਨੇ ਆਪਣੀ ਜ਼ਿੰਦਗੀ ਵਿੱਚ ਹਮੇਸ਼ਾ ਸੰਘਰਸ਼ ਕੀਤਾ ਤੇ ਇਸ ਦੇ ਨਾਲ ਹੀ ਉਹ ਪੱਤਰਕਾਰੀ ਖੇਤਰ ਨਾਲ ਜੁੜੇ ਰਹੇ ਤੇ ਪੰਜਾਬੀ ਦੇ ਨਵਾਂ ਜ਼ਮਾਨਾ ਸਮੇਤ ਵੱਖ ਵੱਖ ਅਖ਼ਬਾਰਾਂ ਦੇ ਲੰਮਾ ਸਮਾਂ ਪੱਤਰਕਾਰ ਰਹੇ, ਪੱਤਰਕਾਰੀ ਕਰਨ ਦੇ ਨਾਲ ਨਾਲ ਹੀ ਉਨ੍ਹਾਂ ਨੇ ਸਮਾਜ ਅੰਦਰ ਆਪਣੀ ਇੱਕ ਵੱਖਰੀ ਪਛਾਣ ਬਣਾਈ। ਇਸ ਤੋਂ ਇਲਾਵਾ ਹੀ ਉਨ੍ਹਾਂ ਨੇ ਕਿਰਤੀ ਲੋਕਾਂ ਦੀ ਆਵਾਜ਼ ਨੂੰ ਹਮੇਸ਼ਾ ਹੀ ਬੁਲੰਦ ਕੀਤਾ, ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬੀ ਸੂਬੇ ਮੋਰਚੇ ਵਿੱਚ ਜੇਲ੍ਹਾਂ ਵੀ ਕੱਟੀਆਂ।

### ਲਾਇਨਜ਼ ਕਲੱਬ ਰਾਇਲ ਦੀ ਨਵੀਂ ਟੀਮ ਨੇ ਸੰਭਾਲਿਆ ਚਾਰਜ



**ਕੋਟਕਪੂਰਾ (ਰਛਪਾਲ ਭੁੱਲਰ)**-ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਦੀ 2023-2024 ਦੀ ਨਵੀਂ ਟੀਮ ਵੱਲੋਂ ਦੀਦਾਰ ਸਿੰਘ ਦੀ ਪ੍ਰਧਾਨਗੀ ਹੇਠ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦੀ ਹਾਜ਼ਰੀ ਵਿੱਚ ਚਾਰਜ ਸੰਭਾਲਿਆ ਗਿਆ। ਕਲੱਬ ਦੇ ਸਕੱਤਰ ਭੁਪਿੰਦਰ ਸਿੰਘ ਵੱਲੋਂ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਬਾਰੇ ਰੀਜਨ ਕਾਨਫਰੰਸ 'ਚ ਅਤੇ ਡਿਸਟ੍ਰਿਕ ਕਾਨਫਰੰਸ ਵਿੱਚ ਮਿਲੇ ਐਵਾਰਡਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਕਲੱਬ ਮੈਂਬਰਾਂ ਵੱਲੋਂ ਪਿਛਲੇ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਨੂੰ ਸਨਮਾਨਤ ਕੀਤਾ ਗਿਆ। ਨਵੇਂ ਪ੍ਰਧਾਨ ਦੀਦਾਰ ਸਿੰਘ ਨੇ ਕਲੱਬ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਸਾਰੀ ਟੀਮ ਨਾਲ ਵਧੀਆ ਕੰਮ ਕਰਨਗੇ। ਕਲੱਬ ਦੇ ਕਾਰਜਾਂ ਲਈ 21000/ ਰੁਪੈ ਵੀ ਦਿੱਤੇ। ਰਮੇਸ਼ ਸਿੰਘ ਗੁਲਾਟੀ ਤੇ ਉਨ੍ਹਾਂ ਦੀ ਪਤਨੀ ਨੂੰ ਵਿਆਹ ਦੀ ਵਰ੍ਹੇਗੰਢ ਦਾ ਗਿਫਟ ਵੀ ਦਿੱਤਾ ਗਿਆ। ਕਲੱਬ ਦੇ ਸਾਰੇ ਮੈਂਬਰਾਂ ਵੱਲੋਂ ਨਵੀਂ ਟੀਮ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਨਵੀਂ ਟੀਮ ਦੇ ਸੁਆਗਤ ਲਈ ਵਧੀਆ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਮੀਟਿੰਗ 'ਚ ਸਾਰੇ ਮੈਂਬਰ ਪਰਿਵਾਰਾਂ ਸਮੇਤ ਹਾਜ਼ਰ ਸਨ।

### ਡਾ. ਰੀਟਾ ਬਾਲਾ ਨੇ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ



**ਸ਼੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਵੱਲੋਂ ਕੀਤੀ ਗਈ ਪਦ-ਉੱਨਤੀ ਉਪਰੰਤ ਡਾ. ਰੀਟਾ ਬਾਲਾ ਵੱਲੋਂ ਬਤੌਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਆਪਣਾ ਅਹੁਦਾ ਸੰਭਾਲਿਆ ਗਿਆ। ਇਸ ਤੋਂ ਪਹਿਲਾਂ ਉਹ ਜ਼ਿਲ੍ਹਾ ਕਪੂਰਥਲਾ ਵਿਖੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ। ਇਸ ਮੌਕੇ ਦਫਤਰ ਸਿਵਲ ਸਰਜਨ ਦੇ ਸਮੂਹ ਪ੍ਰੋਗਰਾਮ ਅਫਸਰਾਂ ਤੇ ਸਟਾਫ ਵੱਲੋਂ ਡਾ. ਰੀਟਾ ਬਾਲਾ ਨੂੰ ਗੁਲਦਸਤਾ ਦੇ ਕੇ ਸਵਾਗਤ ਕੀਤਾ ਤੇ ਪਦ ਉੱਨਤੀ ਲਈ ਵਧਾਈ ਦੇ ਕੇ ਜੀ ਆਇਆਂ ਕਿਹਾ ਗਿਆ। ਇਸ ਮੌਕੇ ਡਾ. ਰੀਟਾ ਬਾਲਾ ਨੇ ਕਿਹਾ ਕਿ ਡਾ. ਬਲਵੀਰ ਸਿੰਘ ਮਾਣਯੋਗ ਸਿਹਤ ਮੰਤਰੀ ਪੰਜਾਬ ਵੱਲੋਂ ਉਨ੍ਹਾਂ 'ਤੇ ਵਿਸ਼ਵਾਸ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਤਰੱਕੀ ਦੇ ਕੇ ਸਿਵਲ ਸਰਜਨ ਸ੍ਰੀ ਮੁਕਤਸਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਇਹ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾ ਕਿਹਾ ਕਿ ਆਮ ਲੋਕਾਂ ਨੂੰ ਸਿਵਲ ਹਸਪਤਾਲਾਂ ਤੇ ਸਿਹਤ ਵਿਭਾਗ ਦੇ ਦਫਤਰਾਂ ਵਿੱਚ ਆਉਣ 'ਤੇ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ਤੇ ਉਨ੍ਹਾਂ ਦਾ ਇਲਾਜ ਅਤੇ ਹੋਰ ਲੋੜੀਂਦੀ ਸਹਾਇਤਾ ਪਹਿਲ ਦੇ ਅਧਾਰ 'ਤੇ ਕੀਤੀ ਜਾਵੇਗੀ। ਇਸ ਮੌਕੇ ਦਫਤਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਸਟਾਫ ਨੇ ਸਿਵਲ ਸਰਜਨ ਡਾ. ਰੀਟਾ ਬਾਲਾ ਉਨ੍ਹਾਂ ਦੀ ਤਰੱਕੀ 'ਤੇ ਵਧਾਈ ਦਿੱਤੀ।

# ਸਕੂਲਾਂ 'ਚ ਸਾਫ-ਸਫਾਈ, ਫੌਗਿੰਗ ਤੇ ਫਿਊਮੀਗੇਸ਼ਨ ਕਰਵਾਈ

## ਵੱਖੋ-ਵੱਖ ਬਿਮਾਰੀਆਂ ਤੋਂ ਬਚਾਉਣ ਦੇ ਮੱਦੇਨਜ਼ਰ ਚੁੱਕੇ ਕਦਮ : ਡੀ ਸੀ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਹੜ੍ਹਾਂ ਕਾਰਨ ਜ਼ਿਲ੍ਹੇ ਵਿੱਚ ਬੰਦ ਕੀਤੇ ਸਕੂਲ 17 ਜੁਲਾਈ ਨੂੰ ਖੁੱਲ੍ਹਣੇ ਹਨ, ਜਿਸ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਨੂੰ ਵੱਖੋ ਵੱਖ ਬਿਮਾਰੀਆਂ ਤੋਂ ਬਚਾਉਣ ਦੇ ਮੱਦੇਨਜ਼ਰ ਜ਼ਿਲ੍ਹੇ ਵਿਚਲੇ ਸਕੂਲਾਂ ਵਿੱਚ ਫੌਗਿੰਗ ਤੇ ਫਿਊਮੀਗੇਸ਼ਨ ਕਰਵਾਈ ਗਈ ਹੈ ਤੇ ਨਾਲ-ਨਾਲ ਹੀ ਉਚੇਚੇ ਤੌਰ 'ਤੇ ਸਫ਼ਾਈ ਕੀਤੀ ਗਈ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਦੱਸਿਆ ਕਿ ਹੜ੍ਹਾਂ ਉਪਰੰਤ ਮੱਖੀਆਂ-ਮੱਛਰਾਂ ਦੇ ਨਾਲ-ਨਾਲ ਹੋਰਨਾਂ ਕਈ ਕਾਰਨਾਂ ਕਰਕੇ ਬਿਮਾਰੀਆਂ ਫ਼ੈਲਣ ਦਾ ਖ਼ਤਰਾ ਵਧ ਜਾਂਦਾ ਹੈ। ਇਸ ਦੇ ਮੱਦੇਨਜ਼ਰ ਹੀ ਜ਼ਿਲ੍ਹੇ ਦੇ ਸਾਰੇ ਸਕੂਲਾਂ 'ਚ ਢੁੱਕਵੀਂ ਸਾਫ-ਸਫਾਈ, ਫੌਗਿੰਗ ਤੇ ਫਿਊਮੀਗੇਸ਼ਨ ਕਰਵਾਈ ਗਈ ਹੈ ਤਾਂ ਜੋ ਵਿਦਿਆਰਥੀਆਂ ਪੂਰੀ ਤਰ੍ਹਾਂ ਬਿਮਾਰੀਆਂ ਤੋਂ ਬਚੇ ਰਹਿਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਕੂਲਾਂ 'ਚ ਇਹ ਗੱਲ ਵੀ ਯਕੀਨੀ ਬਣਾਈ ਗਈ ਹੈ ਕਿ ਵਿਦਿਆਰਥੀਆਂ ਨੂੰ ਪੀਣ ਲਈ ਸਾਫ਼ ਪਾਣੀ ਮਿਲੇ ਤੇ ਪਖਾਨਿਆਂ ਆਦਿ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਸੰਭਾਲ ਲਈ ਵਚਨਬੱਧ ਹਨ ਤੇ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਕੂਲਾਂ ਦੇ ਬੁਨਿਆਦੀ ਢਾਂਚੇ ਤੇ ਹੋਰਨਾਂ ਸਹੂਲਤਾਂ ਬਾਬਤ ਵੀ ਵੱਖੋ ਵੱਖ ਵਿਭਾਗਾਂ ਵੱਲੋਂ ਆਪਣੇ ਕਾਰਜ ਕੀਤੇ ਗਏ ਹਨ ਤਾਂ ਜੋ ਵਿਦਿਆਰਥੀ ਤੇ ਅਧਿਆਪਕ ਬੇਫਿਕਰ ਹੋ ਕੇ ਪੜ੍ਹਾਈ ਤੇ ਅਧਿਆਪਨ ਵੱਲ ਧਿਆਨ ਦੇ ਸਕਣ। ਉਨ੍ਹਾ ਦੱਸਿਆ ਕਿ ਜ਼ਿਲ੍ਹੇ ਦੇ ਜਿਹੜੇ ਵੀ ਇਲਾਕੇ ਹੜ੍ਹਾਂ ਦੀ ਮਾਰ ਹੇਠ ਆਏ ਹਨ, ਉਨ੍ਹਾਂ ਖੇਤਰਾਂ ਵਿੱਚ ਜਨ ਜੀਵਨ ਨੂੰ ਮੁੜ ਲੀਹ 'ਤੇ ਲੈ ਕੇ ਆਉਣ ਦੀ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਦਿਨ-ਰਾਤ ਕੰਮ ਕਰ ਰਹੀਆਂ ਹਨ। ਇਸੇ ਲੜੀ ਤਹਿਤ ਲੋਕਾਂ ਦੀ ਸਿਹਤ ਸੰਭਾਲ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ ਤੇ ਵੱਡੇ ਪੱਧਰ 'ਤੇ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# ਜਨਮ ਦਿਨ ਮੌਕੇ ਗੁਰੂ ਘਰ ਵਿਖੇ ਪਾਰਕ ਬਣਾਉਣ ਦਾ ਅਹਿਦ

## ਡਾ. ਚਹਿਲ ਨੇ ਆਪਣੇ ਜਨਮ ਦਿਨ ਮੌਕੇ ਲਾਏ 125 ਬੂਟੇ

**ਭੀਖੀ (ਧਰਮਵੀਰ ਸ਼ਰਮਾ)**

ਮਾਨਵ ਸੇਵਾ ਪਰਮੋ ਧਰਮ ਨੂੰ ਮੁੱਖ ਰੱਖਦੇ ਹੋਏ ਹਰ ਸਾਲ ਦੀ ਤਰਾ ਡਾ. ਗੁਰਤੇਜ ਸਿੰਘ ਚਹਿਲ ਸਾਬਕਾ ਸਰਪੰਚ ਤੇ ਸੰਸਥਾਪਕ ਚਹਿਲ ਫਾਉਂਡੇਸ਼ਨ ਤੇ ਬਾਬਾ ਸੁੱਚਾ ਸਿੰਘ ਗਰੁੱਪ ਆਫ ਐਜੂਕੇਸ਼ਨ ਸਮਾਉਂ ਨੇ ਆਪਣਾ 50 ਵਾਂ ਜਨਮ ਦਿਨ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸਮਾਓਂ ਵਿਖੇ 125 ਫੁੱਲਾਂ ਵਾਲੇ ਤੇ ਛਾਂਦਾਰ ਬੂਟੇ ਲਾ ਕੇ ਆਪਣਾ ਜਨਮ ਦਿਨ ਮਨਾਇਆ ਤੇ ਕਿਹਾ ਕਿ ਆਪਾਂ ਸਾਰਿਆਂ ਨੂੰ ਆਪਣੇ ਖੁਸ਼ੀ ਦੇ ਮੌਕੇ ਉਸ ਨੂੰ ਯਾਦਗਾਰੀ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਾਉਣੇ ਚਾਹੀਦੇ ਹਨ ਤਾਂ ਕਿ ਗਲੋਬਲ ਵਾਰਮਿੰਗ ਦੇ ਖਤਰੇ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਅਜੋਕੇ ਯੁੱਗ ਵਿੱਚ ਸ੍ਰਿਸ਼ਟੀ ਨਾਲ ਛੇੜਛਾੜ ਕਰਨ ਕਾਰਨ ਹੀ ਹੜ੍ਹਾਂ ਦਾ ਆਉਣਾ, ਮਹਾਂਮਾਰੀ ਕਰੋਨਾ ਵਰਗੀਆਂ ਬੀਮਾਰੀਆਂ ਕਾਰਨ ਸਮੁੱਚੀ ਲੋਕਾਈ ਦਾ ਨੁਕਸਾਨ ਹੋ ਜਾਣ ਲਈ ਆਪਾਂ ਸਾਰੇ ਹੀ ਜ਼ਿੰਮੇਵਾਰ ਹਾਂ। ਉਨ੍ਹਾਂ ਕਿਹਾ ਕਿ ਮੰਤਵ ਨੂੰ ਮੁੱਖ ਰੱਖਦੇ ਹੋਏ ਗੁਰੂ ਘਰ ਸਮਾਉਂ ਵਿਖੇ ਸਾਡੀ ਸੰਸਥਾ ਚਹਿਲ ਫਾਉਡੇਂਸ਼ਨ ਸਮਾਉਂ ਵੱਲੋਂ ਇੱਕ ਪਾਰਕ ਬਣਾਇਆ ਜਾ ਰਿਹਾ ਹੈ, ਜਿਸ ਦੀ ਅੱਜ ਸ਼ੁਰੂਆਤ ਕਰ ਦਿੱਤੀ ਗਈ ਹੈ, ਜਿਸ ਦੀ ਸਮੁੱਚੇ ਨਗਰ ਨਿਵਾਸੀਆਂ ਨੂੰ ਬਹੁਤ ਜ਼ਰੂਰਤ ਸੀ। ਇਸ ਮੌਕੇ ਵਣ ਮੰਡਲ ਵਿਭਾਗ ਦੇ ਬਲਜੀਤ ਸਿੰਘ, ਬੇਅੰਤ ਕੌਰ, ਕੁਲਵੀਰ ਸਿੰਘ ਤੇ ਗੁਰਦੀਪ ਸਿੰਘ ਵਿਸਥਾਰ ਬੀਟ ਸੰਗਰੂਰ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਬਣ ਰਹੇ ਪਾਰਕ ਵਿੱਚ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਮੌਕੇ ਗ੍ਰੰਥੀ ਰਣਜੀਤ ਸਿੰਘ, ਮਾਰਕੀਟ ਕਮੇਟੀ ਦੇ ਸਕੱਤਰ ਜਸਵੀਰ ਸਿੰਘ ਸਮਾਉਂ, ਸੁਖਵਿੰਦਰ ਸਿੰਘ, ਅਮਰ ਸਿੰਘ ਸਾਬਕਾ ਪੰਚ, ਬਹਾਦਰ ਸਿੰਘ, ਇੰਦਰਜੀਤ ਕੌਰ ਚਹਿਲ ਐੱਮ ਡੀ ਬਾਬਾ ਸੁੱਚਾ ਸਿੰਘ ਕਾਲਜ ਸਮਾਉਂ, ਗਿਆਨ ਸਿੰਘ ਢਿੱਲੋਂ, ਗੁਲਜਾਰ ਸਿੰਘ ਵਾਜਪਾਈ, ਹਾਕਮ ਸਿੰਘ ਤੇ ਸੰਦੀਪ ਸਿੰਘ ਹਾਜ਼ਰ ਸਨ।



ਜਨਮ ਦਿਨ ਮੌਕੇ ਪੌਦੇ ਲਗਾਉਂਦੇ ਹੋਏ ਸੰਸਥਾ ਆਗੂ।

# ਅਕਾਸ਼ਪ੍ਰੀਤ ਦੇ ਪਰਵਾਰ ਨਾਲ ਵਿਧਾਇਕ ਨੇ ਕੀਤਾ ਦੁੱਖ ਸਾਂਝਾ

## ਮ੍ਰਿਤਕ ਦੇ ਪਰਵਾਰ ਨੂੰ ਵਿੱਤੀ ਸਹਾਇਤਾ ਦਾ ਐਲਾਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਹੜ੍ਹ ਵਿੱਚ ਘਿਰੇ ਲੋਕਾਂ ਦੀ ਮਦਦ ਕਰਦੇ ਸਮੇਂ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹੇ ਨੌਜਵਾਨ ਅਕਾਸ਼ਪ੍ਰੀਤ ਸਿੰਘ ਬਾਦਸ਼ਾਹਪੁਰ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਕੇ ਗਰੀਬ ਪਰਿਵਾਰ ਨੂੰ ਆਪਣੇ ਕੋਲੋਂ 21,000 ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਅਜੇ ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਵਿੱਚ ਪੂਰੀ ਤਰ੍ਹਾਂ ਰੁੱਝੀ ਹੋਈ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਖੁਦ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ। ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਤੇ ਹੜ੍ਹ ਵਿੱਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਲਈ, ਜੋ ਸਹਾਇਤਾ ਦਾ ਐਲਾਨੀ ਜਾਵੇਗੀ, ਉਹ ਮਦਦ ਵੀ ਇਸ ਗਰੀਬ ਪਰਿਵਾਰ ਨੂੰ ਦਵਾਈ ਜਾਵੇਗੀ।



ਹਲਕਾ ਵਿਧਾਇਕ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ।

ਜ਼ਿਕਰਯੋਗ ਹੈ ਕਿ ਬਾਦਸ਼ਾਹਪੁਰ ਦਾ ਹੋਣਹਾਰ ਵਿਦਿਆਰਥੀ ਅਕਾਸ਼ਪ੍ਰੀਤ ਸਿੰਘ ਬੀਤੇ ਬੁੱਧਵਾਰ ਨੂੰ ਹੜ੍ਹ ਵਿੱਚ ਘਿਰੇ ਲੋਕਾਂ ਦੀ ਮਦਦ ਕਰਦਾ ਹੋਇਆ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਿਆ ਸੀ। ਉਸ ਦੀ ਲਾਸ਼ ਅਗਲੇ ਦਿਨ ਬਾਦਸ਼ਾਹਪੁਰ ਨੇੜਿਓਂ ਹੜ੍ਹ ਦੇ ਪਾਣੀ ਵਿੱਚੋਂ ਮਿਲੀ ਸੀ।

# ਸੰਯੁਕਤ ਕਿਸਾਨ ਮੋਰਚਾ ਹੜ੍ਹ ਪੀੜਤ ਕਿਸਾਨਾਂ ਨੂੰ ਝੋਨੇ ਦੀ ਪਨੀਰੀ ਤੇ ਚਾਰਾ ਮੁਹੱਈਆ ਕਰਵਾਏਗਾ : ਲੱਖੋਵਾਲ

**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀ ਅਹਿਮ ਮੀਟਿੰਗ ਫੁਰਮਾਨ ਸਿੰਘ ਸੰਧੂ, ਸਤਨਾਮ ਸਿੰਘ ਸਾਹਨੀ, ਐਡਵੋਕੇਟ ਕਿਰਨਜੀਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਹਰਿੰਦਰ ਸਿੰਘ ਲੱਖੋਵਾਲ ਸੂਬਾ ਜਨਰਲ ਸਕੱਤਰ ਬੀ ਕੇ ਯ ਲੱਖੋਵਾਲ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਵਿੱਚ ਮੀਂਹ ਤੇ ਹੜ੍ਹਾਂ ਨਾਲ ਹੋਏ ਨੁਕਸਾਨ ਲਈ ਸੰਯੁਕਤ ਕਿਸਾਨ ਮੋਰਚਾ ਹੜ੍ਹ ਪੀੜਤ ਕਿਸਾਨਾਂ ਨੂੰ ਝੋਨੇ ਦੀ ਪਨੀਰੀ, ਪਸ਼ੂਆਂ ਦਾ ਚਾਰਾ ਦੇਣ ਦਾ ਜਲਦ ਪ੍ਰਬੰਧ ਕਰੇਗਾ ਅਤੇ ਕੇਂਦਰ ਤੇ ਪੰਜਾਬ ਸਰਕਾਰ ਹੜ੍ਹਾਂ ਨੂੰ ਕੁਦਰਤੀ ਆਫਤ ਘੋਸ਼ਿਤ ਕਰਕੇ ਫੌਰੀ ਤੌਰ 'ਤੇ ਕਿਸਾਨਾਂ ਦੀ ਬਾਂਹ ਫੜੇ। ਆਗੂਆਂ ਨੇ ਕਿਹਾ ਕਿ ਜੇਕਰ ਬੰਦ ਕੀਤੀਆਂ ਨਹਿਰਾਂ ਵਿੱਚ ਪਾਣੀ ਚੱਲਦਾ ਰਹਿੰਦਾ ਤਾਂ ਅੱਧਿਓਂ ਵੱਧ ਏਰੀਆ ਹੜ੍ਹਾਂ ਦੀ ਮਾਰ ਤੋਂ ਬਚ ਸਕਦਾ ਸੀ। ਐੱਸ.ਕੇ.ਐੱਮ. ਨੇ ਐਲਾਨ ਕਰਦਿਆਂ ਕਿਹਾ ਕਿ 100 ਏਕੜ ਝੋਨੇ ਦੀ ਪਨੀਰੀ ਵੱਖ ਵੱਖ ਜ਼ਿਲ੍ਹਿਆਂ ਵਿੱਚ ਬੀਜੀ ਜਾਵੇਗੀ, ਜੋ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਹੜ੍ਹਾਂ ਤੋਂ ਬਾਅਦ ਝੋਨਾ ਲਾਉਣ ਲਈ ਲੰਗਰ ਦੇ ਰੂਪ ਵਿੱਚ ਵੰਡੀ ਜਾਵੇਗੀ। ਉਨ੍ਹਾ ਕਿਹਾ ਕਿ ਸਰਕਾਰ ਬੀ ਬੀ ਐੱਮ ਬੀ ਵਿੱਚ ਪੰਜਾਬ ਦੀ ਨੁਮਾਇੰਦਗੀ ਬਹਾਲ ਕਰੇ ਤਾਂ ਕਿ ਪ੍ਰਬੰਧ ਠੀਕ ਕੀਤੇ ਜਾਣ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਪਾਣੀ ਦੀ ਯੋਜਨਾ ਬੰਦੀ 'ਚ ਫੇਲ੍ਹ ਹੈ, ਨਹਿਰਾਂ ਬੰਦ ਕਰਨੀਆਂ ਗਲਤ ਹੈ ਤੇ ਪਾਣੀ ਦਾ ਨਿਕਾਸ ਬਿਲਕੁਲ ਵੀ ਠੀਕ ਨਹੀਂ ਹੈ। ਹੜ੍ਹਾਂ ਦਾ ਮੁੱਖ ਕਾਰਨ ਨਦੀਆਂ, ਨਾਲੀਆਂ ਤੇ ਡਰੇਨਾਂ ਦੀ ਸਫਾਈ ਸਮੇਂ ਸਿਰ ਨਹੀਂ ਕਰਵਾਈ ਗਈ। ਐੱਸ ਕੇ ਐੱਮ ਪੰਜਾਬ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਤੂੜੀ, ਚਾਰਾ ਤੇ ਦਵਾਈਆਂ ਦਾ ਫੌਰੀ ਪ੍ਰਬੰਧ ਕਰੇ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪ੍ਰਸ਼ਾਸਨ ਦੀਆਂ ਡਿਊਟੀਆਂ ਲਗਾ ਕੇ ਰਾਹਤ ਕਾਰਜ ਜਲਦ ਪਹੁੰਚਾਏ। ਇਸ ਮੌਕੇ ਹਰਿੰਦਰ ਸਿੰਘ ਲੱਖੋਵਾਲ, ਬਿੰਦਰ ਸਿੰਘ ਗੋਲੇਵਾਲਾ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਕੁਲਦੀਪ ਸਿੰਘ ਵਜੀਦਪੁਰ, ਵੀਰਪਾਲ ਸਿੰਘ ਢਿੱਲੋਂ, ਜੰਗਵੀਰ ਸਿੰਘ ਚੌਹਾਨ, ਨਿਰਭੈ ਸਿੰਘ ਢੁੱਡੀਕੇ, ਬਕਤਾਵਰ ਸਿੰਘ ਸਾਦਿਕ, ਰੁਲਦ ਸਿੰਘ ਮਾਨਸਾ, ਬੂਟਾ ਸਿੰਘ ਬੁਰਜ ਗਿੱਲ, ਗੁਰਜੀਤ ਸਿੰਘ ਕੰਢੀ, ਵੀਰ ਸਿੰਘ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ ਮਹਿਮਾ, ਬੂਟਾ ਸਿੰਘ ਬੁਰਜ ਗਿੱਲ, ਹਰਬੰਸ ਸਿੰਘ ਸੰਘਾ, ਰਾਜਵਿੰਦਰ ਕੌਰ ਤੇ ਸੁੱਖ ਗਿੱਲ ਮੋਗਾ, ਨਛੱਤਰ ਸਿੰਘ ਵੈਦਵਾਨ, ਜਿੰਦੂ ਖੋਖਰ ਆਦਿ ਹਾਜ਼ਰ ਸਨ।

# ਹੈਰੋਇਨ ਸਮੇਤ ਦੋ ਨੌਜਵਾਨ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**

ਸਥਾਨਕ ਥਾਣਾ ਸਿਟੀ ਪੁਲਸ ਨੇ ਹੈਰੋਇਨ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਖੇਡ ਸਟੇਡੀਅਮ ਮਲੋਟ ਕੋਲ ਪਹੁੰਚੇ ਤਾਂ ਸਾਹਮਣੇ ਇੱਕ ਸਕੂਟੀ 'ਤੇ ਬੈਠੇ ਦੋ ਨੌਜਵਾਨ ਨਤੀਸ਼ ਕੁਮਾਰ ਤੇ ਪ੍ਰਨਵ ਬਾਬਾ ਦੀਪ ਸਿੰਘ ਨਗਰ ਮਲੋਟ ਇੱਕ ਮੋਮੀ ਲਿਫ਼ਾਫ਼ੇ ਵਿੱਚ ਫਰੋਲਾ ਫਰਾਲੀ ਕਰ ਰਹੇ ਸਨ, ਜੋ ਪੁਲਸ ਪਾਰਟੀ ਨੂੰ ਸਾਹਮਣੇ ਆਉਂਦਾ ਦੇਖ ਕੇ ਘਬਰਾ ਗਏ ਤੇ ਮੌਕੇ ਤੋਂ ਖਿਸਕਣ ਲੱਗੇ, ਜਿਨ੍ਹਾਂ ਨੂੰ ਪੁਲਸ ਨੇ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਤਲਾਸ਼ੀ ਲੈਣ ਉਪਰੰਤ ਉਨ੍ਹਾਂ ਕੋਲੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਉਕਤ ਨੌਜਵਾਨਾਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਨਿਸ਼ਕਾਮ ਸਿੱਖ ਕੌਂਸਲ ਤੇ ਭਾਈ ਘਨ੍ਹੱਈਆ ਸੁਸਾਇਟੀ ਨੇ ਹੜ੍ਹ ਪੀੜਤਾਂ ਨੂੰ ਵੰਡਿਆ ਰਾਸ਼ਨ

## ਹੜ੍ਹ ਪੀੜਤਾਂ ਨੂੰ ਪਸ਼ੂ ਧਨ ਲਈ ਹਰੇ ਚਾਰੇ ਤੇ ਦਵਾਈਆਂ ਦੀ ਲੋੜ



**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ)**

ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ 'ਚ ਲਗਾਤਾਰ ਯਤਨਸ਼ੀਲ ਨਿਸ਼ਕਾਮ ਸਿੱਖ ਵੈੱਲਫੇਅਰ ਕੌਂਸਲ ਨਵੀਂ ਦਿੱਲੀ ਤੇ ਭਾਈ ਘਨ੍ਹੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ ਵੱਖ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਨ ਮੌਕੇ ਲੋੜਵੰਦ ਪਰਿਵਾਰਾਂ ਨੂੰ ਸੁੱਕਾ ਰਾਸ਼ਨ ਮੁਹੱਈਆ ਕਰਵਾਇਆ ਗਿਆ। ਨਿਸ਼ਕਾਮ ਕੌਂਸਲ ਦੇ ਸੇਵਾਦਾਰ ਹਰਵਿੰਦਰ ਸਿੰਘ ਮਰਵਾਹਾ ਤੇ ਸੁਸਾਇਟੀ ਦੇ ਕਾਰਜਕਾਰੀ ਪ੍ਰਧਾਨ ਮੱਘਰ ਸਿੰਘ ਖਾਲਸਾ ਮੁਤਾਬਿਕ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡਾਂ ਮੁਠਿਆਂਵਾਲੀ, ਟੱਲੀ ਗ੍ਰਾਮ, ਧੀਰਾ ਘਾਰਾ, ਮਿੱਠੜੀ, ਨਿਹਾਲਾ ਲਵੇਰਾ, ਬੰਡਿਆਲਾ ਆਦਿ ਪਿੰਡਾਂ ਵਿੱਚ ਸੁੱਕਾ ਰਾਸ਼ਨ ਹੜ੍ਹ ਪੀੜਤ ਲੋੜਵੰਦ ਪਰਿਵਾਰਾਂ ਤੱਕ ਪੁੱਜਦਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਭਾਵੇਂ ਹੋਰ ਵੀ ਅਨੇਕਾਂ ਸੰਸਥਾਵਾਂ ਤੇ ਜਥੇਬੰਦੀਆਂ ਵੱਲੋਂ ਆਪੋ ਆਪਣੇ ਤੌਰ 'ਤੇ ਰਾਹਤ ਕਾਰਜ ਸ਼ੁਰੂ ਕੀਤੇ ਗਏ ਹਨ, ਪਰ ਉੱਥੋਂ ਦੇ ਲੋਕਾਂ ਦੀ ਜ਼ਿਆਦਾ ਮੰਗ ਪਸ਼ੂਆਂ ਦੇ ਹਰੇ ਚਾਰੇ ਤੇ ਫੀਡ ਦੇ ਨਾਲ ਨਾਲ ਪਸ਼ੂਆਂ ਦੀਆਂ ਦਵਾਈਆਂ ਦੀ ਹੈ। ਉਕਤ ਵਫਦ ਵਿੱਚ ਸ਼ਾਮਲ ਗੁਰਮੀਤ ਸਿੰਘ ਸੰਧੂ, ਇੰਸ. ਹਰੀਸ਼ ਵਰਮਾ, ਐਡਵੋਕੇਟ ਰਮਨਦੀਪ ਸਿੰਘ, ਗੁਰਵਿੰਦਰ ਸਿੰਘ, ਮਨਮੋਹਨ ਸਿੰਘ, ਸੁਖਵੰਤ ਸਿੰਘ ਤੇ ਪਰਮਜੀਤ ਸਿੰਘ ਨੇ ਵੱਖ ਵੱਖ ਪਰਿਵਾਰਾਂ ਨਾਲ ਗੱਲਬਾਤ ਕਰਨ ਉਪਰੰਤ ਨਤੀਜਾ ਕੱਢਿਆ ਕਿ ਹੁਣ ਰਾਸ਼ਨ ਦੀ ਨਹੀਂ, ਬਲਕਿ ਦਵਾਈਆਂ ਦੀ ਜ਼ਿਆਦਾ ਜ਼ਰੂਰਤ ਹੈ। ਉਨ੍ਹਾ ਆਖਿਆ ਕਿ ਜੇਕਰ ਉਕਤ ਇਲਾਕਿਆਂ 'ਚ ਕਿਸੇ ਦਾ ਜਾਣਕਾਰ ਹੈ ਤਾਂ ਉਹ ਫੋਨ ਰਾਹੀਂ ਸੰਪਰਕ ਕਰਕੇ ਹੀ ਸਬੰਧਤ ਵਸਤੂ ਉੱਥੇ ਲੈ ਕੇ ਜਾਵੇ।

# ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ

**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**

ਥਾਣਾ ਲੰਬੀ ਪੁਲਸ ਨੇ ਇੱਕ ਨੌਜਵਾਨ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਪੁਲਸ ਪਾਰਟੀ ਜਦੋਂ ਨਾਕਾਬੰਦੀ ਦੌਰਾਨ ਖਿਉਵਾਲੀ ਵਹੀਕਲਾਂ ਦੀ ਜਾਂਚ ਕਰ ਰਹੀ ਸੀ ਤਾਂ ਸਾਹਮਣੇ ਤੋਂ ਇੱਕ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਮਲੋਟ ਵੱਲੋਂ ਆ ਰਿਹਾ ਸੀ, ਜਦੋਂ ਪੁਲਸ ਪਾਰਟੀ ਨੇ ਮੋਟਰਸਾਈਕਲ ਨੂੰ ਰੋਕਣ ਦਾ ਇਸ਼ਾਰਾ ਕੀਤਾ ਤੇ ਪੁਲਸ ਨੂੰ ਵੇਖ ਕੇ ਮੋਟਰਸਾਈਕਲ ਇੱਕਦਮ ਪਿੱਛੇ ਵੱਲ ਨੂੰ ਮੋੜਨ ਲੱਗਾ ਤਾਂ ਅਚਾਨਕ ਮੋਟਰਸਾਈਕਲ ਬੰਦ ਹੋ ਗਿਆ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰ ਲਿਆ। ਪੁਲਸ ਵੱਲੋਂ ਨਾਮ ਪਤਾ ਪੁੱਛਣ 'ਤੇ ਉਸ ਨੇ ਆਪਣਾ ਨਾਮ ਛੇਦੀ ਰਾਮ, ਵਾਸੀ ਸੀਰਸੀਆ ਕਲਾਂ (ਬਿਹਾਰ) ਦੱਸਿਆ। ਮੋਟਰਸਾਈਕਲ ਦੇ ਕਾਗਜ਼ਾਤ ਦਿਖਾਉਣ ਲਈ ਕਿਹਾ ਤਾਂ ਟਾਲ ਮਟੋਲ ਕਰਨ ਲੱਗਾ, ਜਿਸ ਨੂੰ ਸਖਤੀ ਨਾਲ ਪੁੱਛਣ 'ਤੇ ਉਸ ਨੇ ਦੱਸਿਆ ਕਿ ਇਹ ਮੋਟਰਸਾਈਕਲ ਪਿੰਡ ਕੋਠਾ ਪੱਤੀ ਮੁਹੱਬਤ (ਮੋਗਾ) ਤੋਂ ਚੋਰੀ ਕਰਕੇ ਲਿਆਇਆ ਹੈ। ਪੁਲਸ ਨੇ ਉਕਤ ਨੌਜਵਾਨ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਔਖੀ ਘੜੀ 'ਚ ਸਮਾਜ ਸੇਵੀਆਂ ਦਾ ਯੋਗਦਾਨ ਕਾਬਿਲੇ-ਤਾਰੀਫ : ਜੌੜਾਮਾਜਰਾ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਕੈਬਨਿਟ ਮੰਤਰੀ ਤੇ ਹਲਕਾ ਸਮਾਣਾ ਦੇ ਵਿਧਾਇਕ ਸ੍ਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਜਿੱਥੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਕੁਦਰਤੀ ਆਫਤ ਨਾਲ ਨਜਿੱਠਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ, ਉਥੇ ਪੰਜਾਬੀਆਂ ਵੱਲੋਂ ਪਾਏ ਜਾ ਰਹੇ ਯੋਗਦਾਨ ਨੇ ਇੱਕ ਲੋਕ ਲਹਿਰ ਪੈਦਾ ਕਰ ਦਿੱਤੀ ਹੈ। ਉਨ੍ਹਾ ਕਿਹਾ ਕਿ ਇਸ ਔਖੀ ਘੜੀ ਵਿੱਚ ਸਮਾਜ ਸੇਵੀਆਂ ਦਾ ਯੋਗਦਾਨ ਕਾਬਿਲੇ ਤਾਰੀਫ ਹੈ। ਉਨ੍ਹਾ ਕਿਹਾ ਕਿ ਸਮਾਣਾ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਉਹ ਖੁਦ ਪੀੜਤਾਂ ਦੀ ਮਦਦ ਕਰ ਰਹੇ ਹਨ ਤੇ ਦੇਖਿਆ ਜਾ ਰਿਹਾ ਹੈ ਕਿ ਰੋਜ਼ਾਨਾ ਵੱਖ-ਵੱਖ ਜ਼ਿਲ੍ਹਿਆਂ ਦੇ ਸਮਾਜਸੇਵੀ ਬੁਨਿਆਦੀ ਰਾਹਤ ਸਮੱਗਰੀ ਲੈ ਕੇ ਪਹੁੰਚ ਰਹੇ ਹਨ। ਉਨ੍ਹਾ ਕਿਹਾ ਕਿ ਸਿਰੜੀ ਪੰਜਾਬੀਆਂ ਵੱਲੋਂ ਇਕੱਲੇ ਪਟਿਆਲਾ ਜ਼ਿਲ੍ਹੇ ਵਿੱਚ ਹੀ ਨਹੀਂ, ਬਲਕਿ ਸੂਬੇ ਦੇ ਸਾਰੇ ਪ੍ਰਭਾਵਿਤ ਇਲਾਕਿਆਂ ਵਿੱਚ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਲਗਾਤਾਰ ਪ੍ਰਭਾਵਿਤ ਲੋਕਾਂ ਦੀ ਮਦਦ ਕਰ ਰਹੇ ਕੈਬਨਿਟ ਮੰਤਰੀ ਸ੍ਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪਿੰਡ ਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਆਰਜ਼ੀ ਰਾਹਤ ਕੇਂਦਰਾਂ 'ਚ ਠਹਿਰਾਇਆ ਜਾ ਰਿਹਾ ਹੈ ਤੇ ਇੱਥੇ ਸੂਬਾ ਸਰਕਾਰ ਵੱਲੋਂ ਮੁਫਤ ਸਿਹਤ ਸਹੂਲਤਾਂ ਤੋਂ ਇਲਾਵਾ ਖਾਣ-ਪੀਣ ਸਮੇਤ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤੇ ਪੰਜਾਬ ਸਰਕਾਰ ਵੱਲੋਂ ਰਾਹਤ ਸਮੱਗਰੀ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਮੁਫਤ ਸਿਹਤ ਸਹੂਲਤਾਂ ਤੋਂ ਇਲਾਵਾ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ।



# ਪੰਜਾਬ ਸਟੇਟ ਪੈਨਸ਼ਨਰ ਕਨਫੈਡਰੇਸ਼ਨ ਜ਼ਿਲ੍ਹਾ ਫਿਰੋਜ਼ਪੁਰ ਦੀ ਚੋਣ

## ਜਾਗੋਵਾਲੀਆ ਪ੍ਰਧਾਨ ਤੇ ਮਾੜੀਮੇਘਾ ਜਨਰਲ ਸਕੱਤਰ ਚੁਣੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਬੀਤੇ ਦਿਨੀਂ ਪੰਜਾਬ ਸਟੇਟ ਪੈਨਸ਼ਨਰ ਕੰਨਫੈਡਰੇਸ਼ਨ ਜ਼ਿਲ੍ਹਾ ਫਿਰੋਜ਼ਪੁਰ ਦੀ ਚੋਣ ਮੀਟਿੰਗ ਸਟੇਟ ਆਗੂ ਕਿੱਕਰ ਸਿੰਘ ਜ਼ੀਰਾ ਐਡੀਸ਼ਨਲ ਜਨਰਲ ਸੈਕਟਰੀ ਦੀ ਪ੍ਰਧਾਨਗੀ ਹੇਠ ਨਾਰਦਰਨ ਰੇਲਵੇ ਮੈਨਜ਼ ਯੂਨੀਅਨ ਦਫ਼ਤਰ ਫ਼ਿਰੋਜ਼ਪੁਰ ਵਿਖੇ ਹੋਈ।ਮੀਟਿੰਗ ਵਿੱਚ ਜ਼ੀਰਾ ਬ੍ਰਾਚ, ਤਲਵੰਡੀ ਭਾਈ ਬ੍ਰਾਂਚ, ਮੱਲਾਂਵਾਲਾ ਬ੍ਰਾਂਚ ਤੇ ਫਿਰੋਜ਼ਪੁਰ ਬ੍ਰਾਂਚ ਦੇ ਪੈਨਸ਼ਨਰ ਆਗੂ ਤੇ ਪੈਨਸ਼ਨਰ ਸ਼ਾਮਲ ਹੋਏ।ਮੀਟਿੰਗ ਵਿੱਚ ਪੈਨਸ਼ਨਰਾਂ ਨੂੰ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਚਰਚਾ ਕੀਤੀ।ਇਸ ਸਮੇਂ ਸਰਬਸੰਮਤੀ ਨਾਲ ਜ਼ਿਲ੍ਹਾ ਫਿਰੋਜ਼ਪੁਰ ਦੀ ਚੋਣ ਕੀਤੀ ਗਈ, ਜਿਸ ਵਿੱਚ ਕਿਸ਼ਨ ਚੰਦ ਜਾਗੋਵਾਲੀਆ ਨੂੰ ਜ਼ਿਲ੍ਹਾ ਪ੍ਰਧਾਨ, ਬਲਕਾਰ ਸਿੰਘ ਮਾੜੀਮੇਘਾ ਨੂੰ ਜ਼ਿਲ੍ਹਾ ਜਨਰਲ ਸਕੱਤਰ ਤੇ ਜੰਗੀਰ ਸਿੰਘ ਜ਼ੀਰਾ ਨੂੰ ਸਲਾਹਕਾਰ ਚੁਣਿਆ ਗਿਆ। ਇਸ ਤੋਂ ਇਲਾਵਾ ਕਿੱਕਰ ਸਿੰਘ ਜ਼ੀਰਾ, ਬੂਟਾ ਰਾਮ ਤਲਵੰਡੀ ਭਾਈ, ਵਿਜੇ ਕੁਮਾਰ ਗੱਖੜ ਨੂੰ ਸੀਨੀਅਰ ਮੀਤ ਪ੍ਰਧਾਨ, ਸਰਬਜੀਤ ਸਿੰਘ ਪੀਰਮੁਹੰਮਦ, ਸਤਪਾਲ ਖੁੱਲਰ ਤਲਵੰਡੀ ਭਾਈ, ਰਣਬੀਰ ਸਿੰਘ ਕੁੱਕੂ ਫਿਰੋਜ਼ਪੁਰ ਮੀਤ ਪ੍ਰਧਾਨ, ਗੁਰਜਿੰਦਰ ਸਿੰਘ ਫਿਰੋਜ਼ਪੁਰ, ਵਿਜੇ ਕੁਮਾਰ ਮੱਲਾਂਵਾਲਾ ਨੂੰ ਜੁਆਇੰਟ ਸਕੱਤਰ, ਮੇਹਰ ਸਿੰਘ ਫਿਰੋਜ਼ਪੁਰ ਵਿੱਤ ਸਕੱਤਰ, ਚੰਨਣ ਸਿੰਘ ਜ਼ੀਰਾ, ਚਮਕੌਰ ਸਿੰਘ ਮੱਲਾਂਵਾਲਾ, ਰਾਜ ਕੁਮਾਰ ਤਲਵੰਡੀ ਭਾਈ ਵਧੀਕ ਵਿੱਤ ਸਕੱਤਰ, ਸਵਿੰਦਰਪਾਲ ਕੌਰ ਪ੍ਰੈੱਸ ਸਕੱਤਰ, ਗੁਰਮੇਲ ਸਿੰਘ ਖੋਸਾ ਤਲਵੰਡੀ ਭਾਈ ਵਧੀਕ ਪ੍ਰੈੱਸ ਸਕੱਤਰ, ਬਖਸ਼ੀਸ਼ ਸਿੰਘ ਜ਼ੀਰਾ, ਡਾ. ਪ੍ਰਦੀਪ ਰਾਣਾ ਫਿਰੋਜ਼ਪੁਰ, ਹਰਜੀਤ ਸਿੰਘ ਤਲਵੰਡੀ ਭਾਈ, ਮੁਖਤਿਆਰ ਸਿੰਘ ਮੱਲਾਂ ਵਾਲਾ ਵਧੀਕ ਜਨਰਲ ਸਕੱਤਰ, ਪ੍ਰਮੋਦ ਗੋਗਾ ਫਿਰੋਜ਼ਪੁਰ ਆਰਗੇਨਾਈਜ਼ ਸਕੱਤਰ, ਚੰਦਰ ਮੋਹਨ ਫਿਰੋਜ਼ਪੁਰ ਆਫਿਸ ਸਕੱਤਰ, ਹਰੀ ਕਿਸ਼ਨ, ਡਮਰ ਬਹਾਦਰ, ਦਰਸ਼ਨ ਲਾਲ ਕਾਰਜਕਾਰੀ ਮੈਂਬਰ ਚੁਣੇ ਗਏ।ਇਸ ਸਮੇਂ ਸਟੇਟ ਆਗੂ ਕਿੱਕਰ ਸਿੰਘ ਨੇ ਦੱਸਿਆ ਕਿ ਮੌਜੂਦਾ ਸਰਕਾਰਾਂ ਪੈਨਸ਼ਨ ਨੂੰ ਸਰਕਾਰੀ ਖਜ਼ਾਨੇ 'ਤੇ ਬੋਝ ਸਮਝ ਰਹੀਆਂ ਹਨ ਤੇ ਪੈਨਸ਼ਨ ਨੂੰ ਖੋਰਾ ਲਾਉਣ ਦੀਆਂ ਤਜਵੀਜ਼ਾਂ ਘੜੀਆਂ ਜਾ ਰਹੀਆਂ ਹਨ।ਇਸ ਲਈ ਪੈਨਸ਼ਨ ਦੀ ਰਾਖ਼ੀ ਕਰਨਾ ਹਰ ਪੈਨਸ਼ਨਰ ਦਾ ਫਰਜ਼ ਹੈ।



ਪੰਜਾਬ ਸਟੇਟ ਪੈਨਸ਼ਨਰ ਕੰਨਫੈਡਰੇਸ਼ਨ ਜ਼ਿਲ੍ਹਾ ਫਿਰੋਜ਼ਪੁਰ ਦੇ ਚੁਣੇ ਹੋਏ ਮੈਂਬਰ।

# ਲੋਕਾਂ ਨੂੰ ਸਿਹਤ ਸੇਵਾਵਾਂ ਵੱਲੋਂ ਕੋਈ ਕਮੀਂ ਨਹੀਂ ਆਉਣ ਦੇਵਾਂਗੇ : ਡਾ. ਪਵਨਪ੍ਰੀਤ ਸਿੰਘ

## ਬਲਾਕ ਪੀ ਐੱਚ ਸੀ ਜੰਡਵਾਲਾ ਭੀਮੇਸ਼ਾਹ ਦਾ ਪੂਰਾ ਸਟਾਫ ਹੜ੍ਹ ਪ੍ਰਭਾਵਤ ਪਿੰਡਾਂ 'ਚ ਲੋਕਾਂ ਦੀ ਸੇਵਾ ਲਈ 24 ਘੰਟੇ ਹਾਜ਼ਰ

**ਫਾਜ਼ਿਲਕਾ (ਨਿਸ਼ਾ ਸ਼ਰਮਾ, ਕ੍ਰਿਸ਼ਨ ਸਿੰਘ)**-ਇਨ੍ਹੀਂ ਦਿਨੀਂ ਪੰਜਾਬ ਦਾ ਕਾਫੀ ਇਲਾਕਾ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਇਸ ਵਿੱਚ ਬਹੁ-ਗਿਣਤੀ ਪਿੰਡਾਂ ਦੇ ਲੋਕ ਆਪਣੇ ਘਰ-ਬਾਰ ਛੱਡ ਕੇ ਪੰਜਾਬ ਸਰਕਾਰ ਵੱਲੋਂ ਬਣਾਏ ਰਾਹਤ ਕੈਂਪਾਂ ਵਿੱਚ ਸ਼ਰਨ ਲੈ ਰਹੇ ਹਨ। ਇਨ੍ਹਾਂ ਰਾਹਤ ਕਾਰਜਾਂ ਦੀ ਲੜੀ ਵਿੱਚ ਜ਼ਿਲ੍ਹਾ ਫਾਜ਼ਿਲਕਾ ਦੇ ਸਿਵਲ ਸਰਜਨ ਡਾ. ਸਤੀਸ਼ ਗੋਇਲ, ਸਹਾਇਕ ਸਿਵਲ ਸਰਜਨ ਡਾ. ਬਬੀਤਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਪੀ ਐੱਚ ਸੀ ਜੰਡਵਾਲਾ ਭੀਮੇਸ਼ਾਹ ਦੇ ਸੀਨੀਅਰ ਮੈਡੀਕਲ ਅਫਸਰ (ਵਾਧੂ ਚਾਰਜ) ਡਾ. ਸੁਮਨਦੀਪ ਕੌਰ, ਡਾ. ਪਵਨਪ੍ਰੀਤ ਸਿੰਘ ਦੀ ਯੋਗ ਅਗਵਾਈ ਵਿੱਚ ਸਟਾਫ ਮੈਂਬਰ ਪਹਿਲੇ ਦਿਨ ਤੋਂ ਹੀ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਵਿੱਚ ਦਿਨ-ਰਾਤ ਕੰਮ ਕਰ ਰਹੇ ਹਨ। ਜਾਣਕਾਰੀ ਦਿੰਦਿਆਂ ਮੈਡੀਕਲ ਅਫਸਰ (ਪ੍ਰਬੰਧਕੀ ਇੰਚਾਰਜ) ਡਾ. ਪਵਨਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਸਿਹਤ ਵਿਭਾਗ ਲੋਕਾਂ ਨੂੰ ਬਹੁਤ ਵਧੀਆ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਹਮੇਸ਼ਾ ਯਤਨਸ਼ੀਲ ਹੈ। ਇਸੇ ਲੜੀ ਵਿੱਚ ਵਿਸ਼ੇਸ਼ ਕਰ ਹੜ੍ਹ ਪ੍ਰਭਾਵਿਤ ਸਮੇਂ ਦੌਰਾਨ ਲੋਕਾਂ ਦੀ ਸਿਹਤ ਦਾ ਪੂਰਾ ਖਿਆਲ ਰੱਖਣ ਲਈ ਪੀ ਐੱਚ ਸੀ ਜੰਡਵਾਲਾ ਭੀਮੇਸ਼ਾਹ ਦਾ ਸਟਾਫ ਲੋਕਾਂ ਦੀ ਦਿਨ ਰਾਤ ਸੇਵਾ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਲਾਕ ਅਧੀਨ ਪਿੰਡ ਚੱਕ ਬਲੋਚਾਂ, ਚੱਕ ਟਾਹਲੀ ਵਾਲਾ, ਚੱਕ ਲਮੋਚੜ, ਭੰਬਾ ਵੱਟੂ ਉਤਾੜ, ਗੱਟੀ ਹਾਸਲ, ਜੱਲ੍ਹਾ ਲੱਖਾ ਹਿਠਾੜ, ਬੱਗੇ ਕੇ ਉਤਾੜ, ਪਰਭਾਤ ਸਿੰਘ ਵਾਲਾ, ਸੰਤੋਖ ਸਿੰਘ ਵਾਲਾ, ਢੰਦੀ ਕਦੀਮ, ਢੰਡੀ ਖੁਰਦ, ਪਰਭਾਤ ਸਿੰਘ ਵਾਲਾ, ਫੱਤੂ ਵਾਲਾ, ਮੋਹਰ ਸਿੰਘ ਵਾਲਾ, ਰਾਮ ਸਿੰਘ ਵਾਲਾ ਤੇ ਚੱਕ ਸਰਕਾਰ ਪਾਣੀ ਦੀ ਮਾਰ ਹੇਠ ਆਉਂਦੇ ਹਨ। ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਕਲਸਟਰ ਵਾਇਜ਼ ਸਰਕਾਰੀ ਪ੍ਰਾਇਮਰੀ ਸਕੂਲ ਘੁਬਾਇਆ, ਸਰਕਾਰੀ ਪ੍ਰਾਇਮਰੀ ਸਕੂਲ ਪ੍ਰਭਾਤ ਸਿੰਘ ਵਾਲਾ, ਸਰਕਾਰੀ ਹਾਈ ਸਕੂਲ ਬੱਗੇ ਕੇ, ਸਰਕਾਰੀ ਪ੍ਰਾਇਮਰੀ ਸਕੂਲ ਸੁਖੇਰਾ ਬੋਦਲਾ ਵਿਖੇ ਰਾਹਤ ਕੈਂਪ ਬਣਾਏ ਗਏ ਹਨ। ਇਨ੍ਹਾਂ ਕੈਂਪਾਂ ਲਈ ਡਾਕਟਰਾਂ ਤੇ ਪੈਰਾ-ਮੈਡੀਕਲ ਟੀਮਾਂ ਗਠਿਤ ਕੀਤੀਆਂ ਗਈਆਂ ਹਨ, ਜੋ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਮੁਹੱਈਆ ਕਰਵਾ ਰਹੀਆਂ ਹਨ ਤੇ ਉਨ੍ਹਾਂ ਨੂੰ ਲੋੜ ਅਨੁਸਾਰ ਦਵਾਈਆਂ ਦੇਣ ਦੇ ਨਾਲ ਨਾਲ ਉਨ੍ਹਾਂ ਦੀ ਸਿਹਤ ਜਾਂਚ ਕਰ ਰਹੀਆਂ ਹਨ। ਬਲਾਕ ਮਾਸ ਮੀਡੀਆ ਅਫਸਰ ਹਰਮੀਤ ਸਿੰਘ ਨੇ ਦੱਸਿਆ ਕਿ ਪਿੰਡਾਂ ਦੇ ਲੋਕਾਂ ਨੂੰ ਪਾਣੀ ਵਿੱਚ ਪੈਦਾ ਹੋਣ ਵਾਲੇ ਮੱਛਰਾਂ ਤੇ ਹੋਰਨਾਂ ਕੀਟਾਣੂਆਂ ਤੋਂ ਬਚਾਅ ਲਈ ਸਾਡੇ ਬਲਾਕ ਦੇ ਮਲਟੀਪਰਪਜ਼ ਹੈਲਥ ਵਰਕਰਾਂ ਦੀ ਟੀਮ ਵੱਲੋਂ ਕੈਂਪ ਲਗਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ। ਡਾ. ਪਵਨਪ੍ਰੀਤ ਸਿੰਘ ਨੇ ਇਸ ਰਾਹਤ ਕਾਰਜ ਕੈਂਪਾਂ ਵਿੱਚ ਕੰਮ ਕਰ ਰਹੇ ਬਲਾਕ ਦੇ ਸਮੂਹ ਡਾਕਟਰਾਂ, ਕਮਿਊਨਿਟੀ ਹੈਲਥ ਅਫਸਰਾਂ, ਮਲਟੀਪਰਪਜ਼ ਹੈਲਥ ਵਰਕਰ (ਮੇਲ), ਏਐੱਨਐੱਮ ਸਟਾਫ ਸਮੇਤ ਆਸ਼ਾ ਵਰਕਰਾਂ ਦਾ ਧੰਨਵਾਦ ਕਰਦਿਆਂ ਲੋਕਾਂ ਦੀ ਸੇਵਾ 'ਚ ਤਨ ਮਨ ਨਾਲ ਹਾਜ਼ਰ ਰਹਿਣ ਲਈ ਕਿਹਾ।



18-July-PAGE-8.qxd 7/17/2023 10:43 PM Page 1



# ਡਾ. ਓਬਰਾਏ ਵੱਲੋਂ ਹੜ੍ਹ ਪੀੜਤਾਂ ਲਈ ਨਿਰੰਤਰ ਸੇਵਾ ਕਾਰਜ ਜਾਰੀ



**ਮਹਿਤਪੁਰ (ਰਾਜਾ)** ਪੰਜਾਬ ਦਾ ਬਹੁਤ ਵੱਡਾ ਹਿੱਸਾ ਇਸ ਸਮੇਂ ਪਾਣੀ ਦੀ ਮਾਰ ਹੇਠ ਹੈ। ਹੜ੍ਹਾਂ ਕਾਰਨ ਝੋਨੇ ਦੀ ਫਸਲ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ। ਜਲੰਧਰ ਜ਼ਿਲ੍ਹੇ ਦੇ ਗਿੱਦੜਵਿੰਡੀ ਧੁੱਸੀ ਬੰਨ੍ਹ ਟੁੱਟ ਜਾਣ ਕਾਰਨ ਦਰਜਨਾਂ ਪਿੰਡਾਂ ਵਿੱਚ ਪਾਣੀ ਭਰ ਗਿਆ ਹੈ।

ਇਹਨਾਂ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਪਾਣੀ ਦੀ ਪਈ ਮਾਰ ਦੌਰਾਨ ਪੀੜਤ ਲੋਕਾਂ ਦੀ ਮਦਦ ਲਈ ਅੱਗੇ ਆਉਂਦਿਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ.ਐਸ.ਪੀ.ਸਿੰਘ ਓਬਰਾਏ ਵੱਲੋਂ ਜਲੰਧਰ ਜ਼ਿਲ੍ਹੇ ਲਈ ਭੇਜਿਆ ਗਿਆ 335 ਕੁਇੰਟਲ ਪਸ਼ੂਆਂ ਦਾ ਚਾਰਾ ਅਤੇ 100 ਪਰਵਾਰਾਂ ਲਈ ਸੁੱਕੇ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ ਹਨ। ਡਾਕਟਰ ਓਬਰਾਏ ਨੇ ਦੱਸਿਆ ਕਿ ਗਿੱਦੜਵਿੰਡੀ ਬੰਨ ਟੁੱਟ ਜਾਣ ਕਾਰਨ ਇਸ ਇਲਾਕੇ ਦੇ ਕਈ ਪਿੰਡ ਮਾਰ ਹੇਠ ਆਏ ਹਨ। ਝੋਨੇ ਦੀ ਫਸਲ ਤਬਾਹ ਹੋਣ ਤੋਂ ਇਲਾਵਾ ਪਸ਼ੂਆਂ ਦਾ ਚਾਰਾ ਵੀ ਤਬਾਹ ਹੋ ਗਿਆ ਹੈ। 335 ਕੁਇੰਟਲ ਪਸਸ਼ਆਂ ਲਈ ਮੱਕੀ ਦਾ ਆਚਾਰ ਭੇਜਿਆ ਗਿਆ ਹੈ ,ਇਸ ਤੋਂ ਇਲਾਵਾ 100 ਅਤਿ ਲੋੜਵੰਦ ਪਰਵਾਰਾਂ ਲਈ ਸੁੱਕੇ ਰਾਸ਼ਨ ਦੀਆਂ ਕਿੱਟਾਂ ਭੇਜੀਆਂ ਗਈਆਂ ਹਨ। ਜੋ ਅੱਜ ਬੂੜੇਵਾਲ, ਬਾਘੀਆਂ ਖੁਰਦ, ਹਯਾਤੇ ਵਾਲਾ ਖੁਰਲਾ ਪੁਰ, ਕੰਨੀਆਂ,ਗਿਦੜ ਵਿੰਡੀ, ਗੱਟਾ ਮੁੰਡੀ ਕਾਸੂ, ਨਸੀਰੇਵਾਲ, ਕੋਠਾ, ਕੰਗ ਨਸੀਰੇਵਾਲ ,ਦਾਰੇਵਾਲ ,ਨਲ ਅਤੇ ਹੋਰ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਤਕਸੀਮ ਕੀਤੀਆਂ ਗਈਆਂ ਹਨ। ਸਮਾਜ ਸੇਵਕ ਗੁਰਨਾਮ ਸਿੰਘ ਅਤੇ ਮਾਸਟਰ ਰਾਕੇਸ਼ ਕੁਮਾਰ ਨੇ ਡਾਕਟਰ ਓਬਰਾਏ ਦਾ ਧੰਨਵਾਦ ਕਰਦਿਆਂ ਕਿਹਾ ਕਿ 2019 ਵਿੱਚ ਆਏ ਹੜ੍ਹਾਂ ਦੌਰਾਨ ਵੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਵੱਡੇ ਪੱਧਰ 'ਤੇ ਸਹਾਇਤਾ ਭੇਜੀ ਗਈ ਸੀ।

# ਸਪੈਸ਼ਲ ਤੇ ਆਬਜ਼ਰਵੇਸ਼ਨ ਹੋਮ ਦੇ ਬੱਚਿਆਂ ਦੇ ਬਾਸਕਿਟਬਾਲ ਮੈਚ ਕਰਵਾਏ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਡਾਇਰੈਕਟਰ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਪੈਸ਼ਲ ਹੋਮ ਅਤੇ ਆਬਜ਼ਰਵੇਸ਼ਨ ਹੋਮ, ਹੁਸ਼ਿਆਰਪੁਰ ਵਿਖੇ ਸਹਿਵਾਸੀ ਬੱਚਿਆਂ ਦੇ ਬਾਸਕਿਟਬਾਲ ਮੈਚ ਕਰਵਾਏ ਗਏ। ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਵਿਓਮ ਭਾਰਦਵਾਜ ਅਤੇ ਕਾਰਜਕਾਰੀ ਡਾਇਰੈਕਟਰ ਅਤੇ ਸਟੇਟ ਹੈੱਡ ਇੰਡੀਅਨ ਆਇਲ ਕਾਰਪੋਰੇਸ਼ਨ ਜਤਿੰਦਰ ਕੁਮਾਰ ਨੇ ਪਰਿਵਰਤਨ ਪ੍ਰਿਜ਼ਨ ਟੂ ਪ੍ਰਾਈਡ ਅਤੇ ਨਵੀਂ ਦਿਸ਼ਾ ਸਮਾਈਲ ਫਾਰ ਜੁਵੇਨਾਈਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਜਤਿੰਦਰ ਕੁਮਾਰ ਨੇ ਕਿਹਾ ਕਿ ਇੰਡੀਅਨ ਆਇਲ ਕਾਰਪੋਰੇਸ਼ਨ ਵੱਲੋਂ ਅਜਿਹੇ ਪ੍ਰੋਗਰਾਮ ਬੱਚਿਆਂ ਦੇ ਆਚਰਣ ਨੂੰ ਉੱਚਾ ਚੁੱਕਣ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਵਿੱਚ ਸਹਾਈ ਸਿੱਧ ਹੋ ਰਹੇ ਹਨ। ਇਸ ਮੌਕੇ ਸਹਾਇਕ ਕਮਿਸ਼ਨਰ ਵਿਓਮ ਭਾਰਦਵਾਜ ਨੇ ਜੁਵੇਨਾਈਲ ਹੋਮ ਦੇ ਸਹਿਵਾਸੀ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਦਿਆਂ ਵਧਾਈ ਦਿੱਤੀ ਅਤੇ ਕਿਹਾ ਕਿ ਖੇਡਾਂ ਅਨੁਸ਼ਾਸਨ, ਮੁਕਾਬਲੇ ਦੀ ਭਾਵਨਾ, ਸਮੇਂ ਦਾ ਸਤਿਕਾਰ ਅਤੇ ਅੱਗੇ ਵਧਣ ਦੀ ਭਾਵਨਾ ਪੈਦਾ ਕਰਦੀਆਂ ਹਨ। ਇਸ ਮੌਕੇ ਇੰਡੀਅਨ ਆਇਲ ਦੇ ਚੇਅਰਮੈਨ ਸ਼੍ਰੀਕਾਂਤ ਮਾਧਵ ਵੈਦਿਆ ਨੇ ਆਡੀਓ-ਵੀਡੀਓ ਰਾਹੀਂ ਬੱਚਿਆਂ ਨੂੰ ਇਸ ਮੌਕੇ ਦੀ ਵਧਾਈ ਦਿੱਤੀ ਅਤੇ ਖੇਡਾਂ ਨੂੰ ਆਪਣੇ ਜੀਵਨ ਦਾ ਅਹਿਮ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਦੋਵਾਂ ਟੀਮਾਂ ਨੂੰ ਮੈਚ ਉਪਰੰਤ ਟਰਾਫੀਆਂ ਦੇ ਕੇ ਹੌਸਲਾ ਅਫਜਾਈ ਕੀਤੀ ਗਈ। ਇਸ ਮੌਕੇ ਡਵੀਜ਼ਨ ਰਿਟੇਲ ਸੈੱਲ ਇੰਡੀਅਨ ਆਇਲ ਦੇ ਮੁਖੀ ਰਾਜਨ ਬੇਰੀ, ਹਾਕੀ ਓਲੰਪੀਅਨ ਅਤੇ ਚੀਫ਼ ਮੈਨੇਜਰ ਐਚ.ਆਰ ਇੰਡੀਅਨ ਆਇਲ ਕਾਰਪੋਰੇਸ਼ਨ ਦੀਪਕ ਠਾਕੁਰ, ਜ਼ਿਲ੍ਹਾ ਹੁਸ਼ਿਆਰਪੁਰ ਦੀ ਇੰਡੀਅਨ ਆਇਲ ਕਾਰਪੋਰੇਸ਼ਨ ਦੀ ਸਮੁੱਚੀ ਟੀਮ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਹਰਪ੍ਰੀਤ ਕੌਰ, ਸੁਪਰਡੈਂਟ ਆਬਜ਼ਰਵੇਸ਼ਨ ਹੋਮ ਨਰੇਸ਼ ਕੁਮਾਰ, ਪੁਨੀਤ ਕੁਮਾਰ, ਮੈਂਬਰ ਬਾਲ ਭਲਾਈ ਕਮੇਟੀ ਜਗਦੀਸ਼ ਮਿੱਤਰ, ਮੈਂਬਰ ਜੁਵੇਨਾਈਲ ਜਸਟਿਸ ਬੋਰਡ ਸ਼ਮਿਨੀ ਗੁਪਤਾ, ਲੀਗਲ-ਕਮ-ਪ੍ਰੋਬੇਸ਼ਨ ਅਫ਼ਸਰ ਸੁਖਜਿੰਦਰ ਸਿੰਘ, ਅੰਜਲੀ ਅਗਰਵਾਲ, ਡਾ ਰਜਿੰਦਰ ਪਾਲ ਰੋਜ਼ੀ ਅਤੇ ਹੋਰ ਪਤਵੰਤਿਆਂ ਨੇ ਸ਼ਿਰਕਤ ਕੀਤੀ ਅਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ।

# ਖਣਨ ਮਾਫੀਆ ਨੇ ਇਲਾਕੇ ਦਾ ਭੂਗੋਲ ਵਿਗਾੜ ਦਿੱਤਾ : ਭੁੱਲੇਵਾਲ ਰਾਠਾਂ



**ਮਾਹਿਲਪੁਰ, (ਸਫਰੀ)**-ਸੱਤਾਧਾਰੀ ਪਾਰਟੀ ਦੇ ਪ੍ਰਭਾਵ ਹੇਠਾਂ ਕੰਢੀ ਇਲਾਕੇ ਵਿੱਚ ਨਜਾਇਜ਼ ਖਣਨ ਦਾ ਅਮਲ ਲਗਾਤਾਰ ਤੇਜ ਹੋ ਰਿਹਾ ਹੈ। ਹੁਣ ਤਹਿਸੀਲ ਦੇ ਨੀਮ ਪਹਾੜੀ ਪਿੰਡਾਂ ਵਿੱਚ ਸ਼ਿਵਾਲਕ ਪਹਾੜਾਂ ਤੋਂ ਨਿਕਲਦੀਆਂ ਖੱਡਾ ਅਤੇ ਚੋਆਂ ਵਿੱਚ ਆਏ ਹੜ੍ਹ ਨਾਲ ਰੁੜ ਕੇ ਆਏ ਰੇਤ ਦੀ ਪਿਛਲੇ ਚਾਰ ਦਿਨਾਂ ਤੋਂ ਨਜਾਇਜ਼ ਚੁਕਾਈ ਜਾਰੀ ਹੈ ਪਰ ਇਸ ਪਾਸੇ ਖਣਨ ਵਿਭਾਗ ਕੋਈ ਵੀ ਕਾਰਵਾਈ ਕਰਨ ਤੋਂ ਅਸਮਰੱਥ ਦਿਖਾਈ ਦੇ ਰਿਹਾ ਹੈ। ਜਿਕਰਯੋਗ ਹੈ ਕਿ ਇਲਾਕੇ ਦੇ ਪਿੰਡ ਰਾਮਪੁਰ, ਬਿਲੜੋਂ, ਹਾਜੀਪੁਰ, ਗੱਜਰ, ਬੀਰਮਪੁਰ, ਕੁਨੈਲ ਆਦਿ ਵਿੱਚ ਖੇਤਾਂ ਅੰਦਰ ਅਨੇਕਾਂ ਥਾਵਾਂ 'ਤੇ ਰੈਂਪ ਬਣਾ ਕੇ ਰੇਤ ਦੀ ਨਜਾਇਜ ਚੁਕਾਈ ਕੀਤੀ ਜਾ ਰਹੀ ਹੈ ਜਿਸ ਨਾਲ ਖੱਡਾਂ ਚੋਆਂ ਦੇ ਕੁਦਰਤੀ ਰਸਤੇ ਤਬਦੀਲ ਹੋ ਰਹੇ ਹਨ ਅਤੇ ਇਨ੍ਹਾਂ ਪਿੰਡਾਂ ਵਿੱਚ ਬਾਰਿਸ਼ ਨਾਲ ਹੜ ਵਰਗੇ ਹਾਲਾਤ ਬਣ ਜਾਂਦੇ ਹਨ। ਲੋਕਾਂ ਅਨੁਸਾਰ ਕੰਢੀ ਦੇ ਇਨ੍ਹਾਂ ਪਿੰਡਾਂ ਵਿੱਚ ਜੇਸੀਬੀ ਮਸ਼ੀਨਾਂ ਨਾਲ ਖੇਤਾਂ ਵਿਚ ਦਸ ਤੋਂ ਵੀਹ ਫੁੱਟ ਤੱਕ ਦੀ ਮਿੱਟੀ ਚੁੱਕੀ ਜਾ ਰਹੀ ਹੈ ਅਤੇ ਖੇਤਾਂ ਨੂੰ ਵੀਹ ਪੰਝੀ ਫੁੱਟ ਤੱਕ ਪੁੱਟ ਕੇ ਰੇਤ ਕੱਢਿਆ ਜਾ ਰਿਹਾ ਹੈ ਜਿਸਦੀ ਇਲਾਕੇ ਵਿੱਚ ਮਹਿੰਗੇ ਮੁੱਲ ਨਾਲ ਸਪਲਾਈ ਕੀਤੀ ਜਾ ਰਹੀ ਹੈ। ਦੱਸਣਾ ਬਣਦਾ ਹੈ ਕਿ ਸ਼ਿਵਾਲਕ ਪਹਾੜਾਂ ਤੋਂ ਆਉਂਦੀਆਂ ਖੱਡਾਂ ਵੀ ਖਣਨ ਮਾਫੀਆ ਲਈ ਵਰਦਾਨ ਬਣ ਗਈਆਂ ਹਨ ਅਤੇ ਇਨਾਂ ਖੱਡਾਂ ਚੋਆਂ ਦੀ ਨਿਲਾਮੀ ਸਬੰਧੀ ਖਣਨ ਵਿਭਾਗ ਵੱਲੋਂ ਕੋਈ ਕਾਰਵਾਈ ਨਾ ਕਰਨ ਕਰਕੇ ਇਸ ਇਲਾਕੇ ਵਿਚ ਖਣਨ ਗਤੀਵਿਧੀਆ ਵਧਦੀਆਂ ਜਾ ਰਹੀਆਂ ਹਨ। ਇਸ ਬਾਰੇ ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਕਿਹਾ ਕਿ ਆਪ ਦੀ ਸਰਕਾਰ ਵਿਚ ਖਣਨ ਮਾਫੀਆ ਨੇ ਇਲਾਕੇ ਦਾ ਭੂਗੋਲ ਵਿਗਾੜ ਦਿੱਤਾ ਹੈ ਅਤੇ ਬਿਨਾਂ ਕਿਸੇ ਵਿਭਾਗੀ ਮਨਜ਼ੂਰੀ ਤੋਂ ਸੱਤਾਧਾਰੀ ਆਗੂਆਂ ਦੀ ਸ਼ਹਿ ਹੇਠਾਂ ਨਜਾਇਜ਼ ਮਾਈਨਿੰਗ ਚੱਲ ਰਹੀ ਹੈ ਜਿਸ ਨਾਲ ਇਲਾਕੇ ਦੀਆਂ ਲਿੰਕ ਸੜਕਾਂ ਵੀ ਬਰਬਾਦ ਹੋ ਗਈਆਂ ਹਨ। ਸੁਰਿੰਦਰ ਸਿੰਘ ਭੁਲੇਵਾਲ ਰਾਠਾਂ ਨੇ ਕਿਹਾ ਆਉਣ ਵਾਲੇ ਦਿਨਾਂ ਵਿੱਚ ਇਲਾਕੇ ਚ ਨਜਾਇਜ਼ ਚੱਲਦੀ ਮਾਈਨਿੰਗ ਤੇ ਛਾਪਾ ਮਾਰ ਕੇ ਮੌਕੇ 'ਤੇ ਸਬੰਧਿਤ ਅਧਿਕਾਰੀਆਂ ਨੂੰ ਬੁਲਾ ਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਪ੍ਰਸ਼ਾਸਨ ਵੱਲੋਂ ਸਫਾਈ ਕਰਮਚਾਰੀਆਂ ਨੂੰ ਬਰਸਾਤ ਦੌਰਾਨ ਨਿਰਵਿਘਨ ਸੇਵਾਵਾਂ ਦੇਣ ਲਈ ਵੰਡੀਆਂ ਬਰਸਾਤੀਆਂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਦੇ ਸਫਾਈ ਕਰਮਚਾਰੀਆਂ ਨੇ ਭਾਰੀ ਬਰਸਾਤ ਦੌਰਾਨ ਹੜ੍ਹਾ ਵਰਗੇ ਹਾਲਾਤ ਨਾਲ ਨਜਿੱਠਣ ਲਈ ਪ੍ਰਭਾਵਿਤ ਖੇਤਰਾਂ 'ਚ ਦਿਨ ਰਾਤ ਮਿਹਨਤ ਕੀਤੀ ਹੈ। ਉਨ੍ਹਾਂ ਦੀ ਸੁਰੱਖਿਆ ਸਾਡੀ ਜਿੰਮੇਵਾਰੀ ਹੈ, ਇਹ ਪ੍ਰਗਟਾਵਾ ਮਨੀਸ਼ਾ ਰਾਣਾ ਆਈ.ਏ.ਐਸ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਤੇ ਨਗਰ ਪੰਚਾਇਤ ਕੀਰਤਪੁਰ ਸਾਹਿਬ ਦੇ ਸਫਾਈ ਕਰਮਚਾਰੀਆਂ ਰੇਨ ਕੋਟ/ਬਰਸਾਤੀਆਂ ਦੇਣ ਮੌਕੇ ਕੀਤਾ। ਉਨ੍ਹਾਂ ਨੇ ਕਿਹਾ ਕਿ ਜਿੱਥੇ ਬੀਤੇ ਦਿਨਾ ਦੌਰਾਨ ਜਿਸ ਤਰਾਂ ਸਾਡੇ ਸਫਾਈ ਕਰਮਚਾਰੀਆਂ ਤੇ ਸੀਵਰਮੈਨਾ ਨੇ ਪ੍ਰਸ਼ਾਸਨ ਨਾਲ ਮੋਢਾ ਜੋੜ ਕੇ ਅਣਥੱਕ ਮਿਹਨਤ ਕੀਤੀ ਹੈ, ਉਹ ਬੇਹੱਦ ਸ਼ਲਾਘਾਯੋਗ ਹੈ। ਅਸੀ ਉਨ੍ਹਾਂ ਦੀ ਸਿਹਤ ਤੇ ਸੁਰੱਖਿਆ ਨੂੰ ਯਕੀਨੀ ਰੱਖਣਾ ਹੈ।



ਉਨ੍ਹਾਂ ਦੀ ਅਣਥੱਕ ਮਿਹਨਤ ਕਾਰਨ ਇਲਾਕੇ ਵਿੱਚ ਭਾਰੀ ਬਰਸਾਤ ਦੇ ਬਾਵਜੂਦ ਪਾਣੀ ਦੀ ਨਿਕਾਸੀ, ਸਫਾਈ ਵਿੱਚ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਫਾਈ ਸੇਵਕ/ਸੀਵਰਮੈਨ ਦਿਨ ਰਾਤ ਮਿਹਨਤ ਕਰ ਰਹੇ ਹਨ, ਇਸ ਲਈ ਉਨ੍ਹਾਂ ਦਾ ਖਿਆਲ ਰੱਖਣਾ ਸਾਡੀ ਜਿੰਮੇਵਾਰੀ ਹੈ। ਜਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਵੱਲੋਂ ਸਫਾਈ ਕਰਮਚਾਰੀਆਂ, ਸੀਵਰਮੈਨਾਂ ਦੇ ਨਾਂਲ ਨਾਲ ਫੀਲਡ ਵਿਚ ਕੰਮ ਕਰਨ ਵਾਲੇ ਹਰ ਅਧਿਕਾਰੀ/ਕਰਮਚਾਰੀ ਦੀ ਸਿਹਤ ਤੇ ਸੁਰੱਖਿਆਂ ਨੂੰ ਯਕੀਨੀ ਬਣਾਇਆ ਗਿਆ ਹੈ।

# ਰੰਗ ਕਰਮੀ ਲਖਵਿੰਦਰ ਮੱਲ੍ਹੀ ਨਮਿਤ ਸ਼ਰਧਾਂਜਲੀ ਸਮਾਗਮ 21 ਨੂੰ

**ਮਾਹਿਲਪੁਰ (ਸਫਰੀ)** - ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਨੇ ਦੱਸਿਆ ਕਿ ਪੰਜਾਬ ਨਾਟਕ ਕਲਾ ਕੇਂਦਰ, ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ), ਸਰਦਲ ਪ੍ਰਬੰਧਕੀ ਦਫਤਰ ਪਿੰਡ ਪੁਰਹੀਰਾਂ (ਹੁਸ਼ਿਆਰਪੁਰ) ਅਤੇ ਬਿਜਲੀ ਮੁਲਾਜਮਾਂ ਵਿੱਚ ਆਪਣੀਆਂ ਸੇਵਾਵਾਂ ਅਰਪਿਤ ਕਰਦੇ ਰਹੇ ਲਖਵਿੰਦਰ ਮੱਲ੍ਹੀ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ 21 ਜੁਲਾਈ ਦਿਨ ਸ਼ੁੱਕਰਵਾਰ 12 ਤੋਂ 1 ਵਜੇ ਦੁਪਹਿਰ ਗੁਰਦੁਆਰਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਿਖੇ ਹੋਏਗਾ। ਜਿਕਰਯੋਗ ਹੈ ਕਿ ਲਖਵਿੰਦਰ ਮੱਲ੍ਹੀ ਪੰਜਾਬ ਨਾਟਕ ਕਲਾ ਕੇਂਦਰ ਦੀ ਪੰਜਾਬ ਪੱਧਰੀ ਟੀਮ ਵਿੱਚ ਸਰਗਰਮੀ ਨਾਲ ਕੰਮ ਕਰਦੇ ਰਹੇ। ਪਲਸ ਮੰਚ ਦੇ 25 ਜਨਵਰੀ ਸਾਰੀ ਰਾਤ ਦੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਮਨਾਈ ਜਾਣ ਵਾਲੀ ਨਾਟਕਾਂ ਅਤੇ ਗੀਤਾਂ ਭਰੀ ਰਾਤ ਮੌਕੇ ਉਹ ਅਕਸਰ ਨਾਟਕ ਕਰਿਆ ਕਰਦੇ। ਪੰਜਾਬ ਦੇ ਕੋਨੇ ਕੋਨੇ ਤੱਕ ਉਹਨਾਂ ਨੇ ਰੰਗ ਮੰਚ 'ਚ ਅਹਿਮ ਭੂਮਿਕਾ ਨਿਭਾਈ। ਦਿੱਲੀ ਦਾ ਰੰਗ, ਔਰੰਗਜੇਬ ਅਜੇ ਮਰਿਆ ਨਹੀਂ, ਮੀਲ ਪੱਥਰ ਆਦਿ ਕਿੰਨੇ ਹੀ ਨਾਟਕਾਂ ਵਿੱਚ ਉਹਨਾਂ ਅਤੇ ਉਹਨਾਂ ਦੀ ਜੀਵਨ ਸਾਥਣ ਕਿਰਨ ਨੇ ਸਾਰਥਕ ਯੋਗਦਾਨ ਪਾਇਆ। ਲਖਵਿੰਦਰ ਮੱਲ੍ਹੀ, ਸਬਜਿੰਦਰ ਕੇਦਾਰ, ਗੁਰਬਖਸ਼ ਜਸ ਸਮੁੱਚਾ ਪਰਵਾਰ, ਹੰਸਾ ਸਿੰਘ ਬਿਆਸ, ਬਲਦੇਵ ਕਿਸ਼ੋਰ, ਸੁਮਨ ਲਤਾ, ਤਰਸੇਮ ਲੋਹੀਆਂ, ਮੁਕੇਸ਼, ਨਿਸ਼ਾ, ਜੋਰਾ ਸਿੰਘ ਨਸਰਾਲੀ, ਕਸਤੂਰੀ ਲਾਲ, ਪ੍ਰੀਤਮ ਨੰਦਪੁਰ, ਅਮਰਜੀਤ ਮੱਲ੍ਹੀ, ਰੁਪਿੰਦਰ ਮਾਨ, ਪਾਲ ਮਾਨ ਅਤੇ ਮੇਰੇ ਸਮੇਤ ਸਾਡੀ ਅਜੇਹੀ ਟੀਮ ਸੀ ਜਿਹੜੀ ਦਿਨ ਰਾਤ ਇੱਕ ਕਰਦੀ ਸੀ।

# ਨਿਰਮਲ ਸਿੰਘ ਚੱਕ ਫੁੱਲੂ ਦੀ ਯਾਦ 'ਚ 19ਵਾਂ ਸਵੈ-ਇੱਛਕ ਖੂਨਦਾਨ ਕੈਂਪ ਲਗਾਇਆ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**—ਉੱਘੇ ਫੁੱਟਬਾਲ ਖਿਡਾਰੀ ਦੀ ਯਾਦ ਵਿੱਚ ਇਲਾਕੇ ਦੇ ਪਿੰਡ ਚੱਕ ਗੁਰੂ ਵਿਖੇ ਡਾ ਸ਼ੁਦੇਸ਼ ਵਿੱਜ ਦੀ ਵਿਸ਼ੇਸ ਉਪਰਾਲੇ ਸਦਕਾ 19 ਵਾਂ ਸਵੈ-ਇੱਛਕ ਖੂਨਦਾਨ ਕੈਂਪ ਬੀ ਡੀ ਸੀ ਬਲੱਡ ਬੈਂਕ ਨਵਾਂ ਸ਼ਹਿਰ ਦੇ ਤਕਨੀਕੀ ਸਹਿਯੋਗ ਸਦਕਾ ਡਾ. ਅਜੇ ਬੱਗਾ ਅਤੇ ਮਨਮੀਤ ਸਿੰਘ ਅਤੇ ਸਾਰੀ ਸਟਾਫ ਟੀਮ ਦੀ ਦੇਖ ਰੇਖ ਹੇਠ ਸਰਕਾਰੀ ਐਲੀਮੈਂਟਰੀ ਸਕੂਲ ਚੱਕ ਗੁਰੂ ਵਿਖੇ ਐਤਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਸਮੂਹ ਮੈਂਬਾਂ ਦੇ ਸਹਿਯੋਗ ਨਾਲ ਲਗਵਾਇਆ ਗਿਆ। ਉਦਘਾਟਨ ਦਰਸ਼ਨ ਸਿੰਘ ਮੱਟੂ ਸੂਬਾ ਕਨਵੀਨਰ ਕੰਢੀ ਸ਼ੰਘਰਸ਼ ਕਮੇਟੀ ਅਤੇ ਰਿਟਾ. ਇਸਪੈਕਟਰ ਕੁਲਦੀਪ ਸਿੰਘ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਮੱਟੂ ਨੇ ਕਿਹਾ ਕਿ ਖੂਨਦਾਨ ਮਨੁੱਖਤਾ ਲਈ ਕੀਤਾ ਜਾਣ ਵਾਲਾ ਸੱਭ ਤੋਂ ਵੱਡਾ ਧਰਮ ਹੈ ਇਸ ਲਈ ਸਾਨੂੰ ਸਭਨਾਂ ਨੂੰ ਖੂਨਦਾਨ ਕਰਨਾ ਚਾਹੀਦਾ ਹੈ। ਕੈਂਪ ਮੌਕੇ 35 ਯੂਨਿਟ ਬਲੱਡ ਇਕੱਤਰ ਕੀਤਾ ਗਿਆ। ਇਸ ਮੌਕੇ ਗੁਰਮੀਤ ਰਾਮ ਸਰਪੰਚ, ਭੁਪਿੰਦਰ ਰਾਣਾ,ਸਾਬਕਾ ਸਰਪੰਚ ਬਲਵਿੰਦਰ ਕੁਮਾਰ ਬੋਬੀ,ਬੀਬੀ ਸੁਭਾਸ਼ ਮੱਟੂ, ਅਨੂ ਬਿੱਜ , ਰੋਕੀ ਮੋਇਲਾ, ਰਣਜੀਤ ਸਿੰਘ ਬੱਗਾ, ਦਲਵਿੰਦਰ ਕੌਰ, ਪਰਦੀਪ ਸਿੰਘ ਠੇਕੇਦਾਰ, ਹਰਜਿੰਦਰ ਸਿੰਘ, ਸਾਹਿਲ ਬਿੱਜ, ਗਿਆਨ ਚੰਦ, ਪ੍ਰੇਮ ਸਿੰਘ ਪ੍ਰੇਮੀ, ਦਲਵਿੰਦਰ ਸਿੰਘ, ਡਾ. ਕ੍ਰਿਸ਼ਨ ਬੱਧਣ, ਵੈਦ ਹਰਭਜਨ ਮਹਿਮੀ, ਹਕੀਕਤ ਰਾਏ ਚੋਪੜਾ,ਗਿਆਨ ਕੌਰ,ਗੁਰਪ੍ਰੀਤ ਸਿੰਘ ਕਾਲਾ ਅਤੇ ਹੋਰ ਹਾਜ਼ਰ ਸਨ ।

# ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਦੀ ਵਿਸ਼ੇਸ਼ ਮੀਟਿੰਗ 21 ਨੂੰ



**ਬਹਿਰਾਮ (ਅਵਤਾਰ ਕਲੇਰ)** ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ ਪੰਜਾਬ ਦੀ ਵਿਸ਼ੇਸ਼ ਮੀਟਿੰਗ 21 ਜੁਲਾਈ ਨੂੰ ਡੇਰਾ 108 ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ ਸਵੇਰੇ 10 ਵਜੇ ਸੁਸਾਇਟੀ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਦੀ ਅਗਵਾਈ ਹੇਠ ਹੋਵੇਗੀ। ਮੀਟਿੰਗ ਸੰਬੰਧੀ ਜਾਣਕਾਰੀ ਦਿੰਦਿਆਂ ਹੋਏ ਸੁਸਾਇਟੀ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਦੱਸਿਆ ਕਿ ਮੀਟਿੰਗ 'ਚ ਹਰਿਦੁਆਰ ਆਸ਼ਰਮ ਅਤੇ ਸਕੂਲ ਸਮਾਜ ਦੀ ਜਾਇਦਾਦ ਤੋਂ ਨਜਾਇਜ ਕਬਜਾ ਹਟਾਉਣ ਬਾਰੇ, ਡੇਰੇਦਾਰਾ, ਸੰਤਾਂ ਵੱਲੋਂ ਵਿਰੋਧੀ ਧਿਰ ਨੂੰ ਸਮਾਗਮ 'ਚ ਸੱਦਣ ਬਾਰੇ ਅਤੇ ਹੋਰ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ ਪੰਜਾਬ, ਸਮਾਜਿਕ, ਧਾਰਮਿਕ, ਗੈਰ ਰਾਜਨੀਤਿਕ ਜਥੇਬੰਦੀਆ ਦੇ ਪ੍ਰਧਾਨ/ਜਨਰਲ ਸਕੱਤਰ ਨੂੰ ਅਪੀਲ ਹੈ ਕਿ ਉਹ ਸਮੇਂ ਅਨੁਸਾਰ ਡੇਰਾ 108 ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ ਪਹੁੰਚਣ।

## ਪ੍ਰਵਾਸੀ ਮਜ਼ਦੂਰ ਦੀ ਮਿਲੀ ਨਹਿਰ 'ਚੋਂ ਲਾਸ਼

**ਫਿਲੌਰ (ਨਿਰਮਲ)** ਫਿਲੌਰ ਨੇੜੇ ਪਿੰਡ ਮੁਠੱਡਾ ਦੀ ਨਹਿਰ 'ਚੋਂ ਇੱਕ ਪ੍ਰਵਾਸੀ ਮਜ਼ਦੂਰ ਦੀ ਲਾਸ਼ ਮਿਲਣ ਕਾਰਨ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਨਹਿਰ ਵਿੱਚ ਪਈ ਲਾਸ਼ ਨੂੰ ਵੇਖ ਕੇ ਪਿੰਡ ਵਾਸੀਆਂ ਵੱਲੋਂ ਥਾਣਾ ਫਿਲੌਰ ਨੂੰ ਸੂਚਿਤ ਕੀਤਾ ਗਿਆ। ਥਾਣੇਦਾਰ ਸੁਭਾਸ਼ ਪੁਲਸ ਕਰਮਚਾਰੀਆਂ ਨਾਲ ਮੌਕੇ 'ਤੇ ਪੁੱਜ ਕੇ ਲਾਸ਼ ਨੂੰ ਕਬਜੇ ਵਿੱਚ ਲੈ ਕੇ ਪੋਸਟ ਮਾਟਮ ਲਈ ਸਿਵਲ ਹਸਪਤਾਲ ਫਿਲੌਰ ਭੇਜ ਦਿੱਤੀ ਗਈ ਹੈ। ਪੁਲਸ ਮੁਤਾਬਕ ਮ੍ਰਿਤਕ ਨੇ ਚਿੱਟੇ ਰੰਗ ਦੀ ਕਮੀਜ਼ ਕਾਲੇ ਰੰਗ ਦੀ ਪੈਂਟ ਪਾਈ ਹੋਈ ਹੈ। ਉਸ ਦੀ ਉਮਰ 40-50 ਸਾਲ ਜਾਪਦੀ ਹੈ ਡੀ ਐਸ ਪੀ ਫਿਲੌਰ ਤਰਸੇਮ ਮਸੀਹ ਨੇ ਦੱਸਿਆ ਕਿ ਮੌਤ ਦਾ ਕਾਰਨ ਪੋਸਟਮਾਰਟਮ ਦੀ ਰਿਪੋਟ ਮਿਲਣ ਉਪਰੰਤ ਲੱਗ ਸਕੇਗਾ। ਨੇੜਲੇ ਪਿੰਡਾਂ ਵਾਲਿਆਂ ਨੂੰ ਸਹਿਯੋਗ ਦੇਣ ਲਈ ਕਿਹਾ ਗਿਆ। ਲਾਸ਼ ਪਛਾਣ ਲਈ 72 ਘੰਟੇ ਲਈ ਸਿਵਲ ਹਸਪਤਾਲ ਫਿਲੌਰ ਵਿੱਚ ਰੱਖੀ ਗਈ।

## ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਸੰਬੰਧੀ ਕੀਤਾ ਜਾਗਰੂਕ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਅਤੇ ਸੀਨੀਅਰ ਮੈਡੀਕਲ ਅਫਸਰ ਗੀਤਾਂਜਲੀ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਿਹਤ ਅਧਿਕਾਰੀ ਏ ਐਨ ਐਮ ਗੁਰਦੇਵ ਕੌਰ, ਏ ਐਨ ਐਮ ਪ੍ਰਵੀਨ ਕੁਮਾਰੀ, ਰਵੀ ਕੁਮਾਰ, ਗੁਰਚੈਨ ,ਪ੍ਰਦੀਪ ਕੁਮਾਰ, ਕੁਲਵਿੰਦਰ ਕੌਰ ਵੱਲੋਂ ਪਿੰਡ ਮਹਾਲੋਂ ਵਿਖੇ ਮੈਡੀਕਲ ਕੈਂਪ ਲਾਇਆ ਗਿਆ ਤੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਸੰਬੰਧੀ ਜਾਗਰੂਕ ਕੀਤਾ ਗਿਆ। ਲੋਕਾਂ ਦਾ ਸਿਹਤ ਚੈਕ ਅੱਪ ਕੀਤਾ ਗਿਆ। ਪਿੰਡ ਦੇ ਸਹਿਯੋਗ ਨਾਲ ਮਸ਼ੀਨ ਨਾਲ ਫੋਗਿੰਗ ਕਰਵਾਈ ਗਈ। ਲੋਕਾਂ ਨੂੰ ਅਪੀਲ ਕੀਤੀ ਕਿ ਸਾਫ ਪਾਣੀ ਜਾਂ ਪਾਣੀ ਉਬਾਲ ਕੇ ਪੀਣਾ ਚਾਹੀਦਾ ਹੈ। ਪੀਣ ਵਾਲੇ ਪਾਣੀ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖੋ। ਕਿਸੀ ਵੀ ਤਰ੍ਹਾਂ ਦੀ ਇਨਫੈਕਸ਼ਨ ਤੋਂ ਬਚਣ ਲਈ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਧੋਵੋ। ਹੜ੍ਹ ਦੇ ਪਾਣੀ ਨਾਲ ਗਿਲੇ ਖਾਣੇ ਨੂੰ ਖਾਣ ਤੋਂ ਪ੍ਰਹੇਜ ਕਰੋ। ਜੇਕਰ ਕਿਸੇ ਨੂੰ ਬੁਖਾਰ ਜਾਂ ਦਸਤ ਦੀ ਸਮੱਸਿਆ ਆਉਂਦੀ ਹੈ ਤਾਂ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਤੋਂ ਇਲਾਜ ਕਰਵਾਓ।

## ਸਕੱਤਰ ਡੀ.ਐੱਲ.ਐੱਸ.ਏ. ਵੱਲੋਂ ਕਪੂਰਥਲਾ ਜੇਲ੍ਹ ਦਾ ਦੌਰਾ ਤੇ ਕੈਂਪ ਕੋਰਟ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)**-ਸੀ. ਜੇ.ਐਮ-ਕਮ-ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ, ਡਾ. ਗਗਨਦੀਪ ਕੌਰ ਨੇ ਚੇਅਰਮੈਨ ਡੀ.ਐਲ.ਐਸ.ਏ. ਮੈਡਮ ਨਿਰਭਉ ਸਿੰਘ ਗਿੱਲ ਦੀਆਂ ਹਿਦਾਇਤਾਂ ਮੁਤਾਬਕ, ਕਪੂਰਥਲਾ ਜੇਲ੍ਹ ਦਾ ਦੌਰਾ ਕੀਤਾ ਅਤੇ ਜਲੰਧਰ ਜ਼ਿਲ੍ਹੇ ਨਾਲ ਸੰਬੰਧਤ ਕੈਦੀਆਂ ਦੀਆਂ ਸਮੱਸਿਆਵਾਂ ਦੀ ਸੁਣਵਾਈ ਕੀਤੀ । ਇਥੇ ਇਹ ਵਰਣਨਯੋਗ ਹੈ ਕਿ ਜਲੰਧਰ ਜ਼ਿਲ੍ਹੇ ਦੇ ਫੌਜਦਾਰੀ ਕੇਸਾਂ ਵਿੱਚ ਹਿਰਾਸਤ ਵਿੱਚ ਲਏ ਗਏ ਦੋਸ਼ੀ ਅਤੇ ਸਜਾ ਯਾਫਤਾ ਕੈਦੀਆਂ ਨੂੰ ਕਪੂਰਥਲਾ ਸੈਂਟਰਲ ਜੇਲ੍ਹ ਵਿੱਚ ਰੱਖਿਆ ਜਾਂਦਾ ਹੈ। ਹਿਰਾਸਤ ਵਿੱਚ ਬੰਦ ਹਰ ਵਿਅਕਤੀ ਦਾ ਹੱਕ ਹੈ ਕਿ ਉਹ ਆਪਣੇ ਕੇਸ ਦੀ ਪੈਰਵਾਈ ਲਈ ਕਾਨੂੰਨੀ ਸੇਵਾਵਾਂ ਅਥਾਰਟੀਆਂ ਪਾਸੋਂ ਵਕੀਲ ਦੀਆਂ ਸੇਵਾਵਾਂ ਬਿਨਾਂ ਕਿਸੇ ਖਰਚੇ ਤੋਂ ਲੈ ਸਕਦਾ ਹੈ । ਅਜਿਹੇ ਨਿਯੁਕਤ ਕੀਤੇ ਵਕੀਲਾਂ ਨੂੰ ਫੀਸ ਦੀ ਅਦਾਇਗੀ ਸਰਕਾਰ ਦੇ ਕਾਨੂੰਨੀ ਸੇਵਾਵਾਂ ਮਹਿਕਮੇ ਵੱਲੋਂ ਕੀਤੀ ਜਾਂਦੀ ਹੈ। ਕੈਦੀਆਂ ਦੀਆਂ ਸਮੱਸਿਆਵਾਂ ਅਤੇ ਬੇਨਤੀਆਂ ਸੁਣਨ ਤੋਂ ਇਲਾਵਾ ਸੀਜੇ.ਐਮ-ਕਮ-ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ, ਡਾ. ਗਗਨਦੀਪ ਕੌਰ ਨੇ ਮੌਕੇ 'ਤੇ ਹੀ ਕੈਂਪ ਕੋਰਟ ਦੀ ਕਾਰਵਾਈ ਕੀਤੀ ਜਿੱਥੇ ਕਿ 8 ਅਜਿਹੇ ਕੈਦੀਆਂ ਦੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ । ਕਾਨੂੰਨੀ ਸੇਵਾਵਾਂ ਅਥਾਰਟੀਆਂ ਵੱਲੋਂ ਦਿੱਤੀਆ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਲੈਣ ਲਈ ਟੋਲ ਫ੍ਰੀ ਨੰਬਰ 1968 'ਤੇ ਰਾਬਤਾ ਕੀਤਾ ਜਾ ਸਕਦਾ ਹੈ। ਇਸ ਮੌਕੇ 'ਤੇ ਆਈ.ਐੱਸ.ਧਾਲੀਵਾਲ, ਸੁਪਰਡੈਂਟ ਜੇਲ੍ਹ ਕਪੂਰਥਲਾ ਅਤੇ ਜਗਨਨਾਥ, ਸੀਨੀਅਰ ਅਸਿਸਟੈਂਟ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਅਤੇ ਜੇਲ੍ਹ ਪ੍ਰਸ਼ਾਸਨ ਹਾਜਰ ਸਨ।

## ਹੜ੍ਹ ਪੀੜਤਾਂ ਦੀ ਮਦਦ ਲਈ ਦੁਸਾਂਝ ਕਲਾਂ ਤੋਂ ਸਮਗਰੀ ਰਵਾਨਾ



**ਫਿਲੌਰ, (ਨਿਰਮਲ)** ਬੀਤੇ ਦਿਨੀਂ ਸ਼ਾਹਕੋਟ ਇਲਾਕੇ 'ਚ ਸਤਲੁਜ ਦਰਿਆ ਦਾ ਜਲ ਪੱਧਰ ਵੱਧਣ ਨਾਲ ਪਿੰਡਾਂ ਵਿੱਚ ਪਾਣੀ ਵੜ ਗਿਆ ਸੀ। ਜਿਸ ਕਾਰਨ ਨਾਲ ਲੱਗਦੇ ਪਿੰਡ ਖਾਲੀ ਕਰਵਾਏ ਗਏ ਸਨ। ਲੋਕਾਂ ਕੋਲ ਖਾਣ ਪੀਣ ਵਾਲੀਆਂ ਵਸਤਾਂ ਅਤੇ ਪਸ਼ੂਆਂ ਨੂੰ ਪਾਉਣ ਵਾਲਾ ਚਾਰਾ ਨਹੀਂ ਸੀ। ਜਿਸ ਤਹਿਤ ਫਿਲੌਰ ਇਲਾਕੇ ਦੇ ਪਿੰਡ ਦੁਸਾਂਝ ਕਲਾਂ ਅਤੇ ਇਲਾਕੇ ਦੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਰੋਜਾਨਾ ਪਸ਼ੂਆਂ ਦਾ ਚਾਰਾ, ਪੀਣ ਵਾਲਾ ਪਾਣੀ, ਬਿਸਕੁਟ ਅਤੇ ਹੋਰ ਸਮੱਗਰੀ ਸ਼ਾਹਕੋਟ ਵਿਖੇ ਜ਼ਰੂਰਤਮੰਦ ਪਰਵਾਰਾਂ ਨੂੰ ਸਮੱਗਰੀ ਭੇਜੀ ਗਈ। ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਫਿਲੌਰ ਜੁਆਇੰਟ ਸੈਕਟਰੀ (ਪੰਜਾਬ) ਅਤੇ ਬਲਾਕ ਦੁਸਾਂਝ ਕਲਾਂ ਦੀ ਟੀਮ ਨੇ ਕਿਹਾ ਕਿ ਸਾਨੂੰ ਹੜ੍ਹ ਪੀੜਤਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਇਸ ਮੌਕੇ ਹਾਜਰ ਹਰਜੀਤ ਸਿੰਘ, ਦਰਸ਼ਨ ਕੁਮਾਰ,ਚੂਹੜ ਸਿੰਘ , ਗੁਰਦੀਪ ਸਿੰਘ ਜੌਹਲ, ਪਰਮਜੀਤ ਕੌਰ ਗਰੇਵਾਲ, ਦਵਿੰਦਰ ਕੁਮਾਰ, ਦਰਸ਼ਨਾਂ ਕੁਮਾਰੀ, ਚਰਨਜੀਤ ਕੌਰ, ਬਲਰਾਜ ਸਿੰਘ, ਸੁਰਿੰਦਰ ਡਾਬਰ ਅਤੇ ਹੋਰ ਵੱਡੀ ਗਿਣਤੀ 'ਚ ਇਲਾਕੇ ਦੇ ਮੋਹਤਵਰ ਵਿਅਕਤੀ ਹਾਜਰ ਸਨ ।

# ਬੰਦ ਕੀਤੇ ਭੱਤੇ ਬਹਾਲ ਕਰਵਾਉਣ ਲਈ ਡੀ.ਟੀ.ਐੱਫ 8 ਅਗਸਤ ਨੂੰ ਜ਼ਿਲ੍ਹਾ ਪੱਧਰੀ ਧਰਨੇ ਦੇਵੇਗੀ

**ਜਲੰਧਰ, (ਕੇਸਰ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਗਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਰਿਲੀਜ ਕਰਦਿਆਂ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਅਤੇ ਸੂਬਾ ਪ੍ਰੈਸ ਸਕੱਤਰ ਗੁਰਮੀਤ ਸਿੰਘ ਕੋਟਲੀ ਨੇ ਦੱਸਿਆ ਕਿ ਕਾਂਗਰਸ ਸਰਕਾਰ ਵੱਲੋਂ ਪੇਂਡੂ ਤੇ ਬਾਰਡਰ ਭੱਤੇ ਸਮੇਤ 37 ਪ੍ਰਕਾਰ ਦੇ ਬੰਦ ਕੀਤੇ ਭੱਤਿਆਂ ਨੂੰ ਬਹਾਲ ਕਰਵਾਉਣ,ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਮੁਲਾਜ਼ਮਾਂ ਨੂੰ ਦਿਵਾਉਣ,ਪੁਰਾਣੀ ਪੈਨਸ਼ਨ ਬਹਾਲ ਕਰਵਾਉਣ,2018 ਤੋਂ ਬਾਅਦ ਭਰਤੀ ਹੋਏ ਅਧਿਆਪਕਾਂ ਉੱਪਰ ਜਬਰੀ ਲਾਗੂ ਕੀਤੇ ਕੇਂਦਰੀ ਪੇਅ ਸਕੇਲ ਨੂੰ ਰੱਦ ਕਰਵਾ ਕੇ ਉਨ੍ਹਾਂ ਉੱਪਰ ਪੰਜਾਬ ਦੇ ਸਕੇਲਾਂ ਨੂੰ ਲਾਗੂ ਕਰਵਾਉਣ, ਅਤੇ ਅਧਿਆਪਕਾਂ ਦੀਆਂ ਹੋਰ ਅਨੇਕਾਂ ਆਰਥਿਕ ਤੇ ਭਖਦੀਆਂ ਮੰਗਾਂ ਨੂੰ ਮੰਨਵਾਉਣ ਲਈ 8 ਅਗਸਤ ਨੂੰ ਪੰਜਾਬ ਭਰ ਦੇ ਡੀ.ਸੀ ਦਫਤਰਾਂ ਵਿਖੇ ਧਰਨੇ ਲਗਾ ਕੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਡੀ.ਸੀਜ ਨੂੰ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਕਤ ਧਰਨਿਆਂ ਦੀ ਤਿਆਰੀ ਵਜੋਂ 20 ਤੋਂ 25 ਜੁਲਾਈ ਤੱਕ ਜ਼ਿਲ੍ਹਾ ਅਤੇ 26 ਤੋਂ 31 ਜੁਲਾਈ ਤੱਕ ਬਲਾਕ ਕਮੇਟੀ ਦੀਆਂ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ ਗਿਆ। ਨਵੀਂ ਸਿੱਖਿਆ ਨੀਤੀ 2020 ਉੱਪਰ ਗੰਭੀਰ ਵਿਚਾਰ ਵਟਾਂਦਰਾ ਕਰਦਿਆਂ 15 ਅਗਸਤ ਤੱਕ ਜ਼ਿਲ੍ਹਾ ਪੱਧਰੀ ਸੈਮੀਨਾਰ ਕਰਵਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿਚ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਮੌਕੇ ਕੀਤੇ ਸੂਬਾਈ ਝੰਡਾ ਮਾਰਚ ਅਤੇ ਜ਼ਿਲ੍ਹਿਆਂ ਵਿਚ ਸਿੱਖਿਆ ਨੀਤੀ 2020 ਉੱਪਰ ਕਰਵਾਏ ਸੈਮੀਨਾਰਾਂ ਦਾ ਮੁਲਅੰਕਣ ਕੀਤਾ ਗਿਆ। ਮਾਸਟਰ ਕਾਡਰ ਅਤੇ ਲੈਕਚਰਾਰਾਂ ਦੀ ਸੀਨੀਆਰਤਾ ਸੂਚੀ ਵਿਚ ਪਾਈਆਂ ਜਾਣ ਵਾਲੀਆਂ ਤਰੁੱਟੀਆਂ 'ਤੇ ਇਕਸਾਰ ਨੀਤੀ ਬਣਾ ਕੇ ਸਿੱਖਿਆ ਵਿਭਾਗ ਅੱਗੇ ਆਪਣਾ ਪੱਖ ਰੱਖਣ ਲਈ ਪੰਜ ਮੈਂਬਰੀ ਸਬ ਕਮੇਟੀ ਬਣਾਈ ਗਈ,ਜਿਸਦੇ ਮੈਂਬਰ ਦਿਗਵਿਜੇ ਪਾਲ ਸ਼ਰਮਾ,ਬਲਬੀਰ ਲੌਂਗੋਵਾਲ,ਦਲਜੀਤ ਸਮਰਾਲਾ,ਦਾਤਾ ਸਿੰਘ ਅਤੇ ਲਖਵੀਰ ਸਿੰਘ ਹਰੀਕੇ ਨੂੰ ਬਣਾਇਆ ਗਿਆ। ਮੀਟਿੰਗ ਵਿਚ ਜਸਵਿੰਦਰ ਸਿੰਘ,ਕਰਨੈਲ ਸਿੰਘ ਚਿੱਟੀ, ਸੁਖਵਿੰਦਰ ਸੁੱਖੀ,ਦਲਜੀਤ ਸਮਰਾਲਾ,ਰੇਸ਼ਮ ਸਿੰਘ ਬਠਿੰਡਾ, ਬਲਰਾਮ ਸ਼ਰਮਾ, ਸੁਖਪਾਲਜੀਤ ਸਿੰਘ ਮੋਗਾ,ਚਰਨਜੀਤ ਸਿੰਘ,ਗਗਨ ਪਾਹਵਾ,ਤਲਵਿੰਦਰ ਪਟਿਆਲਾ,ਪਰਵਿੰਦਰ ਫਤਿਹਗੜ੍ਹ, ਹਰਜੀਤ ਸੁਧਾਰ, ਅਵਤਾਰ ਲਾਲ,ਹਰਭਗਵਾਨ ਗੁਰਨੇ, ਅਨਿਲ ਸ਼ਰਮਾ, ਜੀਵਨ ਸਿੰਘ ਮੁਕਤਸਰ,ਗੁਰਪ੍ਰੀਤ ਜ਼ੀਰਾ,ਪਰਦੀਪ ਸਿੰਘ, ਸੁਖਵਿੰਦਰਪਾਲ, ਗੁਰਪਾਲ ਸਿੰਘ,ਵਰਿੰਦਰ ਬਹਿਲ,ਗੁਰਵਰਿਆਮ ਸਿੰਘ ਅਤੇ ਹੁਸ਼ਿਆਰ ਸਿੰਘ ਸ਼ਾਮਿਲ ਸਨ।



# ਮੈੜੀ ਮੁਹੱਲੇ 'ਚ ਨਵੇ ਬਣੇ ਸ਼ਿਵ ਮੰਦਰ 'ਚ ਮੂਰਤੀ ਦੀ ਸਥਾਪਨਾ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਇਸ ਕਸਬੇ ਦੇ ਮੈੜੀ ਮਹੁੱਲੇ ਵਿਚ ਨਵੇਂ ਬਣੇ ਸ਼ਿਵ ਜੀ ਦੇ ਮੰਦਰ ਵਿਚ ਸ਼ਿਵ ਪਰਵਾਰ ਮੂਰਤੀ ਦੀ ਸਥਾਪਨਾ ਕੀਤੀ ਗਈ। ਇਸ ਸੰਬੰਧੀ ਤਿੰਨ ਦਿਨਾ ਧਾਰਮਕ ਸਮਾਗਮ ਕਰਵਾਇਆ ਗਿਆ। ਸੀਮਾ ਰਾਣੀ ਨੇ ਦੱਸਿਆ ਕਿ ਇਸ ਮੌਕੇ ਹਵਨ ਕਰਵਾਇਆ ਗਿਆ, ਪੂਜਾ ਅਰਚਨਾ ਕੀਤੀ ਗਈ। ਉਪਰੰਤ ਕਲਸ਼ ਸੋਭਾ ਯਾਤਰਾ ਕੱਢੀ ਗਈ ਜੋ ਵੱਖ ਵੱਖ ਬਜ਼ਾਰਾਂ ਵਿਚੋਂ ਦੀ ਹੁੰਦੀ ਹੋਈ ਸਰਹਿੰਦ ਨਹਿਰ ਕਿਨਾਰੇ ਪੁੱਜੀ, ਉੱਥੋਂ ਜਲ ਲਿਆ ਕੇ ਭੋਲੇ ਸ਼ੰਕਰ ਦਾ ਜਲ ਅਭਿਸ਼ੇਕ ਕੀਤਾ। ਇਸ ਮੌਕੇ ਗੁੱਗਾ ਮਾੜੀ ਮਹਿਲਾ ਮੰਡਲ ਦੀਆਂ ਔਰਤਾਂ ਨੇ ਭਜਨ ਗਾਏ ਅਤੇ ਸ਼ਿਵ ਪਰਵਾਰ ਦੀ ਪੂਜਾ ਕੀਤੀ ਅਤੇ ਵਰਤ ਰੱਖੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਗੋਪਾਲ ਦਾਸ, ਆਸ਼ੂ ਸ਼ਰਮਾ, ਕਾਲਾ ਸ਼ਰਮਾ, ਅਸ਼ਵਨੀ ਕੁਮਾਰ, ਮੋਹਿਤ ਗੁਪਤਾ, ਜੋਗੀ, ਬੋਬੀ, ਰਵਿੰਦਰ ਸਿੰਘ, ਪ੍ਰਿੰਸ਼, ਖੁਸ਼ਬੂ, ਸੋਨੀਆਂ, ਨੈਨਸੀ, ਕੁਸ਼ਮ ਲਤਾ, ਸੁਮਨ ਮੈਡਮ, ਨੀਲਮ, ਰਾਜੂ, ਕਿਰਨ, ਪ੍ਰੀਤੀ ਅਤੇ ਆਦਿ ਸ਼ਾਮਲ ਸਨ।

# ਪੈਸੇ ਦੀ ਖਾਤਰ ਨਾਬਾਲਗ ਖੇਤ ਕਾਮੇ ਨੂੰ ਉਲਟਾ ਲਟਕਾਇਆ



ਫਿਲੌਰ 17 ਜੁਲਾਈ (ਨਿਰਮਲ) ਐਡਵਾਂਸ ਲਏ ਪੈਸੇ ਵਾਪਸ ਨਾ ਮੋੜਨ 'ਤੇ ਪਿੰਡ ਛੋਟੀ ਪਾਲਨੋ (ਫਿਲੌਰ) ਦੇ ਪੰਚ ਨੇ ਆਪਣੇ ਕੋਲ ਕੰਮ ਕਰਨ ਵਾਲੇ ਨਾਬਾਲਿਗ ਮਜਦੂਰ ਨੂੰ ਪਿੰਡ ਪਾਲਕਦੀਮ 'ਚ ਦਰਖੱਤ 'ਤੇ ਉਲਟਾ ਲਟਕਾ ਦਿੱਤਾ। ਪੰਚ ਮਨਵੀਰ ਨੇ ਬਿਹਾਰ 'ਚ ਰਹਿ ਰਹੇ ਮਜਦੂਰ ਮਿਥਲੇਸ਼ ਦੇ ਪਰਵਾਰ ਵਾਲਿਆਂ ਨੂੰ ਵੀਡੀਓ ਕਾਲ ਕਰ ਕੇ ਦਿਖਾਇਆ। ਉਸ ਨੇ ਉਨ੍ਹਾਂ ਨੂੰ 35 ਹਜਾਰ ਰੁਪਏ ਦੇਣ ਲਈ ਕਿਹਾ ਤੇ ਨਾ ਦੇਣ 'ਤੇ ਨਾਬਾਲਿਗ ਖੇਤ ਕਾਮੇ ਨੂੰ ਮਾਰਨ ਦੀ ਧਮਕੀ ਦਿੱਤੀ। ਪਰਵਾਰ ਵਾਲਿਆਂ ਨੇ ਪੈਸੇ ਦਾ ਇੰਤਜਾਮ ਕੀਤਾ ਤੇ ਮਨਵੀਰ ਦੇ ਖਾਤੇ 'ਚ ਪਾ ਦਿੱਤੇ। ਕਈ ਘੰਟੇ ਤਕ ਉਲਟਾ ਲਟਕੇ ਰਹੇ ਮਿਥਲੇਸ਼ ਦੀ ਹਾਲਤ ਵਿਗੜੀ ਤਾਂ ਮਨਵੀਰ ਨੇ ਕਥਿਤ ਤੌਰ 'ਤੇ ਉਸ ਨੂੰ ਉਤਾਰ ਕੇ ਕਿਸੇ ਅਣਪਛਾਤੀ ਥਾਂ 'ਤੇ ਲੁਕਾ ਦਿੱਤਾ। ਇਹ ਵੀਡੀਓ ਵਾਇਰਲ ਹੋ ਗਿਆ, ਜਿਸ ਤੋਂ ਬਾਅਦ ਫਿਲੌਰ ਥਾਣੇ ਦੇ ਇੰਚਾਰਜ ਹਰਜਿੰਦਰ ਸਿੰਘ ਨੇ ਕੇਸ ਦਰਜ ਕਰ ਕੇ ਮਨਵੀਰ ਨੂੰ ਗ੍ਰਿਫਤਾਰ ਕਰ ਲਿਆ। ਮਨਵੀਰ ਨਾਲ ਵੀਡੀਓ 'ਚ ਨਜਰ ਆ ਰਹੇ ਸਾਥੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਵੀਡੀਓ ਵਾਇਰਲ ਹੋਣ ਤੋਂ ਬਾਅਦ ਪਿੰਡ ਦੇ ਸਮਾਜ ਸੇਵਕ ਅਮਰੀਕ ਸਿੰਘ ਨੇ ਇਸ ਦੀ ਸ਼ਿਕਾਇਤ ਮਨੁੱਖੀ ਅਧਿਕਾਰ ਕਮਿਸਨ ਕੋਲ ਕੀਤੀ ਸੀ। ਉੱਥੋਂ ਥਾਣਾ ਫਿਲੌਰ ਨੂੰ ਸੂਚਿਤ ਕੀਤਾ ਗਿਆ। ਮਿਥਲੇਸ਼ ਦੇ ਪਰਵਾਰ ਤੋਂ 35 ਹਜਾਰ ਵਸੂਲਣ ਤੋਂ ਬਾਅਦ ਮਨਵੀਰ ਨੇ ਵਾਰਦਾਤ 'ਚ ਸ਼ਾਮਲ ਦੋਸਤਾਂ ਨੂੰ ਸ਼ਰਾਬ ਪਾਰਟੀ ਦਿੱਤੀ। ਕਰੀਬ ਚਾਰ ਤੋਂ ਪੰਜ ਘੰਟੇ ਮਿਥਲੇਸ਼ ਦਰਖੱਤ ਨਾਲ ਉਲਟਾ ਲਟਕਿਆ ਰਿਹਾ। ਜਦੋਂ ਉਹ ਬੇਹੋਸ਼ ਹੋ ਗਿਆ ਤਾਂ ਉਸ ਨੂੰ ਉਤਾਰ ਕੇ ਕਿਤੇ ਲੁਕਾ ਦਿੱਤਾ। ਥਾਣਾ ਇੰਚਾਰਜ ਹਰਜਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਕੋਲੋਂ ਨਾਬਾਲਿਗ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ।

# ਜੈ ਕ੍ਰਿਸ਼ਨ ਸਿੰਘ ਰੋੜੀ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲਿਆ



**ਮਾਹਿਲਪੁਰ (ਸਫਰੀ, ਨਿਰਮਲ ਸਿੰਘ ਮੁੱਗੋਵਾਲ)** – ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਹਲਕੇ ਦੇ ਵੱਖ ਵੱਖ ਪਿੰਡਾਂ 'ਚ ਭਾਰੀ ਬਾਰਿਸ਼ ਹੋਣ ਕਰਕੇ ਹੋਏ ਨੁਕਸਾਨ ਦਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਜਾਇਜ਼ਾ ਲਿਆ ਗਿਆ। ਸ਼੍ਰੀ ਰੋੜੀ ਨੇ ਮੀਟਿੰਗ ਉਪਰੰਤ ਗਲਬਾਤ ਕਰਦਿਆਂ ਕਿਹਾ ਕਿ ਹਲਕੇ ਦੇ ਜਿਨ੍ਹਾਂ ਪਿੰਡਾਂ ਚ ਪਾਣੀ ਨਾਲ ਕਿਸਾਨਾਂ ਦਾ ਨੁਕਸਾਨ ਹੋਇਆ ਓਹਨਾ ਨੂੰ ਜਲਦ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾਵੇਗਾ। ਸ਼੍ਰੀ ਰੋੜੀ ਨੇ ਕਿਹਾ ਕਿ ਦੁਬਾਰਾ ਬਾਰਿਸ਼ ਦਾ ਪਾਣੀ ਨੁਕਸਾਨ ਨਾ ਹੋਵੇ ਇਸ ਦਾ ਪੱਕਾ ਪ੍ਰਬੰਧ ਕਰਨ ਲਈ ਕਾਰਜ ਸ਼ੁਰੂ ਕਰ ਦਿੱਤੇ ਹਨ। ਹਲਕੇ ਦੀਆਂ ਜਿਹੜੀਆਂ ਸੜਕਾਂ ਦਾ ਨੁਕਸਾਨ ਹੋਇਆ ਓਹਨਾ ਦਾ ਖਰਚੇ ਦਾ ਐਸਟੀਮੇਟ ਬਣਨ ਉਪਰੰਤ ਕੰਮ ਸ਼ੁਰੂ ਹੋ ਚੁੱਕੇ ਹਨ।

ਉਨ੍ਹਾ ਕਿਹਾ ਕਿ ਹਲਕੇ 'ਚ ਕਿਤੇ ਵੀ ਕਿਸੇ ਦਾ ਬਾਰਿਸ਼ ਕਾਰਨ ਨੁਕਸਾਨ ਹੋਇਆ ਉਹ ਗੜ੍ਹਸ਼ੰਕਰ ਸਥਿਤ ਓਹਨਾ ਦੇ ਦਫਤਰ ਸਿੱਧੇ ਤੌਰ 'ਤੇ ਸੰਪਰਕ ਕਰ ਸਕਦੇ ਹਨ। ਇਸ ਮੌਕੇ ਜਸ਼ਨਪ੍ਰੀਤ ਕੌਰ ਐਸ ਡੀ ਐਮ ਗੜ੍ਹਸ਼ੰਕਰ, ਤਪਨ ਭਨੋਟ ਤਹਿਸੀਲਦਾਰ ਗੜ੍ਹਸ਼ੰਕਰ, ਚਰਨਜੀਤ ਸਿੰਘ ਚੰਨੀ, ਬਲਦੀਪ ਸਿੰਘ ਸਰਪੰਚ ਇਬ੍ਰਾਹਿਮਪੁਰ, ਮਨਿੰਦਰ ਕੌਰ ਬੀ ਡੀ ਪੀ ਓ ਗੜ੍ਹਸ਼ੰਕਰ, ਗੁਰਮੀਤ ਸਿੰਘ ਕਾਰਜਕਾਰੀ ਇੰਜੀਨੀਅਰ ਵਾਟਰ ਸਪਲਾਈ, ਸਮਿਤ ਧਵਨ ਕਾਰਜਕਾਰੀ ਇੰਜੀਨੀਅਰ ਪੀ ਐਸ ਪੀ ਸੀ ਐਲ, ਦਿਲਪ੍ਰੀਤ ਸਿੰਘ ਕਾਰਜਕਾਰੀ ਇੰਜੀਨੀਅਰ ਪੰਜਾਬ ਮੰਡੀ ਬੋਰਡ, ਪਵਨ ਕੁਮਾਰ ਉਪ ਮੰਡਲ ਅਫਸਰ ਮਾਈਨਿੰਗ, ਅਮਨ ਮਹਿਰਾ ਉਪ ਮੰਡਲ ਅਫਸਰ, ਤਰਨਦੀਪ ਉਪ ਮੰਡਲ ਅਫਸਰ ਕੰਡੀ ਕਨਾਲ , ਹਰਜਿੰਦਰ ਧੰਜਲ, ਧਰਮਪ੍ਰੀਤ ਸਿੰਘ ਪ੍ਰੀਤ,ਤੋਂ ਇਲਾਵਾ ਹੋਰ ਸੰਬਧਿਤ ਅਧਿਕਾਰੀ ਹਾਜ਼ਰ ਸਨ।

# ਚੀਮਾ ਵੱਲੋਂ ਮੈਡੀਕਲ ਸੰਬੰਧੀ ਦਿੱਤੇ ਅਧੂਰੇ ਬਿਆਨ ਦੀ ਨਿਖੇਧੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕਨਫੈਡਰੇਸ਼ਨ ਦੇ ਸੂਬਾ ਪ੍ਰਧਾਨ ਅਤੇ ਯੂ.ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਕਨਵੀਨਰ ਕਰਮ ਸਿੰਘ ਧਨੋਆ ਅਤੇ ਕਨਫੈਡਰੇਸ਼ਨ ਦੇ ਜਨਰਲ ਸਕੱਤਰ ਕੁਲਵਰਨ ਸਿੰਘ ਨੇ ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਦੱਸਿਆ ਕਿ 10/11/2020 ਨੂੰ ਸਿਹਤ ਮੰਤਰੀ ਅਤੇ ਡਾਇਰੈਕਟਰ ਸਿਹਤ ਨਾਲ ਸਿਹਤ ਵਿਭਾਗ ਵਿੱਚ ਜਥੇਬੰਦੀ ਦੀ ਹੋਈ ਮੀਟਿੰਗ ਵਿੱਚ ਮੰਗ ਰੱਖੀ ਗਈ ਸੀ ਕਿ ਸਿਵਲ ਸਰਜਨ ਪੱਧਰ 'ਤੇ ਤਿੰਨ ਲੱਖ ਅਤੇ ਇਸ ਤੋਂ ਉਪਰ ਦੇ ਬਿਲ ਡੀ.ਐਚ.ਐਸ. ਵੱਲੋਂ ਵੈਰੀਫਾਈ ਕੀਤੇ ਜਾਣ। ਉਸ ਮੀਟਿੰਗ ਦੀ ਪਰੋਸੀਡਿੰਗ ਵਿਚ ਲਿਖਿਆ ਗਿਆ ਹੈ ਕਿ ਸਰਕਾਰੀ ਹਸਪਤਾਲ ਵਿਚ ਇਲਾਜ ਕਰਵਾਉਣ 'ਤੇ 1-50000 ਅਤੇ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਕਰਵਾਉਣ ਤੇ ਇਕ ਲੱਖ ਦੀ ਤਜਵੀਜ਼ ਭੇਜੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੀਟਿੰਗ ਵਿੱਚ ਜਥੇਬੰਦੀ ਦੇ ਆਗੂਆਂ ਨਾਲ ਹੋਈ ਗੱਲ ਨੂੰ ਦਰਕਿਨਾਰ ਕਰਦਿਆਂ ਮੀਟਿੰਗ ਦੀ ਪ੍ਰੋਸੀਡਿੰਗ ਵਿੱਚ ਵੀ ਜਥੇਬੰਦੀ ਦੀ ਸਹਿਮਤੀ ਤੋਂ ਬਿਨਾਂ ਹੀ ਆਪਣੀ ਮਰਜ਼ੀ ਨਾਲ ਇਲਾਜ ਕਰਾਉਣ ਦੀ ਹੱਦ ਨਿਸਚਿਤ ਕੀਤੀ ਗਈ ਹੈ ਜੋ ਪੈਨਸ਼ਨਰਜ਼ ਵਰਗ ਨੂੰ ਇਹ ਪ੍ਰਵਾਨ ਨਹੀਂ ਹੈ। ਉਨ੍ਹਾਂ ਦੱਸਿਆ ਕਿ ਮਿਤੀ 7/6/23 ਨੂੰ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨਾਲ ਹੋਈ ਮੀਟਿੰਗ ਵਿੱਚ ਵੀ ਪਹਿਲੇ ਮੰਗ ਪੱਤਰ ਉੱਤੇ ਹੀ ਗੱਲ ਹੋਈ ਸੀ ਪ੍ਰੰਤੂ ਇਸ ਮੀਟਿੰਗ ਦੀ ਪਰੋਸੀਡਿੰਗ ਅਜੇ ਤੱਕ ਜਾਰੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਇਸ ਸੰਬੰਧ ਵਿੱਚ ਪੱਤਰ ਜਾਰੀ ਹੋਣ ਤੋਂ ਬਾਅਦ ਸਰਕਾਰ ਨੂੰ ਤੱਥਾਂ ਸਹਿਤ ਜਵਾਬ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਮੰਤਰੀ ਬੜੇ ਲੰਮੇ ਸਮੇਂ ਤੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਉਨ੍ਹਾਂ ਦੀਆਂ ਹੱਕੀ ਮੰਗਾਂ ਨੂੰ ਮੰਨ ਕੇ ਲਾਗੂ ਕਰਨ ਦੀ ਬਜਾਏ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਟਾਲਮਟੋਲ ਦੀ ਡੰਗ ਟਪਾਊ ਨੀਤੀ ਨਾਲ ਆਪਣਾ ਅਕਸ ਖਰਾਬ ਕਰ ਰਹੀ ਹੈ। ਜਿਸ ਕਰਕੇ ਸਰਕਾਰ ਵਿਰੁੱਧ ਦਿਨੋਂ ਦਿਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਗੁੱਸਾ ਉਤਪਨ ਹੋ ਰਿਹਾ ਹੈ। ਉਨ੍ਹਾਂ ਛੇਵੇਂ ਤਨਖਾਹ ਕਮਿਸ਼ਨ ਵਿੱਚ ਸੋਧਾਂ ਕਰਕੇ 2.59 ਦਾ ਗੁਣਾਂਕ ਲਾਗੂ ਕਰਨ, ਡੀ.ਏ. ਦੀਆਂ ਬਕਾਇਆ ਕਿਸ਼ਤਾਂ ਜਲਦੀ ਲਾਗੂ ਕੀਤੇ ਜਾਣ ਅਤੇ ਏਰੀਅਰ ਨਕਦ ਦਿੱਤੇ ਜਾਣ, ਮੈਡੀਕਲ ਭੱਤਾ 2000/- ਰੁਪਏ ਪ੍ਰਤੀ ਮਹੀਨਾ ਕਰਨ, ਕੈਸ਼ਲੈਸ ਮੈਡੀਕਲ ਹੈਲਥ ਸਕੀਮ ਸੋਧ ਕੇ ਲਾਗੂ ਕਰਨ, ਕੱਚੇ ਮੁਲਾਜ਼ਮ ਪੱਕੇ ਕਰਨ, ਅਤੇ 1-1-2004 ਤੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਮੰਗ ਕੀਤੀ। ਆਗੂਆਂ ਨੇ ਸਰਕਾਰ 'ਤੇ ਦੋਸ਼ ਲਾਇਆ ਕਿ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨਾ ਮੰਨ ਕੇ ਮਤਰੇਈ ਮਾਂ ਵਾਲਾ ਸਲੂਕ ਕਰਕੇ ਤਿੱਖੇ ਸੰਘਰਸ਼ ਕਰਨ ਨੂੰ ਮਜਬੂਰ ਕਰ ਰਹੀ ਹੈ। ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਜਲਦੀ ਨਾ ਮਨੀਆਂ ਤਾਂ ਸੰਘਰਸ਼ ਪਹਿਲਾਂ ਨਾਲੋਂ ਵੀ ਤਿੱਖਾ ਕੀਤਾ ਜਾਵੇਗਾ।

## ਚੌਂਟਾਲਾ ਵਾਸੀਆਂ ਨੇ ਕੀਤਾ ਭਲਵਾਨ ਜਸਟੀਨ ਸਿੱਧੂ ਦਾ ਸਨਮਾਨ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਚੌਂਟਾਲਾ ਵਿਚ ਇੰਟਰਨੈਸ਼ਨਲ ਕਬੱਡੀ ਖਿਡਾਰੀ ਲੱਡੂ ਚੌਂਟਾਲਾ ਦੇ ਸਪੁੱਤਰ ਜਸਟੀਨ ਸਿੱਧੂ ਭਲਵਾਨ ਅੰਡਰ 18 ਨੈਸ਼ਨਲ ਚੈਂਪੀਅਨਸ਼ਿਪ ਵਿੱਚੋਂ ਸਿਲਵਰ ਮੈਡਲ ,ਸਟੇਟ ਲੈਵਲ ਗੋਲਡ ਮੈਡਲ, ਜ਼ਿਲ੍ਹੇ 'ਚੋਂ ਮੈਡਲ ਪ੍ਰਾਪਤ ਕਰਨ 'ਤੇ ਸਮੂਹ ਗ੍ਰਾਮ ਪੰਚਾਇਤ, ਪਿੰਡ ਵਾਸੀਆਂ ਤੇ ਭਗਵਾਨ ਬਾਲਮੀਕ ਮੰਦਰ , ਬਾਬਾ ਮਸਤੂਮ ਸ਼ਾਹ ਦੀ ਦਰਗਾਹ, ਮਾਤਾ ਦੇ ਮੰਦਿਰ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਕਮੇਟੀ ਵਲੋਂ ਸਾਂਝੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਭਲਵਾਨ ਸਿੱਧੂ ਦੇ ਦਾਦਾ ਰੁਲਦਾ ਸਿੰਘ ਅਤੇ ਦਾਦੀ ਦਲਵੀਰ ਕੌਰ ਨੇ ਪਿੰਡ ਵਾਸੀਆਂ ਗ੍ਰਾਮ ਪੰਚਾਇਤ ਅਤੇ ਸਾਰੀਆਂ ਕਮੇਟੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ । ਸਰਪੰਚ ਅਮਰੀਕ ਸਿੰਘ, ਲੰਬੜਦਾਰ ਰੇਸ਼ਮ ਸਿੰਘ,ਪੰਚ ਸੁਰਿੰਦਰ ਸਿੰਘ, ਕੌਮੀ ਚੇਅਰਮੈਨ ਜੋਗਿੰਦਰ ਸਿੰਘ ਮਾਨ, ਪੰਚ ਚਰਨਜੀਤ ਸਿੰਘ, ਪੰਚ ਛਿੰਦਾ ਟੇਲਰ , ਕਾਨਚੰਦ ਅਤੇ ਸਮੂਹ ਨਗਰ ਨਿਵਾਸੀਆਂ ਨੇ ਭਵਿੱਖ ਵਿਚ ਵੀ ਭਲਵਾਨ ਸਿੱਧੂ ਨੂੰ ਇਸੇ ਤਰ੍ਹਾਂ ਆਪਣੇ ਖੇਡ ਦਾ ਪ੍ਰਦਰਸ਼ਨ ਕਰਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਰਾਜਿੰਦਰ ਕੌਰ , ਊਸ਼ਾ ਰਾਣੀ, ਜੋਤੀ ਗੀਤਾ, ਕਮਲਾ ਰਾਣੀ ,ਮਨਦੀਪ ਸਿੰਘ, ਕਾਕਾ ਚੌਂਟਾਲਾ, ਗੱਜਣ ਮਸਤੀਵਾਲ, ਸਰਪੰਚ ਸਰਬਜੀਤ ਸਿੰਘ ਸਾਬੀ, ਅਜੇ ,ਕੁਲਦੀਪ ਸਿੰਘ ,ਜਗਦੀਸ਼ ਸਿੰਘ, ਸੰਦੀਪ ਸਿੰਘ, ਆਸ਼ੂ ਹਾਜਰ ਸਨ।

# ਹੜ੍ਹ ਪ੍ਰਭਾਵਤ ਇਲਾਕਿਆਂ 'ਚ ਸਿਹਤ ਜਾਂਚ ਕੈਂਪ ਲਾਏ ਜਾਣਗੇ : ਡਾ. ਬਲਬੀਰ ਸਿੰਘ

**ਰੋਪੜ (ਬਿੰਦਰਾ)** ਹੜ੍ਹਾਂ ਦੇ ਗੰਭੀਰ ਹਾਲਾਤਾਂ ਦੌਰਾਨ ਲੋਕਾਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਸੂਬੇ ਦੇ ਪ੍ਰਭਾਵਤ ਇਲਾਕਿਆਂ ਵਿੱਚ ਸਰਕਾਰੀ ਤੇ ਗੈਰ ਸਰਕਾਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਨਿਰੰਤਰ ਮੈਡੀਕਲ ਕੈਂਪ ਲਾਏ ਜਾ ਰਹੇ ਹਨ ਤੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਉਪਲਬੱਧ ਕਰਵਾਈ ਜਾ ਰਹੀ ਹੈ। ਇਥੇ ਜਿਲ੍ਹਾ ਸਕੱਤਰੇਤ ਵਿਚ ਸਿਹਤ ਤੇ ਮੈਡੀਕਲ ਸਿੱਖਿਆ ਮੰਤਰੀ ਡਾ. ਬਲਬੀਰ ਸਿੰਘ ਨੇ ਸੀਨੀਅਰ ਅਧਿਕਾਰੀਆਂ, ਇੰਡੀਅਨ ਮੈਡੀਕਲ ਐਸੋਸੀਏਸਨ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੀ ਮੀਟਿੰਗ ਵਿੱਚ ਹੜ੍ਹ ਸੰਬੰਧੀ ਅਤੇ ਹਾਲਾਤ ਤੋਂ ਜਾਣੂ ਕਰਵਾਉਣ ਲਈ ਕੀਤੀ। ਉਹਨਾਂ ਇੰਡੀਅਨ ਮੈਡੀਕਲ ਐਸੋਸੀਏਸ਼ਨ ਅਤੇ ਹੋਰ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੈਡੀਕਲ ਸਟਾਫ ਦੀ ਤਾਇਨਾਤੀ ਦਵਾਈਆਂ ਸਮੇਤ ਐਂਬੂਲੈਸਾਂ ਨਾਲ ਕਰਨ ਅਤੇ ਲੋੜ ਪੈਣ ਤੇ ਹੋਰ ਜ਼ਰੂਰੀ ਸੇਵਾਵਾਂ ਵੀ ਮੁਹੱਈਆ ਕਰਵਾਉਣ ਲਈ ਸਹਿਯੋਗ ਦੇਣ। ਇੰਡੀਅਨ ਮੈਡੀਕਲ ਐਸੋਸੀਏਸ਼ਨ ਰੋਪੜ ਦੇ ਪ੍ਰਧਾਨ ਡਾ ਭਾਨੂੰ ਪ੍ਰਤਾਪ ਪਰਮਾਰ ਨੇ ਬੋਲਦਿਆਂ ਸਿਹਤ ਮੰਤਰੀ ਨੂੰ ਭਰੋਸਾ ਦਿੰਦਿਆਂ ਕਿਹਾ ਕਿ 4 ਐਂਬੂਲੈਂਸਾ ਮੈਡੀਕਲ ਸਟਾਫ ਸਮੇਤ ਛੇਤੀ ਸਿਵਲ ਸਰਜਨ ਦੀ ਨਿਗਰਾਨੀ ਤਹਿਤ ਭੇਜ ਦਿੱਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਲੋੜ ਪੈਣ ਤੇ ਹੋਰ ਸਹਾਇਤਾ ਵੀ ਕੀਤੀ ਜਾਵੇਗੀ। ਸਿਹਤ ਮੰਤਰੀ ਨੇ ਕਿਹਾ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ 2 ਹਜ਼ਾਰ ਹੋਰ ਪੈਰਾਮੈਡੀਕਲ ਸਟਾਫ ਭਰਤੀ ਕਰਨ ਦੀ ਪ੍ਰਕਿਰਿਆ ਜਲਦ ਸ਼ੁਰੂ ਕੀਤੀ ਜਾਵੇਗੀ।

ਸਿਹਤ ਮੰਤਰੀ ਨੇ ਜਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਕਮ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਅਤੇ ਐਸ ਐਸ ਪੀ ਵਿਵੇਕ ਸੋਨੀ ਦੀ ਅਗਵਾਈ ਹੇਠ ਚਲਾਏਂ ਰਾਹਤ ਕਾਰਜਾਂ ਸਦਕਾ ਇਸ ਜਿਲ੍ਹੇ ਵਿੱਚ ਕੋਈ ਬਿਮਾਰੀ ਨਹੀਂ ਫੈਲੀ। ਉਹਨਾਂ ਦਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੈਡੀਕਲ ਕੈਂਪ ਲਾਏ ਜਾ ਰਹੇ ਹਨ ਅਤੇ ਦਵਾਈਆਂ ਵੀ ਵੰਡੀਆਂ ਜਾ ਰਹੀਆਂ ਹਨ।

CMYK

# ਪੰਜਾਬ ਸਰਕਾਰ ਡਾ. ਅੰਬੇਡਕਰ ਦੇ ਮਿਆਰੀ ਸਿੱਖਿਆ ਦੇ ਸੁਪਨੇ ਨੂੰ ਪੂਰਾ ਕਰਨ ਲਈ ਪੁਰਜ਼ੋਰ ਯਤਨ ਕਰ ਰਹੀ : ਬਲਕਾਰ ਸਿੰਘ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਖੇਤਰ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ ਅਤੇ ਸਿੱਖਿਆ ਹਰੇਕ ਵਰਗ ਦੇ ਵਿਕਾਸ ਦਾ ਆਧਾਰ ਹੁੰਦੀ ਹੈ। ਸਥਾਨਕ ਪੁਲਸ ਲਾਈਨਜ਼ ਵਿਖੇ ਸਤਿਗੁਰੂ ਰਵਿਦਾਸ ਐਜੂਕੇਸ਼ਨ ਵੈਲਫੇਅਰ ਸੁਸਾਇਟੀ ਵੱਲੋਂ ਕਰਵਾਏ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਬਰਾਬਰੀ ਅਤੇ ਸਮਾਜਕ ਨਿਆਂ ਦੇ ਸਿਧਾਂਤਾਂ 'ਤੇ ਸਮਾਜ ਵਿੱਚ ਸੁਧਾਰ ਲਿਆਉਣ ਲਈ ਸਿੱਖਿਆ ਸਭ ਤੋਂ ਸ਼ਕਤੀਸ਼ਾਲੀ ਵਸੀਲਾ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਰਚੇਤਾ ਡਾ.ਬੀ.ਆਰ.ਅੰਬੇਦਕਰ ਨੇ ਸਮਾਜ ਵਿੱਚ ਬਦਲਾਅ ਲਿਆਉਣ ਲਈ ਸਿੱਖਿਆ ਨੂੰ ਹੀ ਇੱਕ ਹਥਿਆਰ ਦੱਸਿਆ ਸੀ। ਕੈਬਨਿਟ ਮੰਤਰੀ ਨੇ ਅੱਗੇ ਨੇ ਕਿਹਾ ਕਿ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਦਕਰ ਨੂੰ ਇਹ ਸੱਚੀ ਸ਼ਰਧਾਂਜਲੀ ਹੋਵੇਗੀ ਜੇਕਰ ਹਰ ਕੋਈ ਸਿੱਖਿਆ ਪ੍ਰਾਪਤ ਕਰੇਗਾ ਕਿਉਂਕਿ ਉਨ੍ਹਾਂ ਸਿੱਖਿਆ 'ਤੇ ਬਹੁਤ ਜ਼ੋਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਆਪਣੇ ਵਿੱਦਿਅਕ ਜੀਵਨ ਵਿੱਚ ਬਹੁਤ ਸਾਰੀਆਂ ਔਕੜਾਂ ਦੇ ਬਾਵਜੂਦ ਡਾ. ਅੰਬੇਦਕਰ ਨੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਬਹਾਦਰੀ ਨਾਲ ਸਾਹਮਣਾ ਕੀਤਾ ਅਤੇ ਆਪਣੀ ਪੜ੍ਹਾਈ ਪੂਰੀ ਕੀਤੀ। ਬਾਅਦ ਵਿੱਚ ਉਨ੍ਹਾਂ ਸੰਵਿਧਾਨ ਦਾ ਖਰੜਾ ਤਿਆਰ ਕੀਤਾ ਜੋ ਹੁਣ ਦੁਨੀਆ ਦੇ ਸਭ ਤੋਂ ਵਧੀਆ ਸੰਵਿਧਾਨਾਂ ਵਿੱਚੋਂ ਇੱਕ ਬਣ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਦੇ ਵਿਦਿਆਰਥੀਆਂ ਨੂੰ ਡਾ. ਅੰਬੇਦਕਰ ਦੇ ਦਰਸਾਏ ਮਾਰਗ 'ਤੇ ਚੱਲ ਕੇ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ ਅਤੇ ਇੱਕ ਸ਼ਕਤੀਸ਼ਾਲੀ ਰਾਸ਼ਟਰ ਬਣਾਉਣ ਲਈ ਬਦਲਾਅ ਲਿਆਉਣਾ ਚਾਹੀਦਾ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਵਿੱਚ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਕਰਕੇ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ ਤਾਂ ਜੋ ਵਿਦਿਆਰਥੀਆਂ ਖਾਸ ਕਰਕੇ ਸਮਾਜ ਦੇ ਲੋੜਵੰਦ ਅਤੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਇਆ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਰਾਜ ਸਰਕਾਰ ਰਾਜ ਦੇ ਸਰਕਾਰੀ ਸਕੂਲਾਂ ਨੂੰ ਉੱਘੇ ਸਕੂਲਾਂ ਵਿੱਚ ਤਬਦੀਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਸੰਸਥਾ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਸੰਸਥਾ ਤੋਂ ਕੋਚਿੰਗ ਲੈ ਕੇ ਸਰਕਾਰੀ ਨੌਕਰੀ ਹਾਸਲ ਕਰਨ ਵਾਲੇ 25 ਨੌਜਵਾਨਾਂ ਨੂੰ ਸਨਮਾਨਤ ਵੀ ਕੀਤਾ ਅਤੇ ਆਮ ਲੋਕਾਂ ਨੂੰ ਵੀ ਇਨ੍ਹਾਂ ਸੰਸਥਾਵਾਂ ਦੇ ਸਹਿਯੋਗ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਕੈਬਨਿਟ ਮੰਤਰੀ ਬਲਕਾਰ ਸਿੰਘ ਨੂੰ ਗਾਰਡ ਆਫ਼ ਆਨਰ ਵੀ ਦਿੱਤਾ ਗਿਆ। ਇਸ ਮੌਕੇ ਵਿਧਾਇਕ ਸਰਵਜੀਤ ਕੌਰ ਮਾਣੂੰਕੇ, ਅਸ਼ੋਕ ਪਰਾਸ਼ਰ ਪੱਪੀ, ਦਲਜੀਤ ਸਿੰਘ ਭੋਲਾ ਗਰੇਵਾਲ, ਗੁਰਪ੍ਰੀਤ ਬੱਸੀ ਗੋਗੀ, ਕੁਲਵੰਤ ਸਿੰਘ ਸਿੱਧੂ, ਮਦਨ ਲਾਲ ਬੱਗਾ, ਰਜਿੰਦਰਪਾਲ ਕੌਰ ਛੀਨਾ, ਜੀਵਨ ਸਿੰਘ ਸੰਗੋਵਾਲ, ਮਨਵਿੰਦਰ ਸਿੰਘ ਗਿਆਸਪੁਰਾ, ਡਿਪਟੀ ਕਮਿਸ਼ਨਰ ਸੁਰਭੀ ਮਲਿਕ ਅਤੇ ਹੋਰ ਵੀ ਹਾਜ਼ਰ ਸਨ।

# ਖਹਿਰਾ ਵੱਲੋਂ ਹੜ੍ਹ ਪ੍ਰਭਾਵਤ ਪੀੜਤ ਪਰਵਾਰਾਂ ਨੂੰ ਰਾਹਤ ਸਮਗਰੀ ਤੇ ਪਸ਼ੂਆਂ ਦਾ ਚਾਰਾ ਭੇਟ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)** ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਵਿੱਚ ਆਏ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਹਲਕਾ ਭੁਲੱਥ ਤੋਂ ਮਜੂਦਾ ਵਿਧਾਇਕ ਸੁਖਪਾਲ ਖਹਿਰਾ ਅਤੇ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਤੋਂ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਮੰਡ ਖੇਤਰ ਦੇ ਪਿੰਡ ਭਰੋਆਣਾ ਵਿਖੇ ਹਲਕੇ ਦੇ ਪਿੰਡਾਂ ਵਿੱਚੋਂ ਆਏ ਲੋੜਵੰਦ ਲੋਕਾਂ ਨੂੰ ਪਸ਼ੂਆਂ ਦਾ ਸੁੱਕਾ ਚਾਰਾ ਅਤੇ ਘਰ ਦੀਆਂ ਲੋੜਵੰਦ ਚੀਜਾਂ ਤੇ ਰਾਸ਼ਨ ਵੰਡਿਆ।

ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਇਹ ਸੇਵਾ ਹਲਕਾ ਭੁਲੱਥ ਤੋਂ ਕੁਝ ਐਨ ਆਰ ਆਈ ਵੀਰਾਂ ਦੀ ਮਦਦ ਨਾਲ ਲੈਕੇ ਆਏ ਹਨ। ਉਹਨਾਂ ਨੇ ਕਿਹਾ ਕਿ ਹੜ੍ਹ ਨੇ ਪੂਰੇ ਸੂਬੇ ਨੂੰ ਪ੍ਰਭਾਵਿਤ ਕੀਤਾ ਹੈ। ਇਹ ਚੰਗੀ ਗੱਲ ਹੈ ਕਿ ਸਿਆਸਤ ਤੋਂ ਉਪਰ ਉਠ ਕੇ ਹਰ ਕੋਈ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰ ਰਿਹਾ ਹੈ। ਇਸ ਮੌਕੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਸੁਖਪਾਲ ਸਿੰਘ ਖਹਿਰਾ ਦਾ ਧੰਨਵਾਦ ਕੀਤਾ ਅਤੇ ਹਲਕੇ ਦੇ ਲੋਕਾਂ ਨੂੰ ਵਿਸ਼ਵਾਸ਼ ਦੁਆਇਆ ਕਿ ਉਹ ਹਰ ਸਮੇਂ ਹਲਕੇ ਦੇ ਲੋਕਾਂ ਦੇ ਨਾਲ ਖੜ੍ਹੇ ਹਨ ਅਤੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪੀੜਤਾਂ ਲਈ ਪਹਿਲੇ ਦਿਨ ਤੋਂ ਹੀ ਡਟੇ ਹੋਏ ਹਨ ਅਤੇ ਘਰ ਘਰ ਜਾ ਕੇ ਰਾਹਤ ਸਮੱਗਰੀ ਪਹੁਚਾ ਰਹੇ ਹਨ। ਇਸ ਦੌਰਾਨ ਹੜ੍ਹਾਂ ਤੋਂ ਪ੍ਰਭਾਵਿਤ ਪਿੰਡ ਭਰੋਆਣਾ, ਸਰੂਪਵਾਲ, ਸੇਖ ਮੰਗਾਂ, ਟਿੱਬੀ, ਮੰਡ ਇੰਦਰਪੁਰ ਅਤੇ ਹੋਰ ਪਿੰਡਾਂ ਦੇ ਪਰਿਵਾਰਾਂ ਨੂੰ ਪਸੂਆਂ ਦਾ ਚਾਰਾ ਅਤੇ ਰਾਸ਼ਨ ਵੰਡਿਆ ਗਿਆ। ਇਸ ਮੌਕੇ ਕਰਨਜੀਤ ਮਿੱਠਾ ਸਾਬਕਾ ਜਿਲ੍ਹਾ ਪ੍ਰਧਾਨ ਤਰਨਤਾਰਨ, ਰਮੇਸ਼ ਡਡਵਿੰਡੀ ਸਾਬਕਾ ਜਿਲ੍ਹਾ ਕਪੂਰਥਲਾ ਪ੍ਰਧਾਨ, ਨਰਿੰਦਰ ਸਿੰਘ ਜੈਨਪੁਰ ਸਕੱਤਰ ਪੰਜਾਬ ਕਾਂਗਰਸ, ਨਰਿੰਦਰ ਸਿੰਘ ਪੰਨੂ ਬਲਾਕ ਪ੍ਰਧਾਨ ਸੁਲਤਾਨਪੁਰ ਲੋਧੀ, ਮੁਖਤਿਆਰ ਸਿੰਘ ਭਗਤਪੁਰ ਬਲਾਕ ਪ੍ਰਧਾਨ, ਗੁਰਿੰਦਰ ਸਿੰਘ ਪ੍ਰਧਾਨ, ਅਮਰਜੀਤ ਸਿੰਘ ਹੀਰਾ ਮੈਂਬਰ ਬਲਾਕ ਸੰਮਤੀ, ਸ਼ਿੰਦਰਪਾਲ ਮੈਂਬਰ ਬਲਾਕ ਸੰਮਤੀ, ਸਾਹਿਬ ਸਿੰਘ ਨੰਬਰਦਾਰ, ਸ਼ਿੰਦਰ ਸਿੰਘ ਸਰਪੰਚ ਬੂਸੋਵਾਲ, ਅਮਰ ਸਿੰਘ ਮੰਡ ਮਹੀਂਵਾਲ, ਅਮਨ ਸਰਪੰਚ ਤਲਵੰਡੀ ਪਾਈ, ਪਰਮਿੰਦਰ ਸਿੰਘ ਸਰਪੰਚ ਰਾਮਪੁਰ ਜਗੀਰ, ਨਰਿੰਦਰ ਸਿੰਘ ਸਰਪੰਚ ਗਿੱਲਾ, ਮਨੋਜ ਟੋਨੀ, ਸੋਨੂ ਅਲੂਵਾਲ ਅਤੇ ਵੱਡੀ ਗਿਣਤੀ ਵਿਚ ਆਗੂ ਹਾਜ਼ਰ ਸਨ।

## ਚਲਦੀ ਟਰੇਨ 'ਚੋਂ ਡਿੱਗਣ ਨਾਲ ਗੰਭੀਰ ਜ਼ਖਮੀ

**ਫਗਵਾੜਾ (ਡਾ. ਰਮਨ)**-ਫਗਵਾੜਾ ਦੇ ਰੇਲਵੇ ਸਟੇਸ਼ਨ ਨੇੜੇ ਚਲਦੀ ਟਰੇਨ 'ਚੋਂ ਡਿੱਗਣ ਕਾਰਨ ਇਕ ਵਿਅਕਤੀ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਫਗਵਾੜਾ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਡਾਕਟਰਾਂ ਵੱਲੋਂ ਉਸ ਦੀ ਹਾਲਤ ਨੂੰ ਸੀਰੀਅਸ ਦੇਖਦੇ ਹੋਏ ਹਾਇਰ ਸੈਂਟਰ ਲੁਧਿਆਣਾ ਰੈਫਰ ਕਰ ਦਿੱਤਾ ਗਿਆ। ਜ਼ਖਮੀ ਦੀ ਪਛਾਣ ਧਰਮਿੰਦਰ ਕੁਮਾਰ ਪੁੱਤਰ ਰਾਮ ਲਗਨ ਵਾਸੀ ਗਗਨ ਨਗਰ ਲੁਧਿਆਣਾ ਵਜੋਂ ਹੋਈ ਹੈ। ਜੀ ਆਰ ਪੀ ਫਗਵਾੜਾ ਦੇ ਚੌਕੀ ਇੰਚਾਰਜ ਗੁਰਭੇਜ ਸਿੰਘ ਨੇ ਦੱਸਿਆ ਕਿ ਉਨ੍ਹਾ ਨੂੰ ਸੂਚਨਾ ਮਿਲੀ ਸੀ ਕਿ ਖੇੜਾ ਰੋਡ ਨਜ਼ਦੀਕ ਇਕ ਵਿਅਕਤੀ ਟਰੇਨ 'ਚੋਂ ਡਿੱਗ ਗਿਆ । ਉਨ੍ਹਾ ਵੱਲੋਂ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਉਕਤ ਵਿਅਕਤੀ ਨੂੰ ਗੰਭੀਰ ਹਾਲਤ 'ਚ ਇਲਾਜ ਲਈ ਫਗਵਾੜਾ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਉਕਤ ਵਿਅਕਤੀ ਲੁਧਿਆਣਾ ਤੋਂ ਜਲੰਧਰ ਜਾਣ ਲਈ ਮਾਲਵਾ ਐੱਕਸਪ੍ਰੈੱਸ ਗੱਡੀ 'ਚ ਆ ਰਿਹਾ ਸੀ ਤਾਂ ਖੇੜਾ ਰੋਡ ਫਾਟਕ ਨਜ਼ਦੀਕ ਅਚਾਨਕ ਗੱਡੀ 'ਚੋਂ ਹੇਠਾਂ ਡਿੱਗ ਗਿਆ।

## ਸੰਗਰਾਂਦ ਦੇ ਦਿਹਾੜੇ 'ਤੇ ਧਾਰਮਕ ਸਮਾਗਮ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** -ਮਾਹਿਲਪੁਰ-ਗੜ੍ਹਸ਼ੰਕਰ ਮੁੱਖ ਮਾਰਗ 'ਤੇ ਸਥਿਤ ਪਿੰਡ ਟੂਟੋਮਜਾਰਾ ਵਿਖੇ ਸਥਿਤ ਨਿਰਮਲ ਕੁਟੀਆਂ ਸੰਤ ਬਾਬਾ ਦਲੇਲ ਸਿੰਘ ਵਿਖੇ ਸੰਗਰਾਂਦ ਦਾ ਪਵਿੱਤਰ ਦਿਹਾੜਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮੁੱਖ ਸੰਚਾਲਕ ਸੰਤ ਬਾਬਾ ਮੱਖਣ ਸਿੰਘ ਅਤੇ ਉਨ੍ਹਾ ਦੇ ਸਹਿਯੋਗੀ ਸੰਤ ਬਾਬਾ ਬਲਬੀਰ ਸਿੰਘ ਸ਼ਾਸਤਰੀ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਪਾਠ ਦੇ ਭੋਗ ਪਾਏ ਗਏ। ਇਸ ਤੋਂ ਬਾਅਦ ਨਿਰਮਲ ਕੁਟੀਆਂ ਦੀਆਂ ਬੱਚੀਆਂ ਨੇ ਕੀਰਤਨ ਕੀਤਾ। ਉਪਰੰਤ ਬਾਬਾ ਬਲਬੀਰ ਸਿੰਘ ਸ਼ਾਸਤਰੀ ਨੇ ਕਥਾ ਕੀਰਤਨ ਕਰਦਿਆਂ ਕਿਹਾ ਕਿ ਆਰੰਭ ਹੋਏ ਸਾਵਣ ਦੇ ਮਹੀਨੇ ਵਿੱਚ ਗੁਰੂ ਸਾਹਿਬ ਸਾਨੂੰ ਸੰਤਾਂ-ਮਹਾਂਪੁਰਸ਼ਾਂ ਦੀ ਸੰਗਤ ਕਰਨ ਦੀ ਪ੍ਰੇਰਨਾ ਦਿੰਦੇ ਹਨ।

ਇਸ ਮੌਕੇ ਨਿਰਮਲ ਕੁਟੀਆ ਦੇ ਮੁੱਖ ਸੰਚਾਲਕ ਬਾਬਾ ਮੱਖਣ ਸਿੰਘ ਨੇ ਸੰਗਤਾਂ ਨੂੰ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਵਾਇਆ। ਸੰਤ ਬਾਬਾ ਦਲੇਲ ਸਿੰਘ, ਬਾਬਾ ਸਤਨਾਮ ਜੀ ਅਤੇ ਬਾਬਾ ਜਗਦੇਵ ਸਿੰਘ ਮੋਨੀ ਜੀ ਨੂੰ ਯਾਦ ਕਰਦਿਆਂ ਉਹਨਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਸੰਗਤਾਂ ਨੂੰ ਸੇਵਾ-ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜਿਉਣ ਦਾ ਸੰਦੇਸ਼ ਦਿੱਤਾ।

## ਨਸ਼ੀਲੇ ਪਦਾਰਥ ਵੇਚਣ ਤੇ ਖਰੀਦਣ ਵਾਲੇ ਨੂੰ ਸਲਾਖਾਂ ਪਿੱਛੇ ਡੱਕਿਆ ਜਾਵੇਗਾ : ਕਰਨੈਲ ਸਿੰਘ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਤਾਜ ਸਿੰਘ ਚਾਹਲ ਸੀਨੀਅਰ ਪੁਲਸ ਕਪਤਾਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦਾਇਤ ਅਤੇ ਪਲਵਿੰਦਰ ਸਿੰਘ ਉਪ ਪੁਲਿਸ ਕਪਤਾਨ (ਸਿਟੀ) ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਿਆਂ ਦੀ ਰੋਕਥਾਮ ਲਈ ਵਿੱਢੀ ਮੁਹਿੰਮ ਤਹਿਤ ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਚਰਨਜੀਤ ਸਿੰਘ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਸਾਥੀਆਂ ਸਮੇਤ ਨਾਕਾਬੰਦੀ ਕੀਤੀ ਹੋਈ ਸੀ ਤਾਂ ਰੇਲਵੇ ਸਟੇਸ਼ਨ ਫਗਵਾੜਾ ਰੋਡ ਇੱਕ ਮੋਟਰ ਸਾਈਕਲ 'ਤੇ ਆ ਰਹੇ ਜਗਦੀਪ ਸਿੰਘ ਉਰਫ ਜੱਗੀ ਪੁੱਤਰ ਨਾਗਰ ਸਿੰਘ ਵਾਸੀ ਪਿੰਡ ਹਰਖੋਵਾਲ ਥਾਣਾ ਮੇਹਟੀਆਣਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਸ਼ੱਕ ਦੀ ਬਿਨਾ 'ਤੇ ਰੋਕ ਕੇ ਚੈਕ ਕੀਤਾ ਤੇ ਜਗਦੀਪ ਸਿੰਘ ਉਰਫ ਜੱਗੀ ਉਕਤ ਪਾਸੋਂ 260 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਣ 'ਤੇ ਇਸ ਦੇ ਖਿਲਾਫ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਜਗਦੀਪ ਸਿੰਘ ਉਰਫ ਜੱਗੀ ਖਿਲਾਫ ਪਹਿਲਾਂ ਵੀ ਨਸ਼ਿਆਂ ਦੇ 4 ਮੁਕੱਦਮੇ ਥਾਣਾ ਮਾਡਲ ਟਾਊਨ 1 ਮੁਕੱਦਮਾ ਥਾਣਾ ਸਿਟੀ ਹੁਸ਼ਿਆਰਪੁਰ ਦਰਜ ਹਨ। ਦੋਸ਼ੀ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

## ਪਾਬੰਦੀਸ਼ੁਦਾ 205 ਨਸ਼ੀਲੀਆਂ ਗੋਲੀਆ ਸਣੇ 3 ਕਾਬੂ

**ਫਗਵਾੜਾ, (ਡਾ. ਰਮਨ)**-ਐਂਟੀ ਨਾਰਕੋਟਿਕ ਸੈੱਲ ਫਗਵਾੜਾ ਦੇ ਇੰਚਾਰਜ ਸ਼ਿਵਕੰਵਲ ਸਿੰਘ ਦੀ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਸੰਗਤਪੁਰ ਰੋਡ 'ਤੇ ਭੱਠੇ ਲਾਗੇਓਂ 03 ਨੌਜਵਾਨਾ ਨੂੰ ਕਾਬੂ ਕਰਕੇ ਨਾਂਅ/ ਪਤੇ ਪੁੱਛੇ, ਜਿਨ੍ਹਾਂ ਆਪਣੇ ਨਾਂਅ ਪਰਮਿੰਦਰ ਸਿੰਘ ਉਰਫ ਸੰਨੀ ਪੁੱਤਰ ਸੁਖਵਿੰਦਰ ਸਿੰਘ ਵਾਸੀ ਬਗਾਣਾ ਥਾਣਾ ਰਾਵਲਪਿੰਡੀ ਹਾਲ ਵਾਸੀ ਬਾਬਾ ਅਜੀਤ ਸਿੰਘ ਨਗਰ, ਗਲੀ ਨੰਬਰ-5, ਫਗਵਾੜਾ ਜ਼ਿਲ੍ਹਾ ਕਪੂਰਥਲਾ, ਰਣਵੀਰ ਸਿੰਘ ਉਰਫ ਰਾਜਾ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਢੱਕ ਪੰਡੋਰੀ ਥਾਣਾ ਸਦਰ ਫਗਵਾੜਾ ਜ਼ਿਲ੍ਹਾ ਕਪੂਰਥਲਾ ਅਤੇ ਦੀਪਕ ਕੁਮਾਰ ਉਰਫ ਢਿੱਲੋ ਪੁੱਤਰ ਗੁਰਮੇਲ ਲਾਲ ਵਾਸੀ ਪਿੰਡ ਢੱਕ ਪੰਡੋਰੀ ਥਾਣਾ ਸਦਰ ਫਗਵਾੜਾ ਜਿਲਾ ਕਪੂਰਥਲਾ ਦੱਸੇ, ਜਿਨ੍ਹਾਂ ਪਾਸੋਂ 02 ਗ੍ਰਾਮ ਹੈਰੋਇਨ , 05 ਨਸ਼ੀਲੇ ਟੀਕੇ ਬਿਨਾਂ ਲੈਬਲ ਅਤੇ 205 ਨਸ਼ੀਲੀਆਂ ਗੋਲੀਆ ਬਰਾਮਦ ਹੋਈਆਂ। ਉਹਨਾਂ ਖਿਲਾਫ ਮੁਕੱਦਮਾ ਥਾਣਾ ਸਦਰ ਫਗਵਾੜਾ ਦਰਜ ਰਜਿਸਟਰ ਕਰਵਾਇਆ ਗਿਆ।

## 24 ਬੋਤਲਾਂ ਸ਼ਰਾਬ ਸਮੇਤ ਕਾਬੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਤਾਜ ਸਿੰਘ ਚਾਹਲ ਆਈ ਪੀ ਐਸ ਸੀਨੀਅਰ ਪੁਲਿਸ ਕਪਤਾਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦਾਇਤ ਅਤੇ ਪਲਵਿੰਦਰ ਸਿੰਘ ਪੀ ਪੀ ਐਸ ਉਪ ਪੁਲਸ ਕਪਤਾਨ (ਸਿਟੀ) ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਿਆਂ ਅਤੇ ਗੈਰ ਕਨੂੰਨੀ ਸ਼ਰਾਬ ਦੀ ਰੋਕਥਾਮ ਲਈ ਵਿੱਢੀ ਮੁਹਿੰਮ ਤਹਿਤ ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਐਸ ਆਈ ਰਜਿੰਦਰ ਸਿੰਘ ਇੰਚਾਰਜ ਚੌਕੀ ਪੁਰਹੀਰਾਂ ਨੇ ਦੌਰਾਨੇ ਗਸ਼ਤ ਇਤਲਾਹ ਮਿਲਣ 'ਤੇ ਲਖਵੀਰ ਸਿੰਘ ਉਰਫ ਲੱਕੀ ਪੁੱਤਰ ਤਰਸੇਮ ਸਿੰਘ ਵਾਸੀ ਮੁਹੱਲਾ ਰਾਮਗੜ੍ਹ ਮਕਾਨ ਨੰਬਰ 198/2 ਵਾਰਡ ਨੰਬਰ 43 ਥਾਣਾ ਸਿਟੀ ਹੁਸ਼ਿਆਰਪੁਰ ਜੋ ਸ਼ਰਾਬ ਲਿਆ ਕੇ ਸਸਤੇ ਭਾਅ 'ਤੇ ਇਲਾਕੇ ਵਿੱਚ ਵੇਚਦਾ ਸੀ ਜਿਸ ਦੀ ਇਤਲਾਹ ਮਿਲਣ 'ਤੇ ਪੁਲਸ ਪਾਰਟੀ ਸਕੀਮ ਨੰਬਰ 2 'ਤੇ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਤਾਂ ਲਖਵੀਰ ਸਿੰਘ ਉਰਫ ਲੱਕੀ ਨੂੰ ਕਾਬੂ ਕਰਕੇ ਤਲਾਸ਼ੀ ਕੀਤੀ ਤਾਂ ਇਸ ਪਾਸੋਂ 24 ਬੋਤਲਾਂ ਸ਼ਰਾਬ ਦੇਸੀ ਠੇਕਾ ਕੈਸ਼ ਵਿਸਕੀ ਬ੍ਰਾਮਦ ਹੋਣ 'ਤੇ ਇਸ ਦੇ ਖਿਲਾਫ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਚੌਕੀ ਇੰਚਾਰਜ ਨੇ ਦੱਸਿਆ ਕਿ ਇਸ ਦੇ ਖਿਲਾਫ ਪਹਿਲਾਂ ਵੀ ਨਜਾਇਜ਼ ਸ਼ਰਾਬ ਦੇ ਮੁਕੱਦਮੇ ਦਰਜ ਹਨ। ਦੋਸ਼ੀ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਇਹ ਸ਼ਰਾਬ ਕਿੱਥੋਂ ਲੈ ਕੇ ਆਉਂਦਾ ਹੈ ਅਤੇ ਅੱਗੇ ਕਿਸ ਕਿਸ ਨੂੰ ਵੇਚਦਾ ਹੈ।

# ਨਗਰ ਕੌਂਸਲ ਵੱਲੋਂ ਹੜ੍ਹ ਪ੍ਰਭਾਵਤ ਇਲਾਕਿਆਂ 'ਚ ਕੰਮ ਨਿਰੰਤਰ ਜਾਰੀ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਹਲਕਾ ਵਿਧਾਇਕ ਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਭਾਰੀ ਬਰਸਾਤ ਦੌਰਾਨ ਵੱਖ-ਵੱਖ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਫੀਡਬੈਕ ਲੈ ਰਹੇ ਹਨ ਅਤੇ ਨਗਰ ਕੌਂਸਲ ਵੱਲੋਂ ਸ਼ਹਿਰੀ ਖੇਤਰ ਵਿੱਚ ਕੀਤੀ ਜਾ ਰਹੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ ਨੇ ਦੱਸਿਆ ਕਿ ਸੰਕਟ ਦੀ ਇਸ ਘੜੀ 'ਚ ਸਾਡੇ ਸਫਾਈ ਕਰਮਚਾਰੀਆਂ ਵੱਲੋਂ ਬਰਸਾਤ ਪ੍ਰਭਾਵਿਤ ਇਲਾਕਿਆਂ 'ਚ ਪ੍ਰਸ਼ਾਸ਼ਨ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਮਦਦ ਪਹੁੰਚਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ।

ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ ਨੇ ਦੱਸਿਆ ਕਿ ਸਾਂਝੇ ਉਦਮ ਸਦਕਾ ਜਲਦੀ ਹੀ ਪ੍ਰਭਾਵਿਤ ਇਲਾਕਿਆਂ ਦੀ ਜ਼ਿੰਦਗੀ ਲੀਹ 'ਤੇ ਆ ਰਹੀ ਹੈ ਅਤੇ ਸਭ ਇਲਾਕਿਆਂ 'ਚ ਸਾਫ ਸਫਾਈ ਤੇ ਨਾਲ ਨਾਲ ਨਾਲਿਆਂ, ਨਾਲੀਆਂ, ਚੋਏ ਆਦਿ ਦੀ ਸਫਾਈ ਵੀ ਲਗਾਤਾਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਕੋਈ ਵੀ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਟੀਮਾ ਲਗਾਤਾਰ ਆਪਣੇ ਕੰਮਾਂ 'ਚ ਲੱਗੀਆਂ ਹੋਈਆ ਹਨ ਤੇ ਪ੍ਰਭਾਵਿਤ ਇਲਾਕਿਆਂ 'ਚ ਜ਼ਰੂਰਤਮੰਦਾ ਨੂੰ ਰਾਸ਼ਨ ਕਿੱਟਾ ਦੀ ਵੰਡ ਕੀਤੀ ਜਾ ਰਹੀ ਹੈ, ਜਿਸ 'ਚ ਲੋੜੀਦੀ ਮਾਤਰਾ 'ਚ ਘਰੇਲੂ ਰਸੋਈ ਦੀ ਵਰਤੋਂ ਦਾ ਸਮਾਨ ਢੁਕਵੀਂ ਮਾਤਰਾਂ 'ਚ ਸਰਕਾਰ ਵੱਲੋਂ ਦਿੱਤਾ ਗਿਆ ਹੈ। ਉਨ੍ਹਾਂ ਵੱਲੋਂ ਸ਼ਹਿਰ 'ਚ ਦਵਾਈ ਦਾ ਛਿੜਕਾਅ ਤੇ ਨਿਰੰਤਰ ਫੋਗਿੰਗ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾ ਤਹਿਤ ਸਮੁੱਚਾ ਨਗਰ ਕੌਂਸਲ ਦਾ ਅਮਲਾ ਤੇ ਸਫਾਈ ਕਰਮਚਾਰੀ ਦਿਨ ਰਾਤ ਆਮ ਵਰਗੇ ਹਾਲਾਤ ਬਣਾਉਣ 'ਚ ਲੱਗੇ ਹੋਏ ਹਨ। ਸਰਕਾਰ ਦੀਆਂ ਹਦਾਇਤਾ ਅਨੁਸਾਰ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਪੂਰੀ ਮਿਹਨਤ ਕਰ ਰਹੇ ਹਾਂ।

## ਪੀ ਸੀ ਐੱਸ ਰਿਟਾਇਰਡ ਅਫਸਰ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਅੱਗੇ ਆਏ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੰਜਾਬ ਪੀ.ਸੀ.ਐਸ. ਰਿਟਾਇਰਡ ਅਫਸਰਜ਼ ਐਸੋਸੀਏਸ਼ਨ ਨੇ ਆਪਣਾ ਵਡਮੁੱਲਾ ਯੋਗਦਾਨ ਪਾਉਣ ਦਾ ਫੈਸਲਾ ਕੀਤਾ ਹੈ। ਅੱਜ ਇੱਥੇ ਐਸੋਸੀਏਸ਼ਨ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਜੀ.ਐਸ. ਬਾਹੀਆ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਦਾ ਫੈਸਲਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ/ਜ਼ਿਲ੍ਹਾ ਪ੍ਰਸ਼ਾਸਨ ਮੋਹਾਲੀ ਵੱਲੋਂ ਕੀਤੇ ਜਾ ਰਹੇ ਹੜ੍ਹ ਰਾਹਤ ਪ੍ਰਬੰਧਾਂ ਵਿੱਚ ਸਾਂਝੇ ਤੌਰ 'ਤੇ ਯੋਗਦਾਨ ਪਾਉਣ ਲਈ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ। ਬੁਲਾਰੇ ਅਨੁਸਾਰ ਡਿਪਟੀ ਕਮਿਸ਼ਨਰ ਦਫਤਰ ਮੋਹਾਲੀ ਵਿਖੇ ਲੋੜਵੰਦਾਂ ਨੂੰ ਵੰਡਣ ਲਈ 57000 ਰੁਪਏ ਦੀ ਕੀਮਤ ਦੀਆਂ ਸਟੀਲ ਦੀਆਂ 500 ਥਾਲੀਆਂ ਤੇ 500 ਗਲਾਸ ਭੇਜੇ ਗਏ। ਇਸ ਦੇ ਨਾਲ ਹੀ 20000 ਰੁਪਏ ਦੀ ਕੀਮਤ ਦੇ ਪਾਣੀ ਦੇ 220 ਡੱਬੇ ਵੀ ਭੇਜੇ ਗਏ ਹਨ। ਇਸ ਤੋਂ ਇਲਾਵਾ ਐਸ.ਡੀ.ਐਮ. ਡੇਰਾਬੱਸੀ ਨੂੰ 20,000 ਰੁਪਏ ਦੀ ਕੀਮਤ ਦੀਆਂ ਓ.ਆਰ.ਐਸ. ਅਤੇ ਜੈਡ.ਐਨ. ਗੋਲੀਆਂ ਭੇਜੀਆਂ ਗਈਆਂ ਅਤੇ ਐਸ.ਡੀ.ਐਮ. ਦਫਤਰ, ਖਰੜ ਵਿਖੇ 20000 ਰੁਪਏ ਦੀ ਕੀਮਤ ਦਾ ਹੜ੍ਹ ਰਾਹਤ ਸੰਬੰਧੀ ਸਾਮਾਨ ਭੇਜਿਆ ਗਿਆ ਹੈ।

## ਆਈ ਕੇ ਜੀ ਪੀ ਟੀ ਯੂ ਦੇ ਆਡੀਟੋਰੀਅਮ 'ਚ ਸਰਤਾਜ ਦੇ ਸੰਗੀਤ ਦਾ ਜਾਦੂ ਚੱਲਿਆ

**ਜਲੰਧਰ (ਸ਼ੈਲੀ ਐਲਬਰਟ)** ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ ਕੇ ਜੀ ਪੀ ਟੀ ਯੂ) ਦਾ ਸ਼੍ਰੀ ਗੁਰੂ ਨਾਨਕ ਦੇਵ ਜੀ ਆਡੀਟੋਰੀਅਮ 'ਚ ਸ਼ਾਮ ਤੋਂ ਰਾਤ ਤੱਕ ਸੁਰਾਂ ਤੇ ਸੂਫ਼ੀ ਕਲਾਮ ਦੀ ਪੇਸ਼ਕਾਰੀ ਦਾ ਗਵਾਹ ਬਣਿਆ। ਇਥੇ ਕਵਿਤਾ, ਸ਼ੇਅਰ ਤੇ ਲੋਕ ਗੀਤਾਂ ਦੀ ਗੂੰਜ ਰਹੀ। ਮੌਕਾ ਸੀ ਸੂਫੀ ਸੰਗੀਤ ਤੇ ਕਲਾਮ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਡਾ. ਸਤਿੰਦਰ ਸਰਤਾਜ ਦੀ ਪੇਸ਼ਕਾਰੀ ਦਾ। ਗਾਇਕ-ਪ੍ਰਫਾਰਮਰ ਸਰਤਾਜ ਯੂਨੀਵਰਸਿਟੀ ਦੇ ਆਡੀਟੋਰੀਅਮ ਵਿੱਚ ਇੱਕ ਨਿਜੀ ਕੰਪਨੀ ਵੱਲੋਂ ਆਯੋਜਿਤ ਸਪਾਂਸਰਡ ਸ਼ੋਅ ਕਰਨ ਲਈ ਪਹੁੰਚੇ ਸਨ। ਆਡੀਟੋਰੀਅਮ ਵਿੱਚ ਮੌਜੂਦ 800 ਤੋਂ ਵੱਧ ਸਰੋਤਿਆਂ ਨੇ ਪ੍ਰਦਰਸ਼ਨ ਵਿੱਚ ਤਿੰਨ ਘੰਟੇ ਨਾਨ-ਸਟਾਪ ਸਰਤਾਜ ਦੀ ਆਵਾਜ਼ ਤੇ ਸੁਰਾਂ ਉਪਰ ਨੱਚਿਆ 'ਤੇ ਗਾਇਆ। ਗਾਇਕ ਸਤਿੰਦਰ ਸਰਤਾਜ ਦੇ ਯੂਨੀਵਰਸਿਟੀ ਕੈਂਪਸ ਪਹੁੰਚਣ ਤੇ ਉਪ-ਕੁਲਪਤੀ ਡਾ. ਸੁਸ਼ੀਲ ਮਿੱਤਲ ਵੱਲੋਂ ਭੇਜੇ ਸੰਦੇਸ਼ ਸੁਨੇਹੇ ਦੇ ਨਾਲ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ। ਸਵਾਗਤੀ ਮੰਡਲ ਵਿਚ ਯੂਨੀਵਰਸਿਟੀ ਦੇ ਰਜਿਸਟਰਾਰ ਡਾ ਐਸ ਕੇ ਮਿਸ਼ਰਾ, ਡੀਨ ਪੀ ਐਂਡ ਈ ਪੀ ਡਾ. ਆਰ ਪੀ ਐਸ ਬੇਦੀ, ਵਿੱਤ ਅਫ਼ਸਰ ਡਾ. ਸੁਖਬੀਰ ਸਿੰਘ ਵਾਲੀਆ, ਡਿਪਟੀ ਰਜਿਸਟਰਾਰ ਰਜਨੀਸ਼ ਸ਼ਰਮਾਂ ਤੇ ਡਿਪਟੀ ਰਜਿਸਟਰਾਰ ਪਰਮਜੀਤ ਗਿੱਲ ਹਾਜ਼ਰ ਸਨ। ਜਦੋਂ ਸਰਤਾਜ ਨੇ ਆਪਣੇ ਗੀਤਾਂ ਵਿੱਚ ਜਲੰਧਰ, ਕਪੂਰਥਲਾ ਤੋਂ ਲੈ ਕੇ ਦੁਆਬਾ ਖੇਤਰ ਦਾ ਵਾਰ-ਵਾਰ ਜ਼ਿਕਰ ਕੀਤਾ ਤਾਂ ਜ਼ੋਰਦਾਰ ਤਾੜੀਆਂ ਵੱਜੀਆਂ ਤੇ ਸਰੋਤੇ ਨੱਚਣ ਲੱਗ ਪਏ। ਉਨ੍ਹਾਂ ਨੇ ਸਟੇਜ ਤੋਂ ਕਪੂਰਥਲਾ ਅਤੇ ਜਲੰਧਰ ਦੇ ਦਰਸ਼ਕਾਂ ਵਿਚਕਾਰ ਸੰਗੀਤਕ ਮੁਕਾਬਲਾ ਵੀ ਕਰਵਾਇਆ। ਪ੍ਰੋਗਰਾਮ ਦੀ ਸ਼ੁਰੂਆਤ 'ਚ ਸਰਤਾਜ ਨੇ ਮਰਜ਼ੀਆਂ ਦੇ ਮਾਲਕਾਂ ਦੀ ਬਾਤ ਹੀ ਕੁਝ ਹੋਰ ਹੈ ਤੋਂ ਲੈ ਕੇ ਕੋਸ਼ਿਸ਼ ਤੇ ਕਰੀਏ ਤੱਕ ਗਾ ਕੇ ਸਰੋਤਿਆਂ ਨੂੰ ਸਰਤਾਜ ਨੇ ਨਾਲ ਨੱਚਣ ਲਾ ਲਿਆ ਗਾਇਆ। ਸਰਤਾਜ ਨੇ ਚੀਰੇ ਵਾਲੇਆ ਅਤੇ ਕੀਤੇ ਨੀ ਤੇਰਾ ਰੁਤਬਾ ਘੱਟਦਾ ਤੇ ਸਾਰਿਆਂ ਨੂੰ ਮੁੜ ਤੋਂ ਨੱਚਣ ਲਈ ਮਜਬੂਰ ਕਰ ਦਿੱਤਾ। ਯੂਨੀਵਰਸਿਟੀ ਦੀ ਸਟੇਜ ਤੋਂ ਡਾ. ਸਤਿੰਦਰ ਸਰਤਾਜ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਮੁਸੀਬਤ ਦੇ ਜਲਦੀ ਟਲਣ ਦੀ ਅਰਦਾਸ-ਪ੍ਰਾਰਥਨਾ ਵੀ ਕੀਤੀ।

## ਲੋਕਾਂ ਨੂੰ ਰਾਹਤ ਦੇਣ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਗੰਭੀਰ : ਡਾ. ਚਰਨਜੀਤ ਕੁਮਾਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਸਰਕਾਰ ਵੱਲੋਂ ਭਾਰੀ ਬਰਸਾਤ ਤੋਂ ਪ੍ਰਭਾਵਿਤ ਖੇਤਰਾਂ 'ਚ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਦੇ ਨਾਲ-ਨਾਲ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਘਰ-ਘਰ ਜਾ ਕੇ ਸਿਹਤ ਵਿਭਾਗ ਵੱਲੋਂ ਕਲੋਰੀਨ ਦੀਆਂ ਗੋਲੀਆਂ ਦੀ ਵੰਡ ਕੀਤੀ ਜਾ ਰਹੀ ਹੈ ਤੇ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਨੂੰ ਫੈਲਣੋਂ ਰੋਕਿਆ ਜਾ ਸਕੇ। ਇਹ ਪ੍ਰਗਟਾਵਾ ਡਾ.ਚਰਨਜੀਤ ਕੁਮਾਰ ਸੀਨੀਅਰ ਮੈਡੀਕਲ ਅਫਸਰ ਸ੍ਰੀ ਅਨੰਦਪੁਰ ਸਾਹਿਬ ਨੇ ਸਿਹਤ ਵਿਭਾਗ ਦੀਆਂ ਟੀਮਾ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਲੋੜੀਂਦੀਆਂ ਦਵਾਈਆਂ ਮੁਹੱਈਆ ਕਰਵਾਉਣ ਦੇ ਕੰਮ ਦਾ ਜਾਇਜ਼ਾ ਲੈਣ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਵੱਲੋਂ ਲਗਾਤਾਰ ਸ੍ਰੀ ਅਨੰਦਪੁਰ ਸਾਹਿਬ ਹਲਕੇ 'ਚ ਆਮ ਲੋਕਾਂ ਤੱਕ ਪਹੁੰਚਾਈਆਂ ਜਾ ਰਹੀਆਂ ਸਿਹਤ ਸੁਵਿਧਾਵਾਂ ਤੇ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਵੱਲੋਂ ਸਮੇਂ ਸਮੇਂ ਇਸ ਬਾਰੇ ਫੀਡਬੈਕ ਵੀ ਲਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਾਣੀ ਨਾਲ ਫੈਲਣ ਵਾਲੀਆਂ ਅਤੇ ਵੈਕਟੀਰੀਆਂ ਬੋਰਨ ਬਿਮਾਰੀਆਂ ਦੀ ਰੋਕਥਾਮ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਪਾਣੀ ਕਿਸੇ ਸਾਫ ਤੇ ਸੁਰੱਖਿਅਤ ਸਰੋਤ ਤੋਂ ਹੀ ਪੀਵੋ, ਸਟੋਰ ਕੀਤੇ ਪਾਣੀ ਦੀ ਵਰਤੋਂ ਕਰਨ ਤੋਂ ਪਹਿਲਾਂ ਆਪਣੇ ਹੱਥ ਜ਼ਰੂਰ ਧੋਵੋ। ਭੋਜਨ ਨੂੰ ਚੰਗੀ ਤਰ੍ਹਾਂ ਪਕਾਓ ਅਤੇ ਇਸਨੂੰ ਸਹੀ ਤਾਪਮਾਨ ਤੇ ਸਟੋਰ ਕਰੋ। ਭੋਜਨ ਦੀ ਰਹਿੰਦ-ਖੂੰਹਦ ਦਾ ਸਹੀ ਢੰਗ ਨਾਲ ਨਿਪਟਾਰਾ ਕਰੋ। ਉਨ੍ਹਾਂ ਕਿਹਾ ਕਿ ਖਾਣਾ ਖਾਣ ਤੋਂ ਪਹਿਲਾਂ ਹੱਥਾਂ ਨੂੰ ਸਾਬਣ ਤੇ ਪਾਣੀ ਨਾਲ ਜ਼ਰੂਰ ਹੋਵੇ,ਪਖਾਨਾ ਜਾਣ ਤੋਂ ਬਾਅਦ ਹੱਥ ਚੰਗੀ ਤਰ੍ਹਾਂ ਸਾਬਣ ਨਾਲ ਹੱਥ ਧੋਵੋ। ਬੱਚਿਆਂ ਨੂੰ ਹੜ੍ਹ ਦੇ ਪਾਣੀ ਵਿੱਚ ਤੁਰਨ ਤੋਂ ਰੋਕੋ, ਮਲੇਰੀਆ ਅਤੇ ਡੇਂਗੂ ਤੋਂ ਬਚਣ ਲਈ ਮੱਛਰਦਾਨੀ ਦੀ ਵਰਤੋਂ ਕਰੋ, ਇਨਫੈਕਸ਼ਨ ਦੇ ਲੱਛਣ ਸਾਹਮਣੇ ਆਉਣ 'ਤੇ ਡਾਕਟਰ ਨਾਲ ਮਸ਼ਵਰਾ ਕਰੋ।

## ਮੋਟਰਸਾਈਕਲ ਚੋਰੀ ਕਰਨ ਵਾਲਾ ਪੁਲਸ ਅੜਿੱਕੇ

**ਫਗਵਾੜਾ, (ਡਾ. ਰਮਨ)**-ਚੌਕੀ ਮਹੇੜੂ ਪੁਲਸ ਵੱਲੋਂ ਮੋਟਰਸਾਈਕਲ ਚੋਰੀ ਦੇ ਮਾਮਲੇ 'ਚ ਮੋਟਰਸਾਈਕਲ ਸਮੇਤ ਇੱਕ ਨੌਜਵਾਨ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਜਾਣਕਾਰੀ ਦਿੰਦਿਆ ਚੌਕੀ ਇੰਚਾਰਜ ਦਰਸਨ ਸਿੰਘ ਭੱਟੀ ਨੇ ਦੱਸਿਆ ਕਿ ਅਰਤਿਰਾ ਚੱਕਰਵਰਤੀ ਪੁੱਤਰ ਤਰੁਣ ਚੱਕਰਵਰਤੀ ਵਾਸੀ ਡੀ ਬਲਾਕ ਏ ਪੂਜਾ ਆਸਿਆਨਾ ਵਿਵੇਕਾਨੰਦ ਸਰਾਨੀ ਕੱਲਕੱਤਾ ਸਟੇਟ ਬੈਸਟ ਬੰਗਾਲ ਦਾ ਰਹਿਣ ਵਾਲਾ ਹੈ ਅਤੇ ਲਵਲੀ ਪ੍ਰੋਫੈਸਨਲ ਯੂਨੀਵਰਸਿਟੀ ਫਗਵਾੜਾ ਵਿਚ ਬੀ ਟੈੱਕ ਦੀ ਪੜ੍ਹਾਈ ਕਰ ਰਿਹਾ ਹੈ ਐੱਸ ਫੋਰਸ ਅਪਾਰਟਮੈਂਟ 2 ਪੀਜੀ ' ਚ ਰਹਿੰਦਾ ਹਾਂ ਮਿਤੀ 04-06-2023 ਨੂੰ ਸ਼ਾਮ ਦੇ ਵਕਤ ਉਹ ਆਪਣੇ ਆਪਣੇ ਦੋਸਤ ਰਿਤਿਕਾ ਰਾਏ ਨੂੰ ਮਿਲਣ ਲਈ ਉਸ ਉਸ ਦੇ ਪੀ ਜੀ ਗਿਆ ਸੀ । ਮੋਟਰਸਾਈਕਲ ਪਾਰਕ 'ਚ ਲਗਾ ਦਿੱਤਾ, ਜਦੋਂ ਉਹ ਸਵੇਰੇ ਵਾਪਸ ਜਾਣ ਲੱਗਾ ਦੇਖਿਆ ਕਿ ਉਸਦਾ ਮੋਟਰਸਾਈਕਲ ਉਥੇ ਨਹੀਂ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰ ਕੇ ਲੈ ਗਿਆ। ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਕਰਦੇ ਹੋਏ ਮੁਲਜ਼ਮ ਵੰਸ ਤੂਰਾ ਉਰਫ ਭੱਗਾ ਵਾਸੀ ਦਰਵੇਸ਼ ਪਿੰਡ ਥਾਣਾ ਸਤਨਾਮਪੁਰਾ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ ਗਿਆ।

## 'ਸਾਇਕਲ ਸਵੇਰ ਕਾਫ਼ਲਾ' ਵੱਲੋਂ ਵਾਤਾਵਰਣ ਪ੍ਰੇਮੀ ਦਾ ਸਨਮਾਨ



**ਬਹਿਰਾਮ (ਅਵਤਾਰ ਕਲੇਰ)** 'ਸਾਇਕਲ ਸਵੇਰ ਕਾਫ਼ਲਾ' ਵਰ੍ਹਦੇ ਮੀਂਹ ਵਿੱਚ ਵੀ ਜਾਰੀ ਰਿਹਾ। ਬੰਗਾ ਤੋਂ ਤੁਰਿਆ ਇਹ ਕਾਫ਼ਲਾ ਬਲਾਕੀਪੁਰ ਪੁੱਜਾ ਜਿੱਥੇ ਪਿੰਡ ਬੀਸਲਾ ਵਾਸੀ ਇੰਜ. ਗੋਪਾਲ ਕ੍ਰਿਸ਼ਨ ਦਾ ਸਨਮਾਨ ਕੀਤਾ ਗਿਆ। ਇਹ ਸਨਮਾਨ ਰਸਮ ਮਨਜੀਤ ਸਿੰਘ ਬਲਾਕੀਪੁਰ, ਕ੍ਰਿਪਾਲ ਸਿੰਘ ਬਲਾਕੀਪੁਰ ਅਤੇ ਡਾ. ਕਸ਼ਮੀਰ ਸਿੰਘ ਵੱਲੋਂ ਸਾਂਝੇ ਤੌਰ 'ਤੇ ਨਿਭਾਈ ਗਈ। ਉਹਨਾਂ ਦੱਸਿਆ ਕਿ ਇੰਜ. ਗੋਪਾਲ ਕ੍ਰਿਸ਼ਨ ਪੌਦੇ ਪੈਦਾ ਵੀ ਕਰਦੇ ਹਨ, ਉਹਨਾਂ ਨੂੰ ਲਾਉਂਦੇ ਹਨ, ਉਹਨਾਂ ਦੀ ਦੇਖ ਭਾਲ ਕਰਦੇ ਹਨ ਅਤੇ ਲੋਕਾਂ ਨੂੰ ਪੌਦੇ ਵੰਡਦੇ ਵੀ ਹਨ। ਕਾਫ਼ਲੇ ਦੇ ਯੋਜਨਾਕਾਰ ਸੁਰਜੀਤ ਮਜਾਰੀ ਤੇ ਰਣਵੀਰ ਰਾਣਾ ਨੇ ਦੱਸਿਆ ਕਿ ਕਾਫ਼ਲੇ ਦਾ ਮਿਸ਼ਨ ਸਿਹਤ ਸੁਰੱਖਿਆ ਦਾ ਸੁਨੇਹਾ ਦੇਣਾ ਅਤੇ ਸਮਾਜ ਦੇ ਸਾਂਝੇ ਕਾਰਜਾਂ 'ਚ ਸੇਵਾਵਾਂ ਨਿਭਾਉਣ ਵਾਲਿਆਂ ਦਾ ਮਾਣ ਕਰਨਾ ਹੈ। ਇਸ ਤਹਿਤ ਉਹ ਹਰ ਐਤਵਾਰ ਦੀ ਸਵੇਰ ਨੂੰ ਬੰਗਾ ਤੋਂ ਸਵੇਰੇ ਪੰਜ ਵਜੇ ਤੁਰਦੇ ਹਨ ਅਤੇ ਹੁਣ ਤੱਕ ਉਹ ਪਿੰਡ ਲੜੋਆ, ਕਾਹਮਾ, ਨੌਰਾ, ਢਾਹਾਂ ਦਾ ਦੌਰਾ ਕਰ ਆਏ ਹਨ। ਇਸ ਦੌਰਾਨ ਸੁਰਿੰਦਰ ਸਿੰਘ ਖਾਲਸਾ ਅਤੇ ਰਾਜਿੰਦਰ ਜੱਸਲ ਨੇ ਦੱਸਿਆ ਕਿ ਅਗਲੇ ਐਤਵਾਰ ਤੋਂ ਇਹ ਕਾਫ਼ਲਾ ਜਿਸ ਥਾਂ ਵੀ ਜਾਇਆ ਕਰੇਗਾ ਉੱਥੇ ਵੱਖ ਵੱਖ ਕਿਸਮ ਦੇ ਫ਼ਲਦਾਰ ਅਤੇ ਛਾਂਦਾਰ ਪੌਦੇ ਪ੍ਰਦਾਨ ਕਰਿਆ ਕਰੇਗਾ। ਇਸ ਦੇ ਨਾਲ ਹੀ ਕਾਫ਼ਲੇ ਦੇ ਨੁਮਾਇੰਦਿਆਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਬੰਗਾ ਦੇ ਇਲਾਕੇ ਦੇ ਸਾਇਕਲ ਚਾਲਕਾਂ ਦਾ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨ ਕਰਨ ਦਾ ਉਪਰਾਲਾ ਵੀ ਕੀਤਾ ਜਾ ਰਿਹਾ ਹੈ, ਜਿਹਨਾਂ ਨੇ ਸਾਇਕਲ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਇਆ ਹੋਇਆ ਹੈ।

## ਪੇਪਰ ਬੈਗ ਦਿਹਾੜੇ 'ਤੇ 'ਸੇ ਨੋ ਟੂ ਪਲਾਸਟਿਕ' ਦਾ ਦਿੱਤਾ ਸੰਦੇਸ਼



**ਜਲੰਧਰ (ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ 'ਚ ਵਿਸ਼ਵ ਪੇਪਰ ਬੈਗ ਦਿਵਸ ਮਨਾਇਆ ਗਿਆ। ਇਸ ਸੰਬੰਧੀ ਕਰਵਾਏ ਗਏ ਪ੍ਰੋਗਰਾਮ ਦੌਰਾਨ ਸਕੂਲ ਸਟਾਫ ਨੇ ਪੇਪਰ ਬੈਗ ਤਿਆਰ ਕਰ ਕੇ 'ਸੇ ਨੋ ਟੂ ਪਲਾਸਟਿਕ' ਦਾ ਸੰਦੇਸ਼ ਦਿੱਤਾ। ਇਸ ਮੌਕੇ ਪ੍ਰਿੰਸੀਪਲ ਸਤਵਿੰਦਰ ਨੇ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਹਰ ਸਾਲ 12 ਜੁਲਾਈ ਨੂੰ ਦੁਨੀਆ ਭਰ 'ਚ ਪਲਾਸਟਿਕ ਦੀ ਥੈਲੀਆਂ ਦੀ ਜਗ੍ਹਾ ਪੇਪਰ ਬੈਗ ਦੇ ਰੋਜ਼ਾਨਾ ਵਰਤੋਂ ਦੀ ਪੁਸ਼ਟੀ ਕਰਨ ਲਈ ਮਨਾਇਆ ਜਾਂਦਾ ਹੈ। ਸਕੂਲ ਡਾਇਰੈਕਟਰ ਇੰਦਰ ਕੁਮਾਰ ਸਾਹਨੀ ਨੇ ਕਿਹਾ ਕਿ ਪਲਾਸਟਿਕ ਕਾਰਨ ਹੋਣ ਵਾਲੇ ਪ੍ਰਦੂਸ਼ਣ ਤੇ ਇਸ ਨਾਲ ਵਾਤਾਵਰਣ ਨੂੰ ਹੋਣ ਵਾਲੇ ਗੰਭੀਰ ਖਤਰੇ ਦੇ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਇਹ ਦਿਹਾੜਾ ਹਰ ਸਾਲ ਮਨਾਇਆ ਜਾਂਦਾ ਹੈ। ਪਲਾਸਟਿਕ ਦੇ ਕਚਰੇ ਨੂੰ ਸੜਨ 'ਚ ਹਜ਼ਾਰਾਂ ਸਾਲ ਲੱਗਦੇ ਹਨ। ਇਸ ਲਈ ਇਕ ਹੀ ਵਾਰ ਵਰਤੇ ਜਾਣ ਪਲਾਸਟਿਕ ਬੈਗਾਂ ਦੇ ਬੁਰੇ ਪ੍ਰਭਾਵਾਂ ਨੂੰ ਸਮਝਣਾ ਜ਼ਰੂਰੀ ਹੈ। ਬਿਨਾਂ ਸ਼ੱਕ ਪੇਪਰ ਬੈਗ ਦੀ ਵਰਤੋਂ ਧਰਤੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਆ ਕਰਨ ਦਾ ਇਕ ਮਹੱਤਵਪੂਰਨ ਕਦਮ ਹੈ ਕਿਉਂਕਿ ਪੇਪਰ ਬੈਗ ਬਾਇਓਡੀਗ੍ਰੇਡੇਬਲ ਹੈ। ਉਨ੍ਹਾਂ ਨੇ ਸਮੂਹ ਵਿਦਿਆਰਥੀਆਂ ਤੇ ਸਟਾਫ ਨੂੰ ਪਲਾਸਟਿਕ ਬੈਗ ਦੀ ਥਾਂ ਪੇਪਰ ਬੈਗ ਦੀ ਵਰਤੋਂ ਲਈ ਪ੍ਰੇਰਿਆ।

# ਡਾ. ਚਰਨਜੀਤ ਸਿੰਘ ਵੱਲੋਂ ਹੜ੍ਹ ਪ੍ਰਭਾਵਤ ਪਿੰਡਾਂ ਦਾ ਦੌਰਾ



**ਚਮਕੌਰ ਸਾਹਿਬ , (ਗੁਰਵਿੰਦਰਪਾਲ ਸਿੰਘ ਬੋਬੀ)**- ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਸਮੂਹ ਮੰਤਰੀਆਂ ਅਤੇ ਵਿਧਾਇਕਾਂ ਵਲੋਂ ਆਪੋ ਆਪਣੇ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਕੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਦਾ ਹੱਲ ਕਰਨ ਲਈ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਸਬਾ ਬੇਲ, ਬਹਿਰਾਮਪੁਰ ਬੇਟ, ਪਿੰਡ ਮੱਕੋਵਾਲ ਅਤੇ ਸਿੰਘ ਭਗਵੰਤਪੁਰਾ ਪਿੰਡਾਂ ਦਾ ਦੌਰਾ ਕਰਦਿਆਂ ਜਿਨ੍ਹਾਂ ਦੇ ਮਕਾਨ ਡਿੱਗੇ ਹਨ, ਨੂੰ ਦਿਲਾਸਾ ਦਿੰਦਿਆਂ ਪੰਜਾਬ ਸਰਕਾਰ ਵੱਲੋਂ ਜਲਦੀ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦਿਵਾਉਣ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਪਿੰਡ ਸਿੰਘ ਭਗਵੰਤਪੁਰ ਵਿਖੇ ਲੋੜਵੰਦਾਂ ਨੂੰ ਰਾਸ਼ਨ ਵੀ ਵੰਡਿਆ। ਇਸ ਦੇ ਨਾਲ ਹੀ ਹਲਕੇ ਦੀਆਂ ਟੁੱਟੀਆਂ ਸੜਕਾਂ ਦਾ ਵੀ ਮੁਆਇਨਾ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਦੀ ਮੁਰੰਮਤ ਲਈ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਵੀ ਕੀਤੀਆਂ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਇਸ ਮੁਸ਼ਕਲ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ ਤੇ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸਮਾਂ ਰਾਜਨੀਤੀ ਕਰਨ ਦਾ ਨਹੀਂ ਸਗੋਂ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਕਰਨ ਦਾ ਹੈ। ਉਨ੍ਹਾਂ ਕਸਬਾ ਬੇਲਾ ਅਤੇ ਬਹਿਰਾਮਪੁਰ ਬੇਟ ਵਿਖੇ ਹੋਏ ਨੁਕਸਾਨ ਦਾ ਜਾਇਜ਼ਾ ਲੈਂਦਿਆ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਵੀ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਉਨ੍ਹਾਂ ਨੂੰ ਫੋਨ 'ਤੇ ਸੂਚਿਤ ਕਰ ਸਕਦੇ ਹਨ । ਉਨ੍ਹਾਂ ਕਿਹਾ ਕਿ ਹੁਣ ਰਾਹਤ ਦੀ ਗੱਲ ਹੈ ਕਿ ਪਾਣੀ ਦਾ ਪੱਧਰ ਘਟ ਰਿਹਾ ਹੈ ਅਤੇ ਇਸ ਤੋਂ ਬਾਅਦ ਬਿਮਾਰੀਆਂ ਫੈਲਣ ਦਾ ਖਦਸ਼ਾ ਰਹਿੰਦਾ ਹੈ, ਇਸ ਲਈ ਸਿਹਤ ਵਿਭਾਗ ਵੱਲੋਂ ਜਾਰੀ ਕੀਤੀ ਐਡਵਾਈਜ਼ਰੀ ਦੀ ਪਾਲਣਾ ਜ਼ਰੂਰ ਕੀਤੀ ਜਾਵੇ। ਇਸ ਮੌਕੇ ਚੇਅਰਮੈਨ ਐਨ ਪੀ ਰਾਣਾ, ਗੁਰਨਾਮ ਸਿੰਘ, ਪਰਮਜੀਤ ਸਿੰਘ, ਮੋਹਨ ਸਿੰਘ ਅਤੇ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ ।

## ਮੈਡੀਕਲ ਕੈਂਪਾਂ ਦਾ ਸਿਵਲ ਸਰਜਨ ਵੱਲੋਂ ਨਿਰੀਖਣ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਿਵਲ ਸਰਜਨ ਰੂਪਨਗਰ ਡਾ. ਪਰਮਿੰਦਰ ਕੁਮਾਰ ਵੱਲੋਂ ਚਮਕੌਰ ਸਾਹਿਬ ਵਿਖੇ ਗਾਂਧੀ ਚੌਕ ਵਿਖੇ ਹੜ੍ਹ ਪੀੜਤਾਂ ਲਈ ਲਗਾਏ ਗਏ ਮੈਡੀਕਲ ਕੈਂਪ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾ ਮੈਡੀਕਲ ਕੈਂਪ ਵਿਖੇ ਆਏ ਲੋਕਾਂ ਦਾ ਹਾਲ ਚਾਲ ਜਾਣਿਆ ਅਤੇ ਗੱਲਬਾਤ ਕਰਕੇ ਜਾਣਨ ਦੀ ਕੋਸ਼ਿਸ਼ ਕੀਤੀ ਕਿ ਲੋਕਾਂ ਨੂੰ ਸਿਹਤ ਸਹੂਲਤਾਂ ਜ਼ਮੀਨੀ ਪੱਧਰ ਤੇ ਮਿਲਣੀਆਂ ਸੁਨਿਸਚਿਤ ਕੀਤੀਆਂ ਜਾ ਸਕਣ। ਉਨ੍ਹਾ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਹਰ ਇੱਕ ਲੋੜਵੰਦ ਤੱਕ ਸਿਹਤ ਸੇਵਾ ਅਤੇ ਸਿਹਤ ਸਿੱਖਿਆ ਪਹੁੰਚਾਈ ਜਾਵੇ। ਦਵਾਈਆਂ ਅਤੇ ਟੈਸਟਾਂ ਸੰਬੰਧੀ ਕੋਈ ਵੀ ਜ਼ਰੂਰਤ ਤੁਰੰਤ ਆਪਣੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦੀ ਜਾਵੇ ਤਾਂ ਜੋ ਸਮਾਂ ਰਹਿੰਦੇ ਜ਼ਰੂਰੀ ਇੰਤਜ਼ਾਮ ਕੀਤੇ ਜਾ ਸਕਣ ਅਤੇ ਲੋੜ ਅਨੁਸਾਰ ਕੈਂਪਾਂ ਦੀ ਗਿਣਤੀ ਅਤੇ ਸਮਾਂ ਵਧਾਇਆ ਜਾਵੇ। ਇਸ ਉਪਰੰਤ ਉਨ੍ਹਾ ਪਿੰਡ ਕਮਾਲਪੁਰ ਵਿਖੇ ਹੜ੍ਹ ਪੀੜਤਾਂ ਲਈ ਲਗਾਏ ਗਏ ਮੈਡੀਕਲ ਕੈਂਪ ਦਾ ਨਿਰੀਖਣ ਕੀਤਾ ਗਿਆ ਅਤੇ ਲੋਕਾਂ ਨੂੰ ਓ.ਆਰ.ਐਸ. ਦੇ ਪੈਕਟ ਵੀ ਵੰਡੇ ਗਏ। ਇਸ ਤੋਂ ਇਲਾਵਾ ਸਿਵਲ ਸਰਜਨ ਰੂਪਨਗਰ ਵੱਲੋਂ ਕਮਿਊਨਿਟੀ ਸਿਹਤ ਕੇਂਦਰ ਚਮਕੌਰ ਸਾਹਿਬ ਵਿਖੇ ਕੀਤੇ ਗਏ ਇੰਤਜ਼ਾਮਾਂ ਦਾ ਵੀ ਜਾਇਜ਼ਾ ਲਿਆ ਅਤੇ ਹਦਾਇਤ ਕੀਤੀ ਕਿ ਕਿਸੇ ਵੀ ਐਮਰਜੰਸੀ ਨੂੰ ਨਜਿੱਠਣ ਲਈ ਸਾਰੇ ਇੰਤਜਾਮ ਦਰੁਸਤ ਰੱਖੇ ਜਾਣ। ਇਸ ਮੌਕੇ ਐਸ.ਐਮ.ਓ. ਚਮਕੌਰ ਸਾਹਿਬ ਡਾ. ਗੋਬਿੰਦ ਟੰਡਨ, ਐਸ.ਐਮ.ਓ. ਡਾ. ਅਨੰਦ ਘਈ ਸਟੈਨੋ ਹਰਜਿੰਦਰ ਸਿੰਘ, ਬੀ.ਈ.ਈ. ਹਰਵਿੰਦਰ ਸਿੰਘ, ਗਿਆਨ ਚੰਦ , ਸਿਹਤ ਵਿਭਾਗ ਦਾ ਅਮਲਾ ਅਤੇ ਆਮ ਲੋਕ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਵੈੱਲਫੇਅਰ ਸੁਸਾਇਟੀ ਮਾਨਵਤਾ ਦੀ ਸੇਵਾ ਲਈ ਹਮੇਸ਼ਾ ਤਿਆਰ : ਪਲਾਚੱਕ





**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਬੀਤੇ ਦਿਨਾਂ 'ਚ ਭਾਰੀ ਬਾਰਿਸ਼ ਹੋਣ ਕਾਰਨ ਅਤੇ ਡੈਮਾਂ 'ਚੋਂ ਪਾਣੀ ਛੱਡਣ ਕਾਰਨ ਜਿੱਥੇ ਪੰਜਾਬ ਵਿੱਚ ਹੜ੍ਹ ਵਰਗਾ ਮਾਹੌਲ ਬਣਿਆ ਹੋਇਆ ਹੈ ਉਥੇ ਗਿੱਦੜ ਪਿੰਡ ਅਤੇ ਉਸ ਦੇ ਲਾਗਲੇ ਪਿੰਡਾਂ 'ਚ ਪਾਣੀ ਆਉਣ ਕਾਰਨ ਲੋਕਾਂ ਨੂੰ ਖਾਣ ਪੀਣ ਦੇ ਲਾਲੇ ਪਏ ਹੋਏ ਹਨ। ਅਜਿਹੇ ਮੌਕੇ ਲੋਕਾਂ ਦੀ ਸਹਾਇਤਾਂ ਵਜੋਂ ਉਨ੍ਹਾਂ ਨੂੰ ਰਾਸ਼ਨ ਸਮੱਗਰੀ, ਪੀਣ ਵਾਲੇ ਪਾਣੀ ਤੋਂ ਇਲਾਵਾ ਹੋਰ ਸਹਾਇਤਾ ਮੁਹੱਈਆ ਕਰਵਾਉਣ ਲਈ ਸ਼ਹੀਦ ਭਗਤ ਸਿੰਘ ਵੈੱਲਫੇਅਰ ਸੁਸਾਇਟੀ ਵੱਲੋਂ ਅਤਵਾਰ ਸਿੰਘ ਪਲਾਚੱਕ ਦੀ ਅਗਵਾਈ 'ਚ 500 ਪਰਵਾਰਾਂ ਨੂੰ ਸਹਾਇਤਾ ਪਹੁੰਚਾਉਣ ਲਈ ਪ੍ਰਭਜੋਤ ਸਿੰਘ ਰਲਣ, ਮਨਪ੍ਰੀਤ ਸਿੰਘ ਝਾਵਾਂ, ਅਭੀਜੋਤ ਸਿੰਘ ਪਲਾਚੱਕ, ਗੁਰਪ੍ਰੀਤ ਸਿੰਘ ਬਾਲਾ, ਮੰਨਾ ਢਿੱਲੋਂ, ਹਰਦੀਪ ਸਿੰਘ ਭੋਗਪੁਰ, ਗੁਰਪ੍ਰੀਤ ਸਿੰਘ ਖੁਰਦਾਂ ਤੇ ਹੋਰ ਸੁਸਾਇਟੀ ਮੈਂਬਰਾਂ ਨੇ ਹੜ੍ਹ ਪੀੜਤ ਇਲਾਕੇ 'ਚ ਜਾ ਕੇ ਲੋਕਾਂ ਦੀ ਸਹਾਇਤਾ ਕੀਤੀ। ਅਤਵਾਰ ਸਿੰਘ ਪਲਾਚੱਕ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਵੈੱਲਫੇਅਰ ਸੁਸਾਇਟੀ ਪਰਵਾਸੀ ਭਾਰਤੀਆਂ ਅਤੇ ਹੋਰ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ ਮਾਨਵਤਾ ਦੀ ਸੇਵਾ ਲਈ ਹਮੇਸ਼ਾ ਤਿਆਰ-ਬ-ਤਿਆਰ ਰਹਿੰਦੀ ਹੈ ਅਤੇ ਜ਼ਰੂਰਤ ਅਨੁਸਾਰ ਪੀੜਤਾਂ ਨੂੰ ਰਾਸ਼ਨ ਸਮੱਗਰੀ ਤੇ ਹੋਰ ਹਰ ਤਰ੍ਹਾਂ ਦੀ ਸਹਾਇਤਾ ਪਹੁੰਚਾਉਂਦੀ ਹੈ। ਉਨ੍ਹਾਂ ਕਿਹਾ ਕਿ ਅਸੀਂ 500 ਪਰਵਾਰਾਂ ਲਈ ਰਾਸ਼ਨ ਸਮੱਗਰੀ ਤੇ ਪੀਣ ਵਾਲੇ ਪਾਣੀ ਤੋਂ ਇਲਾਵਾ ਬੱਚਿਆਂ ਲਈ ਦੁੱਧ ਅਤੇ ਬਿਮਾਰਾਂ ਵਾਸਤੇ ਦਵਾਈਆਂ ਲੈ ਕੇ ਗਏ ਸੀ ਤਾਂ ਜੋ ਲੋੜਵੰਦ ਪਰਵਾਰਾਂ ਤੇ ਮਰੀਜਾਂ ਨੂੰ ਹਰ ਪੱਖੋਂ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਔਖੇ ਵੇਲੇ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਜੇਕਰ ਹਰ ਇਨਸਾਨ ਆਪਣੀ ਨੇਕ ਕਮਾਈ ਦਾ ਕੁਝ ਹਿੱਸਾ ਸਹਾਇਤਾ ਵਜੋਂ ਦੇਵੇ ਤਾਂ ਇਸ ਕੁਦਰਤੀ ਆਫਤ ਦੀ ਘੜੀ 'ਚ ਫਸੇ ਪਰਵਾਰਾਂ ਨੂੰ ਕੁਝ ਕੁ ਰਾਹਤ ਮਿਲ ਸਕੇਗੀ ਅਤੇ ਇਹ ਮੁਸ਼ਕਲ ਘੜੀ ਵੀ ਆਸਾਨੀ ਨਾਲ ਗੁਜਰ ਜਾਵੇਗੀ। ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਜਾਣਕਾਰੀ ਪ੍ਰਾਪਤ ਹੋਣ 'ਤੇ ਹਸਪਤਾਲਾਂ 'ਚ ਦਾਖਲ ਮਰੀਜਾਂ ਨੂੰ ਜ਼ਰੂਰਤ ਅਨੁਸਾਰ ਖੂਨ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਜੋ ਮੌਤ ਨਾਲ ਜੂਝ ਰਹੀ ਕੀਮਤੀ ਜ਼ਿੰਦਗੀਆਂ ਨੂੰ ਸਮੇਂ ਰਹਿੰਦੇ ਬਚਾਇਆਂ ਜਾ ਸਕੇ। ਉਨ੍ਹਾਂ ਹੜ੍ਹ ਪੀੜਤ ਇਲਾਕੇ 'ਚ ਜ਼ਰੂਰਤਮੰਦਾਂ ਦੀ ਮਦਦ ਕਰਨ ਵਿੱਚ ਸਹਿਯੋਗ ਦੇਣ ਵਾਲੇ ਪ੍ਰਵਾਸੀ ਭਾਰਤੀ ਅਤੇ ਦਾਨੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## 'ਆਪ' ਦੀ ਸਟਿਪਣੀ ਬਣਨ 'ਤੇ ਕਾਂਗਰਸ ਨੂੰ ਵਧਾਈ: ਜੈਵੀਰ ਸ਼ੇਰਗਿੱਲ

**ਜਲੰਧਰ (ਸੁਰਿੰਦਰ ਕੁਮਾਰ)**- ਭਾਜਪਾ ਦੇ ਕੌਮੀ ਬੁਲਾਰੇ ਜੈਵੀਰ ਸ਼ੇਰਗਿੱਲ ਨੇ ਕਿਹਾ ਹੈ ਕਿ ਕਾਂਗਰਸ ਦੇ ਜਨਰਲ ਸਕੱਤਰ ਕੇ.ਸੀ ਵੇਣੂਗੋਪਾਲ ਵੱਲੋਂ 'ਆਪ' ਨੂੰ ਸਮਰਥਨ ਦੇਣ ਅਤੇ ਦਿੱਲੀ ਸਰਵਿਸਜ਼ ਆਰਡੀਨੈਂਸ ਦੇ ਹੱਕ ਵਿੱਚ ਨਾ ਹੋਣ ਦੇ ਐਲਾਨ ਨਾਲ ਇਹ ਹੁਣ ਅਧਿਕਾਰਤ ਤੌਰ 'ਤੇ ਸਪੱਸ਼ਟ ਹੋ ਗਿਆ ਹੈ ਕਿ 'ਆਪ' ਅਤੇ ਕਾਂਗਰਸ 'ਇਕ ਟੀਮ' ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਹੁਣ 'ਆਪ' ਦੀ ਸਟਿਪਣੀ ਬਣ ਗਈ ਹੈ ਅਤੇ ਇਸ ਤੋਂ ਸਪੱਸ਼ਟ ਹੈ ਕਿ ਇਹ ਦੋਵੇਂ ਪਾਰਟੀਆਂ ਫਿਕਸ ਮੈਚ ਖੇਡ ਰਹੀਆਂ ਹਨ।

ਸ਼ੇਰਗਿੱਲ ਨੇ ਇਹ ਵੀ ਕਿਹਾ ਕਿ ਕਾਂਗਰਸ ਹਾਈ ਕਮਾਂਡ ਦੇ ਇਸ ਫੈਸਲੇ ਨਾਲ ਪੰਜਾਬ ਕਾਂਗਰਸ ਦਾ ਮਜ਼ਾਕ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ, ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਨੇ ਕਈ ਪ੍ਰੈਸ ਕਾਨਫਰੰਸਾਂ ਕਰਕੇ ਸਪੱਸ਼ਟ ਤੌਰ 'ਤੇ ਮੰਗ ਕੀਤੀ ਸੀ ਕਿ ਪਾਰਟੀ ਨੂੰ ਦਿੱਲੀ ਵਿੱਚ ਐਡਮਿਨਿਸਟਰੇਸ਼ਨ ਆਫ ਸਰਵਿਸਜ਼ ਬਾਰੇ ਕੇਂਦਰ ਦੇ ਆਰਡੀਨੈਂਸ ਦੇ ਮੁੱਦੇ 'ਤੇ 'ਆਪ' ਦਾ ਸਮਰਥਨ ਨਹੀਂ ਕਰਨਾ ਚਾਹੀਦਾ, ਪਰ ਕਾਂਗਰਸ ਹਾਈ ਕਮਾਂਡ ਨੇ ਉਨ੍ਹਾਂ ਦੀ ਮੰਗ ਨੂੰ ਨਜਰਅੰਦਾਜ਼ ਕਰਕੇ ਸਪੱਸ਼ਟ ਤੌਰ 'ਤੇ ਉਨ੍ਹਾਂ ਦਾ ਅਪਮਾਨ ਕੀਤਾ ਹੈ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਏ.ਆਈ.ਸੀ.ਸੀ ਵਿੱਚ ਪੰਜਾਬ ਇਕਾਈ ਦੀ ਕੋਈ ਪਰਵਾਹ ਨਹੀਂ ਕਰਦਾ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਹੁਣ 'ਆਪ' ਦੀਆਂ ਪੰਜਾਬ ਵਿਰੋਧੀ ਨੀਤੀਆਂ 'ਤੇ ਸਵਾਲ ਉਠਾਉਣ ਦਾ ਹੱਕ ਗੁਆ ਚੁੱਕੀ ਹੈ। ਸ਼ੇਰਗਿੱਲ ਨੇ ਖੁਲਾਸਾ ਕੀਤਾ ਕਿ ਕਾਂਗਰਸ ਵੱਲੋਂ 'ਆਪ' ਨੂੰ ਸਮਰਥਨ ਦੇਣ ਦਾ ਇਹ ਕਦਮ ਕਾਂਗਰਸ ਪਾਰਟੀ ਦੀ ਸਿਆਸੀ ਨਿਰਾਸ਼ਾ ਅਤੇ ਇਸ ਦੇ ਦੋਹਰੇ ਮਾਪਦੰਡਾਂ ਨੂੰ ਦਰਸਾਉਂਦਾ ਹੈ। ਇਕ ਪਾਸੇ 'ਆਪ' ਪੰਜਾਬ 'ਚ ਕਾਂਗਰਸ ਦੇ ਨੇਤਾਵਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ 'ਚ ਗ੍ਰਿਫਤਾਰ ਕਰ ਰਹੀ ਹੈ ਅਤੇ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਨੂੰ ਖੁੱਲ੍ਹੇਆਮ ਭ੍ਰਿਸ਼ਟ ਬ੍ਰਿਗੇਡ ਕਿਹਾ ਹੈ। ਦੂਜੇ ਪਾਸੇ ਦਿੱਲੀ ਸ਼ਰਾਬ ਘੁਟਾਲੇ 'ਚ 'ਆਪ' ਆਗੂਆਂ ਦੀ ਗ੍ਰਿਫਤਾਰੀ 'ਤੇ ਕਾਂਗਰਸ ਨੇ ਜਸ਼ਨ ਮਨਾਇਆ ਹੈ। ਇਸ ਸਭ ਦੇ ਬਾਵਜੂਦ ਇਨ੍ਹਾਂ ਨੇ ਹੱਥ ਮਿਲਾ ਲਿਆ ਹੈ। ਇਸ ਫੈਸਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕਾਂਗਰਸ ਪੰਜਾਬ ਦੇ ਲੋਕਾਂ ਨਾਲ ਨਹੀਂ ਹੈ ਅਤੇ ਸੱਤਾ ਦੇ ਲਾਲਚ 'ਚ 'ਆਪ' ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲਈ ਭਾਜਪਾ ਹੀ ਇੱਕੋ ਇੱਕ ਵਿਕਲਪ ਹੈ।

18-JULY-PAGE-10.qxd 7/17/2023 10:35 PM Page 1



# ਸਰਕਾਰ ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ 'ਚ ਲਾਗੂ ਕਰੇ : ਆਗੂ

**■ 21 ਨੂੰ ਸੰਗਰੂਰ 'ਚ ਵਿੱਤ ਮੰਤਰੀ ਦੇ ਘਰ ਵੱਲ ਕੀਤਾ ਜਾਵੇਗਾ ਰੋਸ ਮਾਰਚ**

**ਧੂਰੀ (ਸੁਖਦੇਵ ਧੂਰੀ)**-ਪੰਜਾਬ ਦੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ 01-01-2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨਾਲ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਮੁਲਾਜ਼ਮਾਂ ਉਪਰ ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਤੁਰੰਤ ਲਾਗੂ ਕੀਤੀ ਜਾਵੇਗੀ, ਪਰ ਪੰਜਾਬ ਸਰਕਾਰ ਵੱਲੋਂ ਲਗਭਗ ਸਵਾ ਸਾਲ ਪੂਰਾ ਹੋਣ ਤੋਂ ਬਾਅਦ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਗਈ। ਇਸ ਸਬੰਧੀ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਦੇ ਸੂਬਾਈ ਕਨਵੀਨਰ ਗੁਰਜੰਟ ਸਿੰਘ ਕੋਕਰੀ ਕਲਾਂ, ਕੋ-ਕਨਵੀਨਰ ਰਣਦੀਪ ਸਿੰਘ ਸ੍ਰੀ ਫਤਹਿਗੜ੍ਹ ਸਾਹਿਬ, ਟਹਿਲ ਸਿੰਘ ਸਰਾਭਾ, ਚਰਨ ਸਰਾਭਾ, ਪਸਸਫ 1680-22 ਦੇ ਸੂਬਾਈ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਗੁਰਪ੍ਰੀਤ ਸਿੰਘ ਮੰਗਵਾਲ, ਮੇਲਾ ਸਿੰਘ ਪੁੰਨਾਵਾਲ, ਸੀਤਾ ਰਾਮ ਸ਼ਰਮਾ, ਹੰਸ ਰਾਜ ਦੀਦਾਰਗੜ੍ਹ ਆਗੂਆਂ ਵੱਲੋਂ ਮੀਟਿੰਗ ਕਰਕੇ ਸਾਂਝਾ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਪੰਜਾਬ ਸਰਕਾਰ ਦੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ 18 ਨਵੰਬਰ 2022 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਅਧੂਰਾ ਨੋਟੀਫਿਕੇਸ਼ਨ ਕਰਾਰ ਦਿੱਤਾ ਗਿਆ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਈ ਹੋਰ ਰਾਜਾਂ ਵਿੱਚ ਭੇਜੀਆਂ ਕਮੇਟੀਆਂ ਦੀ ਸਖਤ ਨਿੰਦਾ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੇ ਮਸਲੇ ਨੂੰ ਹੋਰ ਉਲਝਾਉਣ ਦੀ ਬਜਾਏ 1 ਜਨਵਰੀ 2004 ਤੋਂ ਪਹਿਲਾਂ ਭਰਤੀ ਮੁਲਾਜ਼ਮਾਂ ਲਈ ਲਾਗੂ ਪੁਰਾਣੀ ਪੈਨਸ਼ਨ ਸਕੀਮ ਤੇ 1972 ਦੇ ਪੈਨਸ਼ਨ ਨਿਯਮ ਅਨੁਸਾਰ ਇੰਨ ਬਿੰਨ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਇਹ ਮੰਗ ਵੀ ਕੀਤੀ ਗਈ ਕਿ ਤਤਕਾਲ ਸਮੇਂ ਤੋਂ ਹੀ ਐੱਨ ਪੀ ਐੱਸ ਮੁਲਾਜ਼ਮਾਂ ਦੇ ਜੀ.ਪੀ.ਐੱਫ. ਨੰਬਰ/ਖਾਤੇ ਅਲਾਟ ਕੀਤੇ ਜਾਣ ਤੇ ਮੁਲਾਜ਼ਮਾਂ ਦੀ 10% ਕੰਟਰੀਬਿਊਸ਼ਨ ਬੰਦ ਕਰਕੇ ਜੀ.ਪੀ.ਐੱਫ. ਕਟੌਤੀ ਸ਼ੁਰੂ ਕੀਤੀ ਜਾਵੇ। ਮੋਰਚੇ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਕੇਵਲ ਇੱਕ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਿਸ ਅਨੁਸਾਰ ਪੰਜਾਬ ਵਿੱਚ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਗਈ ਹੈ, ਪਰ ਪੰਜਾਬ ਵਿੱਚ 01-01-2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਵਿੱਚੋਂ ਹਾਲੇ ਤੱਕ ਇੱਕ ਵੀ ਮੁਲਾਜ਼ਮ ਜੀ ਪੀ ਐੱਫ ਖਾਤਾ ਨਹੀਂ ਖੋਲ੍ਹਿਆ ਗਿਆ ਤੇ ਹੁਣੇ-ਹੁਣੇ ਪੰਜਾਬ ਸਰਕਾਰ ਵੱਲੋਂ ਭਰਤੀ ਕੀਤੇ ਗਏ ਮੁਲਾਜ਼ਮਾਂ ਉੱਪਰ ਵੀ ਨਵੀਂ ਪੈਨਸ਼ਨ ਸਕੀਮ ਲਾਗੂ ਕੀਤੀ ਜਾ ਰਹੀ ਹੈ, ਜਿਸ ਨਾਲ ਮੁਲਾਜ਼ਮ ਵਰਗ 'ਚ ਭਾਰੀ ਰੋਸ ਵਧ ਗਿਆ ਹੈ। ਆਗੂਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਵਿੱਤ ਮੰਤਰੀ ਸ੍ਰ. ਹਰਪਾਲ ਸਿੰਘ ਚੀਮਾ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਬਜਾਏ ਨਵੀਆਂ ਨਵੀਆਂ ਕਮੇਟੀਆਂ ਬਣਾ ਕੇ ਇਸ ਕੰਮ ਨੂੰ ਹੋਰ ਲਮਕਾਇਆ ਜਾ ਰਿਹਾ ਹੈ, ਜਿਸ ਨਾਲ ਪੰਜਾਬ ਸਰਕਾਰ ਦੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਾ ਕਰਨ ਦੀ ਮਨਸਾ ਸਪੱਸ਼ਟ ਹੋ ਰਹੀ ਹੈ। ਵਿੱਤ ਮੰਤਰੀ ਵੱਲੋਂ ਨਵਾਂ ਪੈਨਸ਼ਨ ਮਾਡਲ ਤਿਆਰ ਕਰਨ ਦਾ ਬਿਆਨ ਵੀ ਮੁਲਾਜ਼ਮ ਪੱਖੀ ਨਾ ਹੋ ਕੇ, ਸਰਮਾਏਦਾਰੀ ਪੱਖੀ ਹੈ। ਆਗੂਆਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਘਰ ਵੱਲ 21 ਜੁਲਾਈ 2023 ਨੂੰ ਮੋਰਚੇ ਦੇ ਸਮੂਹਕ ਵਫਦ ਵੱਲੋਂ ਕਾਲੇ ਚੋਲੇ ਪਾ ਕੇ ਇੰਨ ਬਿੰਨ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਵਾਅਦਾ ਪੂਰਾ ਨਾ ਕਰਨ ਦੇ ਰੋਸ ਵਜੋਂ ਤਿੱਖਾ ਪ੍ਰਦਰਸ਼ਨ ਕੀਤਾ ਜਾਵੇਗਾ।

## ਆਰਟ ਆਫ ਲਿਵਿੰਗ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਾਹਤ ਸਮਗਰੀ ਰਵਾਨਾ

*ਇਸ ਮੁਸ਼ਕਲ ਦੌਰ 'ਚ ਵਧ-ਚੜ੍ਹ ਕੇ ਮਦਦ ਲਈ ਅੱਗੇ ਆਉਣ ਦੀ ਲੋੜ : ਮਨਪ੍ਰੀਤ ਲੂੰਬਾ*



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਵਿਸ਼ਵ ਪ੍ਰਸਿੱਧ ਆਰਟ ਆਫ ਲਿਵਿੰਗ ਸੰਸਥਾ ਦੇ ਮੈਂਬਰ ਹਮੇਸ਼ਾ ਲੋਕ ਕਲਿਆਣ ਦੇ ਕਾਰਜਾਂ ਵਿੱਚ ਤਿਆਰ ਬਰ ਤਿਆਰ ਰਹਿੰਦੇ ਹਨ। ਦੇਸ਼ ਭਰ ਵਿੱਚ ਹੜ੍ਹਾਂ ਦੇ ਮਾਰੂ ਪ੍ਰਭਾਵ ਨੂੰ ਦੇਖਦੇ ਹੋਏ ਆਰਟ ਆਫ ਲਿਵਿੰਗ ਵੱਲੋਂ ਰਾਹਤ ਸਮੱਗਰੀ ਦੀ ਪਹਿਲੀ ਖੇਪ ਫਰੀਦਕੋਟ ਤੋਂ ਰਵਾਨਾ ਕੀਤੀ ਗਈ। ਸੰਸਥਾ ਦੀ ਅਗਵਾਈ ਕਰ ਰਹੇ ਮਨਪ੍ਰੀਤ ਲੂੰਬਾ ਖੁਦ ਸਤਲੁਜ ਦੇ ਲਾਗਲੇ ਪਿੰਡਾਂ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਰੂਰਤ ਦਾ ਸਾਮਾਨ ਲੈ ਕੇ ਜਾਣਗੇ। ਸਾਮਾਨ ਵਿੱਚ ਲੋੜੀਂਦੀਆਂ ਵਸਤਾਂ ਦਵਾਈਆਂ, ਪਾਣੀ, ਖੰਡ, ਚਾਹ ਪੱਤੀ, ਬਿਸਕੁਟ, ਰਸ, ਮੱਛਰਦਾਨੀਆਂ, ਮੋਮਬੱਤੀਆਂ, ਸੈਨਟਰੀ ਪੈਡ, ਆਦਿ ਸ਼ਾਮਲ ਹਨ। ਮਨਪ੍ਰੀਤ ਲੂੰਬਾ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਫਸੇ ਲੋਕਾਂ ਨੂੰ ਸਾਡੇ ਵੱਲੋਂ ਰਾਹਤ ਦੀ ਉਮੀਦ ਹੈ। ਹਰ ਇਨਸਾਨ ਨੂੰ ਕੁਦਰਤੀ ਆਪਦਾ ਦੇ ਮੁਸ਼ਕਲ ਦੌਰ ਵਿੱਚ ਵੱਧ ਚੜ੍ਹ ਕੇ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾ ਦੱਸਿਆ ਕਿ ਆਪਣਾ ਘਰ ਬਾਰ ਛੱਡ ਕੇ ਕੈਂਪਾਂ ਵਿੱਚ ਬੈਠੇ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਲਈ ਕੈਂਪਾਂ ਵਿੱਚ ਟਰੋਮਾ ਰਿਲੀਫ ਪ੍ਰੋਗਰਾਮ ਵੀ ਚਲਾਏ ਜਾਣਗੇ।

# ਭੀਖੀ ਇਲਾਕੇ ਦੇ 7 ਮੈਂਬਰ ਜ਼ਿਲ੍ਹਾ ਕਾਂਗਰਸ ਦੇ ਜਨਰਲ ਸਕੱਤਰ ਨਿਯੁਕਤ

**■ ਨਵੀਂਆਂ ਨਿਯੁਕਤੀਆਂ ਨਾਲ ਕਾਂਗਰਸ ਹੋਰ ਮਜ਼ਬੂਤ ਹੋਵੇਗੀ : ਗਾਗੋਵਾਲ**



ਕਾਂਗਰਸ ਪਾਰਟੀ ਦੇ ਨਵਨਿਯਕਤ ਜ਼ਿਲ੍ਹਾ ਅਹੁਦੇਦਾਰ।

**ਭੀਖੀ (ਧਰਮਵੀਰ ਸ਼ਰਮਾ)**

ਪੰਜਾਬ ਪ੍ਰਦੇਸ਼ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਸਿੰਘ ਮਾਇਕਲ ਗਾਗੋਵਾਲ ਵੱਲੋਂ ਜ਼ਿਲ੍ਹੇ ਅੰਦਰ ਕੀਤੀਆਂ ਗਈਆਂ ਨਵੀਆਂ ਨਿਯੁਕਤੀਆਂ ਤਹਿਤ ਭੀਖੀ ਨੂੰ ਵੀ ਢੁੱਕਵਾਂ ਸਥਾਨ ਦਿੱਤਾ ਗਿਆ ਹੈ। ਇਨ੍ਹਾਂ ਨਿਯੁਕਤੀਆਂ ਤਹਿਤ ਸਾਬਕਾ ਐੱਮ ਸੀ ਮੱਖਣ ਹਾਜੀ, ਸੰਦੀਪ ਮਹਿਤਾ, ਜਰਨੈਲ ਸਿੰਘ ਢਿੱਲੋਂ, ਜਸਵੀਰ ਸਿੰਘ ਖੀਵਾ, ਪਵਨ ਕੁਮਾਰ ਮੱਤੀ, ਰਾਏ ਸਿੰਘ ਗੁੜਥੜੀ ਤੇ ਧੰਨਜੀਤ ਸਿੰਘ ਢੈਪਈ ਨੂੰ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਉਕਤ ਨਵਨਿਯੁਕਤ ਜ਼ਿਲ੍ਹਾ ਜਨਰਲ ਸਕੱਤਰਾਂ ਨੇ ਕਿਹਾ ਕਿ ਉਹ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਸਿੰਘ ਮਾਇਕਲ ਗਾਗੋਵਾਲ ਨੇ ਕਿਹਾ ਕਿ ਇਨ੍ਹਾਂ ਨਵੀਆਂ ਨਿਯੁਕਤੀਆਂ ਨਾਲ ਜ਼ਿਲ੍ਹੇ ਅੰਦਰ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਵੇਗੀ ਤੇ ਅਗਾਮੀ ਲੋਕ ਸਭਾ ਚੋਣਾਂ ਵਿੱਚ ਪਾਰਟੀ ਆਪਣੀ ਜਿੱਤ ਦਾ ਮੁੱਢ ਬੰਨ੍ਹੇਗੀ। ਇਸ ਮੌਕੇ ਸੁਖਦੇਵ ਸਿੰਘ ਸੁੱਖਾ ਮਹੰਤ, ਵਿਕਾਸ ਸ਼ਰਮਾ ਵਿੱਕੀ, ਨੀਟਾ ਜੋਸ਼ੀ, ਵਿਨੋਦ ਗਾਂਧੀ, ਇੰਦਰਜੀਤ ਸਿੰਘ ਸਾਬਕਾ ਐੱਮ ਸੀ, ਮਲਕੀਤ ਸਿੰਘ ਸਾਬਕਾ ਐੱਮ ਸੀ, ਧੰਨਜੀਤ ਸਿੰਘ ਭੀਖੀ, ਅਮਰੀਕ ਸਿੰਘ, ਪ੍ਰੇਮ ਕੁਮਾਰ ਪ੍ਰੇਮਾ, ਅਵਤਾਰ ਸਿੰਘ ਤਾਰੀ ਸਰਪੰਚ, ਮਾਨਾ ਸਿੰਘ ਤੇ ਡਾ. ਦਰਸ਼ਨ ਸਿੰਘ ਨੇ ਕਿਹਾ ਕਿ ਉਹ ਉਕਤ ਆਗੂਆਂ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰਨਗੇ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਹੁਣ ਭਾਜਪਾ ਤੇ ਆਪ ਦੀਆਂ ਦਮਨਕਾਰੀ ਨੀਤੀਆਂ ਤੋਂ ਅੱਕ ਚੁੱਕੇ ਹਨ ਤੇ ਲੋਕ ਹੁਣ ਕਾਂਗਰਸ ਦੀ ਅਗਵਾਈ ਹਾਸਲ ਕਰਨ ਲਈ ਤਿਆਰ ਬੈਠੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਨੂੰ ਲੋਕਾਂ ਵਿੱਚ ਲਿਆਉਣ ਲਈ ਵੀ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਲੋਕ ਕਾਂਗਰਸ ਪਾਰਟੀ ਦਾ ਸਾਥ ਦੇਣ। ਇਸ ਮੌਕੇ ਬਲਵੀਰ ਸਿੰਘ ਪੰਚ, ਪ੍ਰੇਮ ਸਿੰਘ, ਨਿਰਮਲ ਸਿੰਘ, ਹੀਰਾ ਸਿੰਘ, ਮਿੰਦਰ ਫੌਜੀ, ਧੂੜਾ ਸਿੰਘ, ਮੀਤਾ ਸਿੰਘ, ਜਗਤਾਰ ਸਿੰਘ ਨੰਬਰਦਾਰ, ਰਾਜ ਪੰਡਤ, ਕਲੱਬ ਪ੍ਰਧਾਨ ਗੱਗੀ, ਪਰਵਿੰਦਰ ਨੰਬਰਦਾਰ ਤੇ ਰਾਜ ਸਿੰਘ ਭੁੱਲਰ ਨੇ ਵੀ ਉਕਤ ਨਿਯੁਕਤੀਆਂ 'ਤੇ ਖੁਸ਼ੀ ਪ੍ਰਗਟ ਕੀਤੀ ਹੈ।

## ਕਾਤਰਾਂ

### ਗੁਰਸਿੱਖ ਨੌਜਵਾਨ ਵਧ-ਚੜ੍ਹ ਕੇ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਵਾਉਣ : ਪੇਧਨੀ

**ਧੂਰੀ (ਸੁਖਦੇਵ ਧੂਰੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 12 ਸਾਲ ਬਾਅਦ ਹੋਣ ਜਾ ਰਹੀਆਂ ਚੋਣਾਂ ਦੀਆਂ ਤਿਆਰੀਆਂ ਹੁਣੇ ਤੋਂ ਹੀ ਸ਼ੁਰੂ ਹੋ ਚੁੱਕੀਆਂ ਹਨ। ਵੋਟਰ ਸੂਚੀਆਂ ਦੀ ਸੁਧਾਈ ਲਈ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ, ਜਿਸ ਨੂੰ ਲੈ ਕੇ ਸਿੱਖ ਕੌਮ ਵਿੱਚ ਬਹੁਤ ਹੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਧੂਰੀ ਤੋਂ ਅਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜਨ ਜਾ ਰਹੇ ਰਣਜੀਤ ਸਿੰਘ ਪੇਧਨੀ ਨੇ ਕਿਹਾ ਕਿ ਲੰਮੇ ਸਮੇਂ ਤੋਂ ਹੋ ਰਹੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਲਈ, ਗੁਰਦੁਆਰਿਆਂ ਦੇ ਚੰਗੇ ਪ੍ਰਬੰਧ ਲਈ, ਸਿਫਾਰਸ਼ੀ ਕਮਰਿਆਂ ਦੇ ਕਲਚਰ ਨੂੰ ਖਤਮ ਕਰਨ ਲਈ ਸਾਨੂੰ ਇੱਕਮੁੱਠ ਹੋ ਕੇ ਚੰਗੇ ਇਮਾਨਦਾਰ, ਅਜ਼ਾਦ ਸੋਚ ਵਾਲੇ ਨੌਜਵਾਨ ਚੁਣ ਕੇ ਸ਼੍ਰੋਮਣੀ ਕਮੇਟੀ ਵਿੱਚ ਭੇਜਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕੇਸਾਧਾਰੀ ਗੁਰਸਿੱਖ ਪਰਿਵਾਰ ਵਧ ਚੜ੍ਹ ਕੇ ਆਪਣੀਆਂ ਵੋਟਾਂ ਬਣਵਾਉਣ ਤੇ ਇਨ੍ਹਾਂ ਚੋਣਾਂ ਰਾਹੀਂ ਆਪਣੀ ਧਾਰਮਿਕ ਸੰਸਥਾ ਐੱਸ ਜੀ ਪੀ ਸੀ ਨੂੰ ਆਜ਼ਾਦ ਕਰਵਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣ।

### ਡਿਊਟੀ ਦੌਰਾਨ ਕਰਮਚਾਰੀਆਂ ਦੀ ਕੁੱਟਮਾਰ ਦੇ ਦੋਸ਼ 'ਚ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਵਿਖੇ ਪਾਵਰਕਾਮ ਕਰਮਚਾਰੀਆਂ ਦੀ ਕੁੱਟਮਾਰ ਕੀਤੇ ਜਾਣ ਦਾ ਇੱਕ ਮਾਮਲਾ ਸਾਹਮਣੇ ਆਇਆ ਹੈ। ਪਾਵਰਕਾਮ ਦੇ ਇੱਕ ਸੀਨੀਅਰ ਅਧਿਕਾਰੀ ਵੱਲੋਂ ਪੁਲਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਦੱਸਿਆ ਗਿਆ ਕਿ ਬੀਤੇ ਦਿਨੀਂ ਲਗਾਤਾਰ ਪਏ ਮੀਂਹ ਕਾਰਨ ਮੰਡੀ ਗੋਬਿੰਦਗੜ੍ਹ ਦੇ ਗਰੇਨ ਮਾਰਕੀਟ ਇਲਾਕੇ 'ਚ ਪੈਂਦੇ ਪਾਵਰਕਾਮ ਦੇ 66 ਕੇ.ਵੀ. ਗਰਿੱਡ ਤੇ ਬਿਜਲੀ ਘਰ 'ਚ ਪਾਣੀ ਦਾਖਲ ਹੋ ਗਿਆ ਸੀ, ਜਿਸ ਕਾਰਨ ਬਿਜਲੀ ਸਪਲਾਈ ਠੱਪ ਹੋ ਗਈ ਸੀ, ਜਿਸ ਨੂੰ ਮੁੜ ਬਹਾਲ ਕਰਨ ਲਈ ਪਾਵਰਕਾਮ ਮੁਲਾਜ਼ਮਾਂ ਵੱਲੋਂ ਨਗਰ ਕੌਂਸਲ ਦੇ ਸਹਿਯੋਗ ਨਾਲ ਗਰਿੱਡ 'ਚੋਂ ਪਾਣੀ ਦੀ ਨਿਕਾਸੀ ਕੀਤੀ ਜਾ ਰਹੀ ਸੀ ਤਾਂ ਰਾਤ ਨੂੰ ਕਰੀਬ 6/7 ਵਿਅਕਤੀ ਬਿਜਲੀ ਗਰਿੱਡ 'ਚ ਗਾਲੀ ਗਲੋਚ ਕਰਦੇ ਹੋਏ ਦਾਖਲ ਹੋ ਗਏ, ਜਿਨ੍ਹਾਂ ਵੱਲੋਂ ਡਿਊਟੀ 'ਤੇ ਤਾਇਨਾਤ ਪਾਵਰਕਾਮ ਕਰਮਚਾਰੀਆਂ ਦੀ ਕੁੱਟਮਾਰ ਕੀਤੀ ਗਈ। ਮੰਡੀ ਗੋਬਿੰਦਗੜ੍ਹ ਪੁਲਸ ਨੇ ਅਣਪਛਾਤਿਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

### ਜੈ ਮਾਂ ਚਿੰਤਪੁਰਨੀ ਲੰਗਰ ਸੇਵਾ ਦੇ ਦਫਤਰ ਦਾ ਉਦਘਾਟਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼ਹਿਰ ਦੇ ਫੈਕਟਰੀ ਰੋਡ ਨੇੜੇ ਮਾਰਕੀਟ ਵਿਖੇ ਪੰਜਾਬ ਮਹਾਵੀਰ ਦਲ, ਜੈ ਮਾਂ ਚਿੰਤਪੁਰਨੀ ਲੰਗਰ ਸੇਵਾ ਦੇ ਦਫਤਰ ਦਾ ਉਦਘਾਟਨ ਹੋਇਆ। ਉਦਘਾਟਨ ਸਮਾਰੋਹ ਮੌਕੇ ਆਮ ਆਦਮੀ ਪਾਰਟੀ ਤੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਭਾਜਪਾ ਵੱਲੋਂ ਸਰਕਲ-1 ਪ੍ਰਧਾਨ ਰਾਜ ਕੁਮਾਰ ਭਠੇਜਾ ਮੇਲੂ, ਸਰਕਲ-2 ਦੇ ਪ੍ਰਧਾਨ ਹਰੀਸ਼ ਵਾਟਸ, ਸਾਬਕਾ ਮੰਡਲ ਪ੍ਰਧਾਨ ਬ੍ਰਿਜੇਸ਼ ਗੁਪਤਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਦਘਾਟਨ ਸਮਾਰੋਹ ਤੋਂ ਪਹਿਲਾਂ ਕੰਜਕ ਪੂਜਨ ਹੋਇਆ। ਕੰਜਕ ਪੂਜਨ ਮਗਰੋਂ ਦਲ ਵੱਲੋਂ ਮਹਾਂਮਾਈ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਰਾਜ ਕੁਮਾਰ ਸਿਡਾਨਾ ਤੇ ਮੀਤ ਪ੍ਰਧਾਨ ਹੀਰਾ ਲਾਲ ਸ਼ਰਮਾ ਸਮੇਤ ਹੋਰ ਆਗੂਆਂ ਨੇ ਦੱਸਿਆ ਕਿ 27 ਤੋਂ 31 ਅਗਸਤ ਤੱਕ ਮਾਂ ਚਿੰਤਪੂਰਨੀ ਦਰਬਾਰ ਵਿਖੇ ਅਤੁੱਟ ਲੰਗਰ ਲਗਾਇਆ ਜਾਵੇਗਾ।

### ਜ਼ਿਲ੍ਹੇ ਦੇ 9 ਸਕੂਲਾਂ 'ਚ ਬੁੱਧਵਾਰ ਤੱਕ ਛੁੱਟੀਆਂ

**ਫਾਜ਼ਿਲਕਾ (ਨਿਸ਼ਾ ਸ਼ਰਮਾ, ਕ੍ਰਿਸ਼ਨ ਸਿੰਘ)**-ਜ਼ਿਲ੍ਹਾ ਮੈਜਿਸਟ੍ਰੇਟ ਡਾ: ਸੇਨੂ ਦੁੱਗਲ ਨੇ ਫੌਜਦਾਰੀ ਜਾਬਤਾ ਸੰਘਤਾ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਫਾਜ਼ਿਲਕਾ ਜ਼ਿਲ੍ਹੇ ਦੇ ਹੜ੍ਹ ਦੇ ਪਾਣੀ ਤੋਂ ਪ੍ਰਭਾਵਿਤ ਖੇਤਰਾਂ ਦੇ 9 ਸਰਕਾਰੀ ਸਕੂਲਾਂ ਨੂੰ ਬੁੱਧਵਾਰ (19 ਜੁਲਾਈ 2023 ਤੱਕ) ਬੰਦ ਰੱਖਣ ਦਾ ਹੁਕਮ ਦਿੱਤਾ ਹੈ, ਜਿਨ੍ਹਾਂ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੰਗੜ ਭੈਣੀ, ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬਾ ਭੈਣੀ, ਸਰਕਾਰੀ ਪ੍ਰਾਇਮਰੀ ਸਕੂਲ ਢਾਣੀ ਸੱਦਾ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਦੋਨਾ ਨਾਨਕਾ, ਸਰਕਾਰੀ ਪ੍ਰਾਇਮਰੀ ਸਕੂਲ ਤੇਜਾ ਰੁਹੇਲਾ, ਸਰਕਾਰੀ ਪ੍ਰਾਇਮਰੀ ਸਕੂਲ ਗੱਟੀ ਨੰਬਰ 1, ਸਰਕਾਰੀ ਪ੍ਰਾਇਮਰੀ ਸਕੂਲ ਮੁਹਾਰ ਜਮਸ਼ੇਰ, ਸਰਕਾਰੀ ਪ੍ਰਾਇਮਰੀ ਸਕੂਲ ਢਾਣੀ ਨੱਥਾ ਸਿੰਘ ਤੇ ਸਰਕਾਰੀ ਪ੍ਰਾਇਮਰੀ ਸਕੂਲ ਆਤੂ ਵਾਲਾ ਸ਼ਾਮਲ ਹਨ।

## ਪ੍ਰਿੰ. ਜਤਿੰਦਰ ਸ਼ਰਮਾ ਨੇ ਸੁਨੀਲ ਜਾਖੜ ਨੂੰ ਮਿਲ ਕੇ ਹਲਕਾ ਪਾਇਲ ਬਾਰੇ ਕੀਤੀ ਚਰਚਾ

**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਜਨਤਾ ਪਾਰਟੀ ਦੋਰਾਹਾ ਦੇ ਆਗੂ ਪ੍ਰਿੰਸੀਪਲ ਜਤਿੰਦਰ ਸ਼ਰਮਾ ਪਿਛਲੇ ਦਿਨੀਂ ਭਾਜਪਾ ਦੇ ਸੂਬਾ ਪ੍ਰਧਾਨ ਸ਼੍ਰੀ ਸੁਨੀਲ ਜਾਖੜ ਨੂੰ ਮਿਲੇ। ਇਸ ਨਿੱਘੀ ਮਿਲਣੀ ਦੌਰਾਨ ਦੋਵੇਂ ਆਗੂਆ ਨੇ ਹਲਕਾ ਪਾਇਲ ਦੀ ਰਾਜਸੀ ਸਥਿੱਤੀ ਉਪਰ ਬਾਰੀਕੀ ਨਾਲ ਚਰਚਾ ਕੀਤੀ। ਪ੍ਰਿੰ. ਸ਼ਰਮਾ ਨੇ ਸੂਬਾ ਪ੍ਰਧਾਨ ਨੂੰ ਬੁੱਕੇ ਦੇ ਕੇ ਪਾਰਟੀ ਦੀ ਵਾਗਡੋਰ ਸਾਂਭਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਸ਼ਰਮਾ ਨੇ ਦੱਸਿਆ ਕਿ ਖੁਸ਼ਗਵਾਰ ਮਹੌਲ ਵਿੱਚ ਜਾਖੜ ਸਾਹਿਬ ਨੇ ਖੁੱਲ੍ਹ ਕੇ ਦੋਰਾਹਾ ਸਮੇਤ ਹਲਕੇ ਦੀ ਭਗੋਲਿਕ ਸਥਿੱਤੀ ਤੇ ਰਾਜਨੀਤਕ ਗਲਿਆਰਿਆਂ ਦੀ ਜਾਣਕਾਰੀ ਹਾਸਲ ਕੀਤੀ। ਬਾਗੋ ਬਾਗ ਦਿਖ ਰਹੇ ਸੂਬਾ ਪ੍ਰਧਾਨ ਨੇ ਸ਼ਰਮਾ ਜੀ ਰਾਹੀਂ ਭਾਜਪਾ ਵਰਕਰਾਂ ਨੂੰ ਇਕਜੁੱਟਤਾ ਨਾਲ ਪਾਰਟੀ ਲਈ ਦ੍ਰਿੜਤਾ ਨਾਲ ਕੰਮ ਕਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾ ਪੰਜਾਬ ਅੰਦਰ ਹੜ੍ਹਾਂ ਦੀ ਮਾਰ ਝਲ ਰਹੇ ਕਿਸਾਨਾਂ, ਮਜ਼ਦੂਰਾਂ ਤੇ ਹਰ ਵਰਗ ਦੇ ਲੋਕਾਂ ਲਈ ਕੇਂਦਰ ਸਰਕਾਰ ਵੱਲੋਂ ਕਰੋੜਾਂ ਦੀ ਸਹਾਇਤਾ ਲਈ ਧੰਨਵਾਦ ਕੀਤਾ। ਕੇਂਦਰੀ ਦੀ ਭਾਜਪਾ ਸਰਕਾਰ ਨੇ ਸਮੇਂ ਸਿਰ ਸਹਾਇਤਾ ਫੰਡ ਭੇਜ ਕੇ ਪੰਜਾਬ ਹਤੈਸ਼ੀ ਹੋਣ ਦਾ ਸਬੂਤ ਦਿੱਤਾ ਹੈ। ਪ੍ਰਿੰ. ਸ਼ਰਮਾ ਨੇ ਸੂਬਾ ਪ੍ਰਧਾਨ ਨੂੰ ਨੇੜ ਭਵਿੱਖ ਵਿੱਚ ਹਲਕਾ ਪਾਇਲ ਦਾ ਦੌਰਾ ਕਰਨ ਦਾ ਵੀ ਸੱਦਾ ਦਿੱਤਾ, ਜਿਸ ਨੂੰ ਪ੍ਰਧਾਨ ਨੇ ਖਿੜੇ ਮੱਥੇ ਪ੍ਰਵਾਨ ਕਰਦਿਆਂ ਕਬੂਲ ਕਰ ਲਿਆ। ਪ੍ਰਿੰਸੀਪਲ ਜਤਿੰਦਰ ਸ਼ਰਮਾ ਨੇ ਆਸ ਪ੍ਰਗਟਾਈ ਕਿ ਸੁਨੀਲ ਜਾਖੜ ਦੇ ਪ੍ਰਧਾਨ ਬਣਨ ਨਾਲ ਸੂਬੇ ਅੰਦਰ ਸਿਆਸੀ ਸਮੀਕਰਨ ਵੀ ਬਦਲ ਜਾਣਗੇ। ਉਨ੍ਹਾ ਸਮਾਂ ਦੇਣ ਲਈ ਸੂਬਾ ਪ੍ਰਧਾਨ ਦਾ ਤਹਿ ਦਿਲੋ ਸ਼ੁਕਰੀਆ ਅਦਾ ਕੀਤਾ।

# ਪਰਨੀਤ ਕੌਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

**■ ਸੂਬਾ ਸਰਕਾਰ ਨੂੰ ਸੁਹਿਰਦ ਯਤਨਾਂ ਦੀ ਲੋੜ**



ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਦੌਰਾਨ ਲੋਕਾਂ ਨਾਲ ਗੱਲਬਾਤ ਕਰਦੇ ਸ੍ਰੀਮਤੀ ਪਰਨੀਤ ਕੌਰ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਲੋਕ ਸਭਾ ਹਲਕਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਸ੍ਰੀਮਤੀ ਪਰਨੀਤ ਕੌਰ ਨੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਇਸ ਦੌਰਾਨ ਉਹ ਘੱਗਰ ਦੇ ਪਾਣੀ ਦੀ ਮਾਰ ਸਹਿ ਰਹੇ ਪਿੰਡ ਸ਼ੁਤਰਾਣਾ, ਨਾਈਵਾਲਾ, ਭਾਖੜਾ ਪੁਲ, ਢਾਬੀ ਗੁਜਰਾਂ, ਸ਼ੇਰਗੜ੍ਹ, ਜੋਗੇਵਾਲਾ ਆਦਿ ਵਿੱਚ ਗਏ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਮਿਲੇ ਤੇ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ। ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀਮਤੀ ਪਰਨੀਤ ਕੌਰ ਨੇ ਕਿਹਾ ਕਿ ਰਾਜ ਦੇ ਕਈ ਜ਼ਿਲ੍ਹਿਆਂ ਨੂੰ ਕੁਦਰਤ ਦੀ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਪਟਿਆਲਾ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਘੱਗਰ ਦਰਿਆ ਵੱਲੋਂ ਪਹਿਲਾਂ ਰਾਜਪੁਰਾ, ਘਨੌਰ, ਪਟਿਆਲਾ ਤੇ ਸਮਾਣਾ ਵਿੱਚ ਤਬਾਹੀ ਕਰਨ ਮਗਰੋਂ ਹਲਕਾ ਸ਼ੁਤਰਾਣਾ ਦੇ ਪਿੰਡਾਂ ਵਿੱਚ ਵਿਆਪਕ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਆਫਤ ਦੇ ਇਸ ਸਮੇਂ ਦੌਰਾਨ ਸਾਨੂੰ ਸਭ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ, ਪਰ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਕਾਫੀ ਵੱਧ ਜਾਂਦੀ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਇਸ ਦੀ ਮਸ਼ੀਨਰੀ ਲੋਕਾਂ ਦੀ ਬਾਂਹ ਫੜਨ ਵਿੱਚ ਅਸਫਲ ਰਹੀ ਹੈ। ਉਨ੍ਹਾ ਕਿਹਾ ਕਿ ਉਹ ਆਪਣੇ ਪੱਧਰ ਉੱਤੇ ਹੜ੍ਹ ਪੀੜਤ ਲੋਕਾਂ ਦੀ ਹਰ ਸੰਭਵ ਮਦਦ ਕਰਨ ਲਈ ਸਰਕਾਰ ਉੱਤੇ ਦਬਾਅ ਪਾਉਣ ਦੇ ਨਾਲ ਨਾਲ ਕੇਂਦਰ ਸਰਕਾਰ ਦੀ ਸਥਿਤੀ ਸਬੰਧੀ ਸੁਹਿਰਦ ਹੋਣ ਦੀ ਅਪੀਲ ਕਰਨਗੇ। ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾ ਕਿਹਾ ਕਿ ਇਸ ਔਖੇ ਸਮੇਂ ਵਿੱਚ ਰਾਜਨੀਤੀ ਤੋਂ ਉਪਰ ਉੱਠ ਕੇ ਸਭ ਨੂੰ ਰਲ ਕੇ ਚੱਲਣ ਦੀ ਲੋੜ ਹੈ। ਇਸ ਮੌਕੇ ਉਨ੍ਹਾ ਨਾਲ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ, ਸੋਨੂੰ ਮਿੱਤਲ ਸਕੱਤਰ ਭਾਜਪਾ ਪਟਿਆਲਾ, ਜੀਵਨ ਸ਼ੈਲੀ, ਤਰਲੋਚਨ ਸਿੰਘ ਸ਼ੇਰਗੜ੍ਹ, ਅਰੂੜ ਸਿੰਘ, ਸ਼ਿਵਪਾਲ, ਬਲਵਿੰਦਰ ਮੰਤਰੀ, ਕਰਨ ਸ਼ੁਤਰਾਣਾ ਤੇ ਮਨਜੀਤ ਕੌਰ ਭੱਠਲ ਆਦਿ ਹਾਜ਼ਰ ਸਨ।

## ਚੇਅਰਮੈਨ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਾਸ਼ਨ ਕਿੱਟਾਂ ਵੰਡੀਆਂ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਨ ਸਭਾ ਨਾਭਾ ਤੋਂ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਟੀਮ ਵੱਲੋਂ ਹੜ੍ਹ ਪ੍ਰਭਾਵਿਤ ਏਰੀਆ ਦੇਵੀਗੜ੍ਹ, ਦੁੱਧਨ ਗੁਜਰਾ ਵਿਖੇ ਆਟਾ, ਦਾਲਾਂ, ਦੁੱਧ, ਚਾਹ ਪੱਤੀ, ਚੀਨੀ, ਸਰ੍ਹੋਂ ਦਾ ਤੇਲ, ਰਸ, ਸਾਬਨ ਆਦਿ ਦੀਆਂ ਕਿੱਟਾਂ ਵੰਡ ਕੇ ਸੇਵਾ ਕੀਤੀ। ਇਸ ਮੌਕੇ ਸੁਰਿੰਦਰ ਪਾਲ ਸ਼ਰਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਨਾਭਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੁਦਰਤ ਦੀ ਮਾਰ ਤੇ ਸਮੇਂ ਦੀ ਲੋੜ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਦੀ ਟੀਮ ਵੱਲੋਂ ਇਹ ਫੈਸਲਾ ਲਿਆ ਸੀ ਕਿ ਜਿਨ੍ਹਾਂ ਇਲਾਕਿਆਂ ਵਿੱਚ ਰਾਸ਼ਨ ਦੀ ਸਪਲਾਈ ਨਾ ਹੋਣ ਕਰਕੇ ਇਲਾਕੇ ਵਿੱਚ ਰਹਿਣ ਵਾਲੇ ਪਰਿਵਾਰਾਂ ਨੂੰ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਆਪ ਵਰਕਰਾਂ ਤੇ ਲੋਕਾਂ ਦੇ ਸਹਿਯੋਗ ਨਾਲ ਲੋੜਵੰਦਾਂ ਨੂੰ ਰਾਸ਼ਨ ਦੀਆਂ ਕਿੱਟਾਂ ਮੁਹੱਈਆ ਕਰਵਾਈਆਂ ਗਈਆਂ। ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਦੱਸਿਆ ਕਿ ਹੋਰ ਇਲਾਕਿਆਂ ਵਿੱਚ ਵੀ ਜਿੱਥੇ ਲੋੜ ਹੋਵੇਗੀ, ਅਸੀਂ ਆਪਣੀ ਸੇਵਾ ਪਹੁੰਚਾਉਣ ਦੀ ਕੋਸ਼ਿਸ਼ ਕਰਾਂਗੇ। ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਸੂਬਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਮੁੱਚੀ ਲੀਡਰਸ਼ਿਪ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਨਜ਼ਰ ਰੱਖੀ ਜਾ ਰਹੀ ਹੈ। ਇਸ ਮੌਕੇ ਬਲਦੇਵ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਕਿਸਾਨ ਵਿੰਗ ਬਲਕਾਰ ਸਿੰਘ ਤੇ ਹੋਰ ਪਾਰਟੀ ਦੇ ਵਰਕਰ ਵੀ ਹਾਜ਼ਰ ਸਨ।

# ਬੀ ਕੇ ਯੂ ਦੋਆਬਾ ਵੱਲੋਂ ਝੋਰੜਾਂ ਇਕਾਈ ਦਾ ਗਠਨ

**■ ਅਮਨਦੀਪ ਸਿੰਘ ਗਿੱਲ ਨੂੰ ਚੁਣਿਆ ਇਕਾਈ ਪ੍ਰਧਾਨ**



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਜ਼ਿਲ੍ਹਾ ਪ੍ਰਧਾਨ ਜਸਪ੍ਰੀਤ ਸਿੰਘ ਢੱਟ ਤੇ ਬਲਾਕ ਪ੍ਰਧਾਨ ਗੁਰਮਿੰਦਰ ਸਿੰਘ ਭੁੱਲਰ ਦੀ ਅਗਵਾਈ 'ਚ ਪਿੰਡ ਝੋਰੜਾਂ ਵਿਖੇ ਇਕਾਈ ਦਾ ਗਠਨ ਕਰਕੇ ਅਮਨਦੀਪ ਸਿੰਘ ਗਿੱਲ ਨੂੰ ਇਕਾਈ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਪਿੰਡ ਝੋਰੜਾਂ ਦੀ ਇਕਾਈ ਦਾ ਗਠਨ ਕਰਨ ਸਮੇਂ ਇਕੱਠੇ ਹੋਏ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਢੱਟ ਨੇ ਕਿਹਾ ਕਿ ਰਾਏਕੋਟ ਹਲਕੇ ਅੰਦਰ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਪਰਿਵਾਰ ਵਿੱਚ ਵਾਧਾ ਹੋ ਰਿਹਾ ਹੈ ਤੇ ਅਸੀਂ ਜਥੇਬੰਦੀ ਦੀ ਮਜ਼ਬੂਤੀ ਲਈ ਦਿਨ-ਰਾਤ ਮਿਹਨਤ ਕਰ ਰਹੇ ਹਾਂ ਅਤੇ ਕੀਤੀ ਹੋਈ ਮਿਹਨਤ ਨੂੰ ਬੂਰ ਵੀ ਪੈ ਰਿਹਾ ਹੈ। ਇਸ ਮੌਕੇ ਬਲਾਕ ਪ੍ਰਧਾਨ ਗੋਗੀ ਭੁੱਲਰ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਬਲਾਕ ਰਾਏਕੋਟ ਦੇ ਹੋਰ ਵੀ ਕਈ ਪਿੰਡਾਂ ਵਿੱਚ ਇਕਾਈਆਂ ਦਾ ਗਠਨ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਦੋਆਬਾ ਜਥੇਬੰਦੀ ਦੀ ਮਜ਼ਬੂਤੀ ਲਈ ਨੌਜਵਾਨਾਂ 'ਚ ਭਾਰੀ ਉਤਸ਼ਾਹ ਹੈ ਤੇ ਪਿੰਡਾਂ ਦੇ ਨੌਜਵਾਨ ਆਪ ਮੁਹਾਰੇ ਜਥੇਬੰਦੀ ਨਾਲ ਜੁੜ ਰਹੇ ਹਨ। ਨਵੇਂ ਚੁਣੇ ਇਕਾਈ ਪ੍ਰਧਾਨ ਅਮਨਦੀਪ ਗਿੱਲ ਨੇ ਕਿਹਾ ਕਿ ਉਹ ਜਥੇਬੰਦੀ ਦੀ ਮਜ਼ਬੂਤੀ ਲਈ ਦਿਨ-ਰਾਤ ਕੰਮ ਕਰਨਗੇ ਤੇ ਕਿਸਾਨਾਂ ਦੀਆਂ ਮੰਗਾਂ ਹੱਲ ਕਰਾਉਣ ਲਈ ਤੱਤਪਰ ਰਹਿਣਗੇ। ਇਕਾਈ ਦੇ ਗਠਨ ਮੌਕੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਆਗੂ ਗੁਰਸੇਵਕ ਸਿੰਘ ਮਿੰਠਾ ਪ੍ਰੈੱਸ ਸਕੱਤਰ, ਤੇਜਿੰਦਰ ਸਿੰਘ ਬੱਸੀਆਂ, ਰਾਜੂ ਤਲਵੰਡੀ, ਡਾਕਟਰ ਮਨਜੀਤ ਸਿੰਘ, ਰਾਜਵੀਰ ਸਿੰਘ ਸਰਪੰਚ, ਅਨਿਲ ਕੁਮਾਰ, ਦਰਸ਼ੀ ਚੀਮਾਂ, ਦਰਸ਼ੀ ਢੇਸੀ, ਕਾਲਾ ਹੇਰਾਂ, ਯਾਦਵਿੰਦਰ ਸਿੰਘ ਘੁਮਾਣ ਤੋਂ ਇਲਾਵਾ ਸੁਖਮਨ ਗਿੱਲ, ਹੈਪੀ ਨੰਬਰਦਾਰ, ਜੱਸਾ ਮੰਤਰੀ, ਹੈਰੀ ਟੈਟੂ, ਬੂਟਾ ਸਿੰਘ, ਹੈਰੀ ਗੈਰੀ, ਤੇਜਾ ਸਿੰਘ, ਮਨਪ੍ਰੀਤ ਸਿੰਘ, ਸੁਖਜਿੰਦਰ ਸਿੰਘ, ਗੋਰਾ, ਗੁਰਪ੍ਰੀਤ ਸਿੰਘ, ਜੰਟਾ ਮੰਡੇਰ, ਚਰਨਾ ਮੰਡੇਰ ਰਿੰਕੀ, ਜਸ ਝੋਰੜਾ, ਗੰਨਾ, ਇੰਦਰਜੀਤ ਸਿੰਘ, ਮੇਜਰ ਸਿੰਘ, ਮਨਪ੍ਰੀਤ ਮੰਡੇਰ ਆਦਿ ਹਾਜ਼ਰ ਸਨ।

# ਲੋਕ ਸੇਵਾ ਸੁਸਾਇਟੀ ਵੱਲੋਂ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਜਾਂਚ ਕੈਂਪ



**ਜਗਰਾਓਂ (ਅਮਿਤ ਖੰਨਾ)**

ਸਵਰਗਵਾਸੀ ਜਨਦੀਪ ਕੱਕੜ ਦੀ ਦੂਜੀ ਬਰਸੀ ਮੌਕੇ ਜਗਰਾਓਂ ਦੀ ਲੋਕ ਸੇਵਾ ਸੁਸਾਇਟੀ ਵੱਲੋਂ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਸੀ ਐੱਮ ਸੀ ਹਸਪਤਾਲ ਦੇ ਸਹਿਯੋਗ ਨਾਲ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਵਿਖੇ ਲਗਾਏ ਦਿਲ ਦੀਆਂ ਬਿਮਾਰੀਆਂ ਦੇ ਮੁਫਤ ਜਾਂਚ ਕੈਂਪ ਦਾ ਉਦਘਾਟਨ ਕਰਦਿਆਂ ਸਤੀਸ਼ ਕੱਕੜ ਪਿੰਕੀ ਤੇ ਗਗਨਦੀਪ ਕੱਕੜ ਟੋਨੀ ਨੇ ਕਿਹਾ ਕਿ ਸੁਸਾਇਟੀ ਵੱਲੋਂ ਸਮਾਜ ਸੇਵਾ ਦੇ ਕੀਤੇ ਜਾ ਰਹੇ ਕੰਮਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਘੱਟ ਹੈ। ਉਨ੍ਹਾਂ ਕਿਹਾ ਕਿ ਲੋਕ ਸੇਵਾ ਸੁਸਾਇਟੀ ਲੋੜਵੰਦਾਂ ਲਈ ਇੱਕ ਮਸੀਹਾ ਬਣ ਕੇ ਕੰਮ ਕਰ ਰਹੀ ਹੈ। ਕੈਂਪ ਵਿੱਚ ਦਿਲ ਦੀਆਂ ਬਿਮਾਰੀਆਂ ਦੇ ਮਾਹਰ ਡਾ: ਗੁਰਬੇਜ ਸਿੰਘ ਨੇ 52 ਮਰੀਜ਼ਾਂ ਦਾ ਚੈੱਕਅਪ ਕਰਦਿਆਂ ਕਿਹਾ ਕਿ ਲੋਕਾਂ ਦੇ ਖਾਣ ਪੀਣ ਦੇ ਗਲਤ ਤਰੀਕੇ ਕਾਰਨ ਦਿਲ ਦੀਆਂ ਬਿਮਾਰੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਉਨ੍ਹਾਂ ਮਰੀਜ਼ਾਂ ਨੂੰ ਪੌਸ਼ਟਿਕ ਤੇ ਸਾਦਾ ਭੋਜਨ ਖਾਣ ਦੀ ਸਲਾਹ ਦਿੰਦਿਆਂ ਬਾਜ਼ਾਰੀ ਖਾਣ ਦਾ ਘੱਟ ਤੋਂ ਘੱਟ ਪ੍ਰਯੋਗ ਕਰਨ ਦੀ ਸਲਾਹ ਵੀ ਦਿੱਤੀ। ਕੈਂਪ 'ਚ 48 ਮਰੀਜ਼ਾਂ ਦਾ ਬਲੱਡ ਸ਼ੂਗਰ ਤੇ 37 ਮਰੀਜ਼ਾਂ ਦਾ ਈ ਸੀ ਜੀ ਟੈਸਟ ਵੀ ਮੁਫਤ ਵਿੱਚ ਕਰਨ ਤੋਂ ਇਲਾਵਾ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ। ਇਸ ਮੌਕੇ ਮਾਧਵ ਕੱਕੜ, ਡਾ. ਮਨੀਸ਼ ਜੈਨ, ਪ੍ਰੋਜੈਕਟ ਚੇਅਰਮੈਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਮਨੋਹਰ ਸਿੰਘ ਟੱਕਰ, ਵਿਨੋਦ ਬਾਂਸਲ, ਰਾਜਿੰਦਰ ਜੈਨ ਕਾਕਾ, ਕਪਿਲ ਸ਼ਰਮਾ, ਆਰ ਕੇ ਗੋਇਲ, ਡਾ: ਭਾਰਤ ਭੂਸ਼ਨ ਬਾਂਸਲ, ਮੁਕੇਸ਼ ਗੁਪਤਾ, ਗੋਪਾਲ ਗੁਪਤਾ, ਅਨਿਲ ਮਲਹੋਤਰਾ, ਪ੍ਰੇਮ ਬਾਂਸਲ, ਮਨੋਜ ਗਰਗ, ਜਸਵੰਤ ਸਿੰਘ, ਸੁਖਜਿੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

## ਐੱਸ ਆਰ ਐੱਸ ਵਿੱਦਿਆਪੀਠ 'ਚ ਪੌਦੇ ਲਗਾਏ



**ਸਮਾਣਾ (ਇਕਬਾਲ ਸਿੰਘ ਬੱਲ)**-ਰੁੱਖ ਹਵਾ, ਮਿੱਟੀ ਤੇ ਪਾਣੀ ਨੂੰ ਸ਼ੁੱਧ ਕਰਦੇ ਹਨ, ਪਰ ਰੁੱਖਾਂ ਦੀ ਘਾਟ ਹੋਣ ਕਰਕੇ ਵਧ ਰਹੀਆਂ ਬਿਮਾਰੀਆਂ ਅਤੇ ਦਿਨੋਂ ਦਿਨ ਪਾਣੀ ਦੇ ਘਟ ਰਹੇ ਪੱਧਰ ਨੂੰ ਧਿਆਨ 'ਚ ਰੱਖਦੇ ਹੋਏ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿੱਚ ਸਾਰੇ ਵਿਦਿਆਰਥੀਆਂ ਤੋਂ ਪੌਦੇ ਲਗਾਉਣ ਦੀ ਪ੍ਰਕਿਰਿਆ ਕਰਵਾਈ ਗਈ। ਇਸ ਪ੍ਰਕਿਰਿਆ ਵਿੱਚ ਸਕੂਲ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਸਮੇਤ ਸਾਰੇ ਵਿਦਿਆਰਥੀਆਂ ਨੇ ਹਿੱਸਾ ਲਿਆ। ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਸਾਰੇ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਦੱਸੀ ਤੇ ਇਨ੍ਹਾਂ ਦੀ ਘਾਟ ਨਾਲ ਹੋਣ ਵਾਲੇ ਨੁਕਸਾਨ ਤੋਂ ਜਾਗਰੂਕ ਕੀਤਾ। ਇਸ ਮੌਕੇ ਸਕੂਲ ਚੇਅਰਮੈਨ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਨੇ ਵੀ ਸਾਰੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ।

# ਸੇਂਟ ਪੀਟਰ ਕਾਨਵੈਂਟ ਸਕੂਲ ਰੱਖੜਾ 'ਚ ਪੌਦੇ ਲਾ ਕੇ ਮਨਾਇਆ ਵਣ-ਮਹਾਂਉਤਸਵ

**■ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਉਣੇ ਜ਼ਰੂਰੀ : ਚੇਅਰਮੈਨ ਸੁਰਿੰਦਰ ਪਾਲ**



**ਨਾਭਾ (ਵਰਿੰਦਰ ਵਰਮਾ)**-ਸੇਂਟ ਪੀਟਰ ਕਾਨਵੈਂਟ ਸਕੂਲ ਰੱਖੜਾ ਵਿਖੇ ਸੁਰਿੰਦਰ ਪਾਲ ਸਰਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਨਾਭਾ ਵੱਲੋਂ ਹਵਾਦਾਰ ਤੇ ਫਲਦਾਰ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਅੰਬ ਦਾ ਬੂਟਾ ਲਗਾ ਕੇ ਕੀਤੀ ਗਈ। ਇਸ ਮੌਕੇ ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਉਨ੍ਹਾ ਦੀ ਇਹ ਮਨਸਾ ਹੈ ਕਿ ਪੰਜਾਬ ਦਾ ਹਰ ਬੱਚਾ ਤੇ ਹਰ ਵਰਗ ਦਾ ਇਨਸਾਨ ਫਲ ਅਸਾਨੀ ਨਾਲ ਖਾ ਸਕੇ, ਇਸ ਉਦੇਸ਼ ਤਹਿਤ ਹੀ ਸਕੂਲ ਤੇ ਜਨਤਕ ਥਾਵਾਂ 'ਤੇ ਅੰਬ, ਜਾਮਣ, ਢੇਊ, ਆਂਵਲਾ, ਅਮਰੂਦ, ਪਪੀਤਾ, ਬਿੱਲ ਆਦਿ ਦੇ ਬੂਟੇ ਲਗਾਏ ਜਾ ਰਹੇ ਹਨ, ਉਨ੍ਹਾਂ ਕਿਹਾ ਕਿ ਪੰਜਾਬ ਦੇ ਉਜਵਲ ਭਵਿੱਖ ਲਈ ਹਵਾਦਾਰ ਤੇ ਫਲਦਾਰ ਬੂਟੇ ਲਗਾਉਣੇ ਅਤਿ ਜ਼ਰੂਰੀ ਹਨ, ਕਿਉਂਕਿ ਸਕੂਲਾਂ ਵਿੱਚ ਫਲਦਾਰ ਬੂਟੇ ਲਗਾਉਣ ਨਾਲ ਬੱਚਿਆਂ ਨੂੰ ਨਾ ਕੇਵਲ ਸੰਤੁਲਿਤ ਖੁਰਾਕ ਮਿਲੇਗੀ, ਬਲਕਿ ਇਨ੍ਹਾਂ ਬੂਟਿਆਂ ਨੂੰ ਸਾਂਭ-ਸੰਭਾਲ ਕਰਨ ਦੀ ਸਿੱਖਿਆ ਵੀ ਮਿਲੇਗੀ। ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਵਾਤਾਵਰਨ ਦੀ ਸ਼ੁੱਧਤਾ ਲਈ ਹਰ ਵਿਅਕਤੀ ਨੂੰ ਪੌਦੇ ਜ਼ਰੂਰ ਲਗਾਉਣੇ ਚਾਹੀਦੇ ਹਨ। ਇਹ ਪੌਦੇ ਸਾਨੂੰ ਆਕਸੀਜਨ ਪ੍ਰਦਾਨ ਕਰਦੇ ਹਨ, ਜਿਸ ਨਾਲ ਅਸੀਂ ਸਾਹ ਲੈ ਕੇ ਜੀਵਤ ਰਹਿੰਦੇ ਹਾਂ। ਸੁਰਿੰਦਰ ਸ਼ਰਮਾ ਨੇ ਕਿਹਾ ਕਿ ਅੱਜਕੱਲ੍ਹ, ਵਾਤਾਵਰਨ ਦਾ ਮਾਮਲਾ ਇੱਕ ਗੰਭੀਰ ਮੁੱਦਾ ਹੈ, ਜਿਸ ਦੇ ਪ੍ਰਤੀ ਸਾਰੇ ਜਾਣੂ ਹੋਣੇ ਚਾਹੀਦੇ ਹਨ ਤੇ ਇਸ ਸਮੱਸਿਆ ਦਾ ਸਾਹਮਣਾ ਕਰਨ ਲਈ ਸਕਾਰਾਤਮਕ ਯਤਨ ਕਰਨੇ ਚਾਹੀਦੇ ਹਨ। ਅੱਜ ਸਾਹ ਲੈਣ ਲਈ ਸਾਡੀ ਹਵਾ, ਪੀਣ ਨੂੰ ਪਾਣੀ, ਉਪਜਾਊ ਫਸਲਾਂ ਲਈ ਮਿੱਟੀ ਆਦਿ ਸਭ ਕੁੱਝ ਪ੍ਰਦੂਸ਼ਿਤ ਹੋ ਚੁੱਕਿਆ ਹੈ।

ਇਸ ਮੌਕੇ ਸੇਂਟ ਪੀਟਰ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਦਵਿੰਦਰ ਕੌਰ ਨੇ ਸੁਰਿੰਦਰ ਪਾਲ ਸ਼ਰਮਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਸੇਂਟ ਪੀਟਰ ਕਾਨਵੈਂਟ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਸਟਰੀਮ ਲਾਇਨ ਵੈੱਲਫੇਅਰ ਸੁਸਾਇਟੀ ਵੱਲੋਂ ਹੜ੍ਹ ਪੀੜਤ ਪਿੰਡਾਂ 'ਚ ਹਰੇ ਚਾਰੇ ਦੀ ਸੇਵਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਟਰੀਮ ਲਾਇਨ ਵੈੱਲਫੇਅਰ ਸੁਸਾਇਟੀ ਫਿਰੋਜ਼ਪੁਰ ਵੱਲੋਂ ਪਿੰਡ ਨਿਹੰਗਾ ਵਾਲੇ ਝੁੱਗੇ, ਨਵੀਂ ਗੱਟੀ ਰਾਜੋ ਕੇ ਵਿਖੇ ਹੜ੍ਹ ਪ੍ਰਭਾਵਿਤ ਪਿੰਡਾਂ ਲਈ ਪਸ਼ੂ ਧਨ ਲਈ ਲੋੜਵੰਦਾਂ ਨੂੰ ਦੋ ਟਰਾਲੀਆਂ ਹਰੇ ਚਾਰੇ ਦੀਆਂ ਵੰਡੀਆਂ।ਇਸ ਮੌਕੇ ਪਿੰਡ ਝੁੱਗੇ ਹਜ਼ਾਰਾ ਸਿੰਘ ਵਾਲਾ ਦੇ ਸਾਬਕਾ ਸਰਪੰਚ ਆਪ ਆਗੂ ਪ੍ਰਕਾਸ਼ ਸਿੰਘ ਵੜਵਾਲ ਤੇ ਯੂਥ ਆਗੂ ਜਤਿੰਦਰ ਸਿੰਘ ਲਾਡੀ, ਯੂਥ ਆਗੂ ਟਹਿਲ ਸਿੰਘ ਤੇ ਇਨ੍ਹਾਂ ਪਿੰਡਾਂ ਦੇ ਸਰਪੰਚ, ਪੰਚ ਤੇ ਮੋਹਤਬਰ ਵਿਅਕਤੀ ਹਾਜ਼ਰ ਸਨ।ਉਪਰੋਕਤ ਤੋਂ ਇਲਾਵਾ ਡਾ. ਪ੍ਰਦੀਪ ਰਾਣਾ ਸੀਨੀਅਰ ਆਪ ਆਗੂ, ਹਰਭਗਵਾਨ ਕੰਬੋਜ ਸੀਨੀਅਰ ਮੀਤ ਪ੍ਰਧਾਨ ਬੀ ਸੀ ਵਿੰਗ, ਕਿਸ਼ਨ ਚੰਦ ਜਾਗੋਵਾਲੀਆ ਜ਼ਿਲ੍ਹਾ ਪ੍ਰਧਾਨ ਪੰਜਾਬ ਪੈਨਸ਼ਨਰ ਆਗੂ, ਚੰਬਾ ਰਾਮ, ਬਲਵੀਰ ਸਿੰਘ ਗੋਖੀਵਾਲਾ ਮੁਲਾਜ਼ਮ ਆਗੂ, ਪੂਰਨ ਸਿੰਘ ਆਪ ਆਗੂ ਬਾਰੇ ਕੀ ਤੇ ਦੀਵਾਨ ਚੰਦ ਸਖੀਜਾ ਚੇਅਰਮੈਨ ਸਟਰੀਮ ਲਾਇਨ ਵੈੱਲਫੇਅਰ ਸੁਸਾਇਟੀ ਫਿਰੋਜ਼ਪੁਰ ਆਦਿ ਹਾਜ਼ਰ ਸਨ।ਉਨ੍ਹਾਂ ਇਸ ਕੁਦਰਤੀ ਆਫਤ ਦੇ ਬਚਾਓ ਲਈ ਸਮੂਹ ਸਮਾਜਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਹੜ੍ਹ ਪੀੜਤਾਂ ਦੀ ਵੱਧ ਤੋਂ ਵੱਧ ਸੇਵਾ ਕਰਨ।

# ਐੱਸ ਜੀ ਪੀ ਸੀ ਵੱਲੋਂ ਭੇਜੀ ਰਾਹਤ ਸਮਗਰੀ ਪ੍ਰਸ਼ਾਸਨ ਨੂੰ ਸੌਂਪੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੂਬੇ ਵਿੱਚ ਆਏ ਹੜ੍ਹਾਂ ਦੇ ਮੱਦੇਨਜ਼ਰ ਪੀੜਤਾਂ ਲਈ ਰਾਹਤ ਸਮੱਗਰੀ ਭੇਜਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਹੜ੍ਹਾਂ ਤੋਂ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲਾ ਤੋਂ ਮੈਨੇਜਰ ਕਰਨੈਲ ਸਿੰਘ ਤੇ ਹੈੱਡ ਗ੍ਰੰਥੀ ਬਾਬਾ ਪ੍ਰਨਾਮ ਸਿੰਘ ਦੀ ਅਗਵਾਈ ਵਿੱਚ ਰਾਹਤ ਸਮੱਗਰੀ ਭੇਜੀ ਗਈ। ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਉਣ ਮਗਰੋਂ ਵਾਧੂ ਸਮੱਗਰੀ ਪਾਤੜਾਂ ਪ੍ਰਸ਼ਾਸਨ ਨੂੰ ਸੌਂਪ ਦਿੱਤੀ ਗਈ। ਇਹ ਰਾਹਤ ਸਮੱਗਰੀ ਵਿਸ਼ੇਸ਼ ਤੌਰ 'ਤੇ ਡਿਊਟੀ ਉੱਤੇ ਤਾਇਨਾਤ ਐੱਮ ਡੀ ਪੀ ਆਰ ਟੀ ਸੀ ਜੀਵਨਜੋਤ ਸਿੰਘ ਵਾਲੀਆ ਤੇ ਨਾਇਬ ਤਹਿਸੀਲਦਾਰ ਪਾਤੜਾਂ ਭੀਮ ਸੈਣ ਨੇ ਪ੍ਰਾਪਤ ਕੀਤੀ। ਹੈੱਡ ਗ੍ਰੰਥੀ ਬਾਬਾ ਪ੍ਰਨਾਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਔਖੇ ਸਮੇਂ 'ਚ ਪੰਜਾਬ ਵਾਸੀਆਂ ਨਾਲ ਖੜੇ ਹੋ ਕੇ ਪ੍ਰਭਾਵਿਤ ਇਲਾਕਿਆਂ ਵਿੱਚ ਪੀੜਤਾਂ ਲਈ ਸੁੱਕਾ ਰਾਸ਼ਨ, ਤਿਆਰ ਲੰਗਰ, ਮੋਮਬੱਤੀਆਂ, ਮੱਛਰਦਾਨੀਆਂ, ਤਰਪਾਲਾਂ ਤੇ ਟਾਰਚਾਂ ਭੇਜੀਆਂ ਗਈਆਂ ਹਨ। ਐਸਜੀਪੀਸੀ ਵੱਲੋਂ ਭੇਜੀ ਗਈ ਰਾਹਤ ਸਮੱਗਰੀ ਲੋਕਾਂ ਤੱਕ ਨਿਰਵਿਘਨ ਪੁਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਐੱਸ ਜੀ ਪੀ ਸੀ ਵੱਲੋਂ ਪਸ਼ੂਆਂ ਲਈ ਹਰਾ ਚਾਰਾ ਵੀ ਜਲਦੀ ਭੇਜਿਆ ਜਾ ਰਿਹਾ ਹੈ। ਇਸ ਦੌਰਾਨ ਸੀਨੀਅਰ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਨੇ ਐੱਸ ਜੀ ਪੀ ਸੀ ਵੱਲੋਂ ਰਸਦ ਤੇ ਹੋਰ ਸਾਮਾਨ ਲੈ ਕੇ ਪੁੱਜਣ ਵਾਲੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਅਕਾਲੀ ਆਗੂ ਅਜੈਬ ਸਿੰਘ ਮੱਲੀ, ਜੋਗਾ ਸਿੰਘ ਸਿੱਧੂ, ਲਖਵਿੰਦਰ ਸਿੰਘ ਮੌਲਵੀਵਾਲਾ, ਸਤਨਾਮ ਸਿੰਘ ਸ਼ੁਤਰਾਣਾ ਤੇ ਦਵਿੰਦਰ ਸਿੰਘ ਸਿੱਧੂ ਆਦਿ ਹਾਜ਼ਰ ਸਨ।

# ਰੈਵੀਨਿਊ ਰਿਟਾਇਰ ਕਾਨੂੰਗੋ/ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਚੋਣ



**ਸੰਗਰੂਰ (ਪ੍ਰਵੀਨ ਸਿੰਘ)**

ਦੀ ਰੈਵੀਨਿਊ ਰਿਟਾਇਰ ਕਾਨੂੰਗੋ/ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦਾ ਚੋਣ ਅਜਲਾਸ ਮੰਦਰ ਮਾਤਾ ਰਾਜੇਸ਼ਵਰੀ ਨੇੜੇ ਸਮਾਧ ਬਾਬਾ ਸਾਹਿਬ ਦਾਸ ਨਾਭਾ ਗੇਟ ਸੰਗਰੂਰ ਵਿਖੇ ਹੋਇਆ, ਜਿਸ ਵਿੱਚ ਭਾਰੀ ਗਿਣਤੀ ਵਿੱਚ ਮੈਂਬਰ ਸਾਹਿਬਾਨ ਹਾਜ਼ਰ ਹੋਏ। ਅਜਲਾਸ ਵਿੱਚ ਪਿਛਲੇ ਸਮੇਂ ਦਾ ਲੇਖਾ ਜੋਖਾ ਕਰਨ ਉਪਰੰਤ ਸਰਬ ਸੰਮਤੀ ਨਾਲ ਪਹਿਲਾਂ ਜ਼ਿਲ੍ਹਾ ਬਾਡੀ 'ਚ ਮਾਮੂਲੀ ਤਬਦੀਲੀ ਕਰਨ ਉਪਰੰਤ ਸਰਬ ਸੰਮਤੀ ਨਾਲ 2 ਸਾਲ ਲਈ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ 'ਚ ਸਰਵਸ੍ਰੀ ਮਹਿੰਦਰ ਸਿੰਘ ਤਕੀਪੁਰ ਜ਼ਿਲ੍ਹਾ ਪ੍ਰਧਾਨ, ਮਨਮੋਹਨ ਲਾਲ ਧੂਰੀ ਸਰਪ੍ਰਸਤ, ਗੁਰਚਰਨ ਸਿੰਘ ਭੱਠਲ ਸਰਪ੍ਰਸਤ, ਹਰਮੇਲ ਸਿੰਘ ਬਾਲਦ ਕਲਾਂ ਜਨਰਲ ਸਕੱਤਰ, ਜਗਰਾਜ ਸਿੰਘ ਰਟੋਲ ਨੁਮਾਇੰਦਾ ਪੰਜਾਬ, ਜਸਪਾਲ ਕੁਮਾਰ ਖਜ਼ਾਨਚੀ, ਹਰਬੰਸ ਸਿੰਘ ਗੁਰੂ ਸੀਨੀ. ਮੀਤ ਪ੍ਰਧਾਨ, ਬਲਵਿੰਦਰ ਸਿੰਘ ਭਵਾਨੀਗੜ੍ਹ ਸੀਨੀ: ਮੀਤ ਪ੍ਰਧਾਨ, ਸੁਖਦੇਵ ਸਿੰਘ ਕਾਢਲਾ ਸਹਾਇਕ ਜਨਰਲ ਸਕੱਤਰ, ਦਰਸ਼ਨ ਸਿੰਘ ਤੋੜਵਾਲ ਸਹਾਇਕ ਖਜ਼ਾਨਚੀ, ਰਣਜੀਤ ਸਿੰਘ ਮੂਣਕ ਮੀਤ ਪ੍ਰਧਾਨ, ਗੁਰਬਖਸ਼ ਸਿੰਘ ਸੰਗਰੂਰ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਭੰਗੂ ਮੀਤ ਪ੍ਰਧਾਨ, ਸ਼ਿੰਗਾਰਾ ਸਿੰਘ ਧੂਰੀ ਮੀਤ ਪ੍ਰਧਾਨ, ਸਤਪਾਲ ਧੂਰੀ ਮੀਤ ਪ੍ਰਧਾਨ, ਤਰਚੋਲਨ ਸਿੰਘ ਸੰਗਰੂਰ ਪ੍ਰੈੱਸ ਸਕੱਤਰ, ਗੁਲਜਾਰ ਸਿੰਘ ਸੁਨਾਮ ਦਫਤਰੀ ਸਕੱਤਰ, ਅਵਤਾਰ ਦਾਸ ਧੂਰੀ ਸਹਾਇਕ ਪ੍ਰੈੱਸ ਸਕੱਤਰ, ਜਗਤਾਰ ਸਿੰਘ (ਪਾਲ) ਸੰਗਰੂਰ, ਰਾਮੇਸ਼ ਕੁਮਾਰ ਲਹਿਰਾ, ਹਰਦੇਵ ਸਿੰਘ ਧੂਰੀ, ਅਸ਼ੋਕ ਕੁਮਾਰ ਜਿੰਦਲ, ਹੰਸਰਾਜ ਸਿੰਘ ਸੁਨਾਮ (ਸਾਰੇ) ਕਾਰਜਕਾਰਨੀ ਮੈਂਬਰ ਅਤੇ ਜ਼ਿਲ੍ਹਾ ਮਲੇਰਕੋਟਲਾ ਦੇ ਜਮੀਲ ਅਹਿਮਦ ਕਾਰਜਕਾਰੀ ਜ਼ਿਲ੍ਹਾ ਪ੍ਰਧਾਨ, ਰਾਮਦਿਆਲ ਕਾਰਜਕਾਰੀ ਮੀਤ ਪ੍ਰਧਾਨ, ਜਗਵਿੰਦਰ ਸਿੰਘ, ਅਕਬਰ ਖਾਂ ਕਾਰਜਕਾਰਨੀ ਮੈਂਬਰ ਚੁਣੇ ਗਏ। ਚੋਣ ਹੋਣ ਉਪਰੰਤ ਮਹਿੰਦਰ ਸਿੰਘ ਤਕੀਪੁਰ ਨੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਤੇ 66 ਸਾਲ ਤੱਕ ਉਮਰ ਵਾਲੇ ਸਾਥੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

## ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਕੀਤੀ ਜਾ ਰਹੀ ਐ ਸਪਰੇਅ : ਡਾ. ਦਵਿੰਦਰਜੀਤ ਕੌਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹੇ ਅੰਦਰ ਪਿਛਲੇ ਦਿਨਾਂ ਦੌਰਾਨ ਵੱਖ-ਵੱਖ ਥਾਵਾਂ 'ਤੇ ਆਏ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਭਾਵੇਂ ਹੋ ਚੁੱਕੀ ਹੈ, ਪਰ ਇਨ੍ਹਾਂ ਥਾਵਾਂ 'ਤੇ ਬਿਮਾਰੀਆਂ ਫੈਲਣ ਦਾ ਖਤਰਾ ਅਜੇ ਪੂਰੀ ਤਰ੍ਹਾਂ ਟਲਿਆ ਨਹੀਂ ਹੈ, ਇਸ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਖੜੇ ਪਾਣੀ 'ਤੇ ਲਾਰਵੀਸਾਈਡ ਦੀ ਸਪਰੇਅ ਤੇ ਨਗਰ ਕੌਂਸਲਾਂ ਨਾਲ ਤਾਲਮੇਲ ਕਰਕੇ ਫੌਗਿੰਗ ਕਰਵਾਈ ਜਾ ਰਹੀ ਹੈ, ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਤੇ ਖਾਣ-ਪੀਣ ਦੀਆਂ ਚੀਜ਼ਾਂ ਦੀ ਫੂਡ ਸੈਂਪਲਿੰਗ ਕੀਤੀ ਜਾ ਰਹੀ ਹੈ, ਤਾਂ ਕਿ ਹੜ੍ਹਾਂ ਤੋਂ ਬਾਅਦ ਦੀ ਸਥਿਤੀ ਨਾਲ ਸਹੀ ਢੰਗ ਨਾਲ ਨਿਪਟਿਆ ਜਾ ਸਕੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾਕਟਰ ਦਵਿੰਦਰਜੀਤ ਕੌਰ ਨੇ ਦੱਸਿਆ ਕਿ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਹੜ੍ਹਾਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਪੂਰੀ ਤਨਦੇਹੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਦੀਆਂ ਟੀਮਾਂ ਵੱਲੋਂ ਪੀਣ ਵਾਲੇ ਪਾਣੀ ਨੂੰ ਕਲੋਰੀਨੇਟ ਕਰਨ ਲਈ ਵੀ ਕਲੋਰੀਨ ਦੀਆਂ ਗੋਲੀਆਂ ਵੰਡੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਸਥਿਤੀ ਨੌਰਮਲ ਹੋਣ ਤੱਕ ਵਿਭਾਗ ਵੱਲੋਂ ਇਹ ਸਾਰੀਆਂ ਸੇਵਾਵਾਂ ਲਗਾਤਾਰ ਜਾਰੀ ਰਹਿਣਗੀਆਂ।

CMYK

# ਸਰਕਾਰੀ ਨੌਕਰੀ ਲਈ ਪੱਤਰਕਾਰਾਂ ਦੇ ਪਰਿਵਾਰਾਂ ਦਾ ਕੋਟਾ ਵੀ ਰਾਖਵਾਂ ਰੱਖਣ ਸੂਬਾ ਤੇ ਕੇਂਦਰ ਸਰਕਾਰਾਂ : ਗੋਲਣ

ਭਿੱਖੀਵਿੰਡ/ਖਾਲੜਾ (ਰਣਬੀਰ ਸਿੰਘ ਗੋਲਣ)-ਪੱਤਰਕਾਰੀ ਲੋਕਤੰਤਰ ਦਾ ਚੌਥਾ ਥੰਮ੍ਹ ਹੈ। ਮੀਡੀਆ ਸਮਾਜ ਵਿਚਲੀਆਂ ਬੇਇਨਸਾਫੀਆਂ ਨੂੰ ਸਿਸਟਮ ਸਾਹਮਣੇ ਲਿਆ ਕੇ ਲੋਕਾਂ ਨੂੰ ਇਨਸਾਫ ਦਿਵਾਉਂਦਾ ਹੈ, ਪਰ ਪੱਤਰਕਾਰਾਂ ਦੀਆਂ ਮੰਗਾਂ ਨੂੰ ਸਰਕਾਰਾਂ ਵੱਲੋਂ ਹਮੇਸ਼ਾ ਹੀ ਅਣਗੌਲਿਆ ਕੀਤਾ ਗਿਆ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਦੇ ਹਲਕਾ ਖੇਮਕਰਨ ਤੋਂ ਪ੍ਰਧਾਨ ਲਖਵਿੰਦਰ ਸਿੰਘ ਗੋਲਣ ਨੇ ਇੱਕ ਵਿਸ਼ੇਸ਼ ਬੈਠਕ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੱਤਰਕਾਰ ਵੀ ਦੇਸ਼ ਦੀ ਸੇਵਾ ਕਰਦੇ ਹਨ, ਪਰ ਸਰਕਾਰਾਂ ਨੇ ਅੱਜ ਤੱਕ ਪੱਤਰਕਾਰਾਂ ਦੇ ਯੋਗਦਾਨ ਦੀ ਕਦਰ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਰਜਿਸਟਰਡ ਅਖਬਾਰ ਜਾਂ ਚੈਨਲ ਦਾ ਪੱਤਰਕਾਰ, ਜੋ ਸਮਾਜ ਅੰਦਰ ਮੌਜੂਦ ਅਨਿਆਂ ਨੂੰ ਸਰਕਾਰ ਅਤੇ ਸਾਹਮਣੇ ਪੇਸ਼ ਕਰਕੇ ਆਮ ਲੋਕਾਂ ਨੂੰ ਇਨਸਾਫ ਦਿਵਾਉਂਦਾ ਹੈ, ਜ਼ਰੂਰੀ ਨਹੀਂ ਕਿ ਉਸ ਕੋਲ ਲੋਕ ਸੰਪਰਕ ਵਿਭਾਗ ਦਾ ਅਧਿਕਾਰਿਤ ਕਾਰਡ ਹੋਵੇ। ਉਨ੍ਹਾਂ ਕਿਹਾ ਕਿ ਲੋਕ ਸੰਪਰਕ ਵਿਭਾਗ ਵੱਲੋਂ ਬਣਾਏ ਜਾਂਦੇ ਪੀਲੇ ਕਾਰਡ ਬਣਾਉਣ ਲਈ ਕੁਝ ਸ਼ਰਤਾਂ ਹਨ, ਜੋ ਸਾਰੇ ਪੱਤਰਕਾਰ ਸਾਥੀ ਪੂਰੀਆਂ ਨਹੀਂ ਕਰ ਪਾਉਂਦੇ, ਪਰ ਜੇਕਰ ਕਿਸੇ ਪੱਤਰਕਾਰ ਕੋਲ ਲੋਕ ਸੰਪਰਕ ਵਿਭਾਗ ਦੁਆਰਾ ਜਾਰੀ ਕੀਤਾ ਹੋਇਆ ਪੀਲਾ ਕਾਰਡ ਨਹੀਂ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਉਹ ਸਮਾਜ ਦੀ ਸੇਵਾ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਕਿ ਭਾਵੇਂ ਮੀਡੀਆ ਖੇਤਰ ਨਾਲ ਜੁੜੇ ਰਜਿਸਟਰਡ ਚੈਨਲ ਅਤੇ ਅਖਬਾਰ ਦੇ ਪੱਤਰਕਾਰਾਂ ਨੂੰ ਸਰਕਾਰਾਂ ਨੇ ਅੱਜ ਤੱਕ ਕੁਝ ਵਿਸ਼ੇਸ਼ ਸਨਮਾਨ ਅਤੇ ਵਿੱਤੀ ਸਹਾਇਤਾ ਨਹੀਂ ਦਿੱਤੀ, ਪਰ ਹੁਣ ਪੱਤਰਕਾਰ ਸਾਥੀਆਂ ਨੂੰ ਪੰਜਾਬ ਸਰਕਾਰ ਤੋਂ ਉਮੀਦ ਹੈ ਕਿ ਉਹ ਪੱਤਰਕਾਰਾਂ ਦੇ ਪਰਿਵਾਰਾਂ ਨੂੰ ਵੀ ਬਾਕੀ ਰਿਜ਼ਰਵ ਕੋਟਿਆਂ ਵਿੱਚ ਸ਼ਾਮਲ ਕਰੇਗੀ। ਅੰਤ 'ਚ ਉਨ੍ਹਾਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਪਾਸੋਂ ਪੱਤਰਕਾਰਾਂ ਦੇ ਹੱਕਾਂ ਲਈ ਵਿਸ਼ੇਸ਼ ਪੈਕੇਜ ਬਣਾਉਣ ਦੀ ਮੰਗ ਕੀਤੀ ਹੈ।

## ਮੱਸਿਆ 'ਤੇ ਚੰਨਣਕਿਆਂ ਨੇ ਲੰਗਰ ਲਾਇਆ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਹਰ ਮਹੀਨੇ ਦੀ ਤਰ੍ਹਾਂ ਅੱਜ ਸਾਵਣ ਮਹੀਨੇ ਦੀ ਸੋਮਵਾਰ ਦੀ ਮੱਸਿਆ ਦੇ ਸੰਬੰਧ ਵਿੱਚ ਸਮੂਹ ਪਿੰਡ ਚੰਨਣਕਿਆਂ ਵਲੋਂ ਸਰਬੱਤ ਦੇ ਭਲੇ ਲਈ ਗੁਰੂ ਲੰਗਰ ਲਗਾਏ ਗਏ। ਇਸ ਦੌਰਾਨ ਸਭ ਤੋਂ ਪਹਿਲਾਂ ਸੇਵਾਦਾਰਾਂ ਨੇ ਚਾਹ ਪਾਣੀ ਦੀ ਸੰਗਤ ਲਈ ਸੇਵਾ ਨਿਭਾਈ। ਫਿਰ ਸਾਰੀ ਦਿਹਾੜੀ ਸ਼ਾਮ ਤੱਕ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਦੌਰਾਨ ਪ੍ਰਧਾਨ ਅਜੀਤ ਸਿੰਘ ਚੱਕੀਵਾਲੇ, ਪ੍ਰਧਾਨ ਲਖਵਿੰਦਰ ਸਿੰਘ, ਰਾਜਵਿੰਦਰ ਸਿੰਘ ਰਾਜੂ, ਭਾਊ ਸਿੰਦਾ ਨਾਥ ਦੀ ਖੂਹੀ ਵਾਲੇ, ਬਾਬਾ ਸੁਖਵੰਤ ਸਿੰਘ, ਗੁਰਜੰਟ ਸਿੰਘ ਜਿੰਟਾ ਆਦਿ ਸੇਵਾਦਾਰ ਹਾਜ਼ਰ ਸਨ।

# ਲਿੰਕ ਸੜਕ ਸੈਦੋਕੇ ਤੋਂ ਖੱਬੇ ਰਾਜਪੂਤਾਂ ਨੂੰ ਕੀਤਾ ਜਾਵੇਗਾ ਹੋਰ ਚੌੜਾ ਤੇ ਮਜ਼ਬੂਤ : ਈਟੀਓ

### ਮੰਤਰੀ ਨੇ ਹੜ੍ਹ ਪ੍ਰਭਾਵਿਤ ਵੱਖ-ਵੱਖ ਪਿੰਡਾਂ ਦਾ ਕੀਤਾ ਦੌਰਾ, ਮੁਆਵਜ਼ਾ ਦੇਣ ਦਾ ਦਿਵਾਇਆ ਭਰੋਸਾ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜ਼ਿਲ੍ਹਾ ਅੰਮ੍ਰਿਤਸਰ ਅਧੀਨ ਪੈਂਦੀ ਲਿੰਕ ਸੜਕ ਸੈਦੋਕੇ ਤੋਂ ਖੱਬੇ ਰਾਜਪੂਤਾਂ ਨੂੰ 180 ਲੱਖ ਰੁਪਏ ਦੀ ਲਾਗਤ ਨਾਲ ਚੌੜਾ ਅਤੇ ਮਜ਼ਬੂਤ ਕੀਤਾ ਜਾਵੇਗਾ ਅਤੇ ਸਾਰੀਆਂ ਪਿੰਡਾਂ ਦੀਆਂ ਲੰਕ ਸੜਕਾਂ ਦੀ ਮੁਰੰਮਤ ਵੀ ਕੀਤੀ ਜਾਵੇਗੀ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈਟੀਓ ਲੋਕ ਨਿਰਮਾਣ ਮੰਤਰੀ ਪੰਜਾਬ ਨੇ ਪਿੰਡ ਮਹਿਤਾ ਅਧੀਨ ਸੂਬਾ ਸਰਕਾਰ ਵੱਲੋਂ ਪੰਜਾਬ ਦਿਹਾਤੀ ਵਿਕਾਸ ਬੋਰਡ ਫੰਡ ਸਕੀਮ ਅਧੀਨ ਲੰਕ ਸੜਕ ਸੈਦੋਕੇ ਤੋਂ ਖੱਬੇ ਰਾਜਪੂਤਾਂ ਨੂੰ ਚੌੜਾ ਕਰਨ ਦੇ ਨੀਂਹ ਪੱਥਰ ਰੱਖਣ ਸਮੇਂ ਕੀਤਾ। ਉਨ੍ਹਾਂ ਦੱਸਿਆ ਕਿ ਇਹ ਸੜਕ ਦੀ ਲੰਬਾਈ 234 ਕਿਲੋਮੀਟਰ ਹੈ ਅਤੇ ਮੌਜੂਦਾ ਚੌੜਾਈ 10 ਫੁੱਟ ਹੈ ਜਿਸ ਨੂੰ ਹੁਣ 18 ਫੁੱਟ ਚੌੜਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ ਅਤੇ ਇਹ ਕੰਮ 6 ਮਹੀਨਿਆਂ ਵਿੱਚ ਮੁਕੰਮਲ ਕਰਨ ਦਾ ਟੀਚਾ ਮਿਥਿਆ ਗਿਆ ਹੈ।

ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਇਹ ਸੜਕ ਅੰਮ੍ਰਿਤਸਰ ਮਹਿਤਾ ਸੜਕ ਨੂੰ ਪਿੰਡ ਸੈਦੋਕੇ ਅਤੇ ਪਿੰਡ ਖੱਬੇ ਰਾਜਪੂਤਾਂ ਨਾਲ ਜੋੜਦੀ ਹੈ ਅਤੇ ਇਸ ਦੇ ਅਪਗਰੇਡ ਹੋਣ ਨਾਲ ਬੱਦੋਵਾਲ, ਟਕਾਪੁਰ, ਬੁੱਟਰ ਅਤੇ ਚੁੰਗ ਆਦਿ ਨਜਦੀਕੀ ਪਿੰਡਾਂ ਨੂੰ ਆਵਾਜਾਈ ਵਿੱਚ ਕਾਫੀ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਸੜਕ ਉਤੇ ਬੀਐਮ ਅਤੇ ਪੀਸੀ ਪਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਲਾਵਾ ਵਾਸੀਆਂ ਦੀ ਮੰਗ ਅਨੁਸਾਰ ਪਿੰਡ ਨੇੜੇ ਸੜਕ ਦੇ ਨਾਲ ਡਰੇਨ ਅਤੇ ਰਿਟੇਨਿੰਗ ਵਾਲ ਬਣਾਈ ਜਾਵੇਗੀ ਤਾਂ ਜੋ ਬਾਰਿਸ਼ ਦਾ ਪਾਣੀ ਸੜਕ 'ਤੇ ਖੜ੍ਹਾ ਨਾ ਹੋ ਸਕੇ ਅਤੇ ਸੜਕ ਦੇ ਹਿੱਸੇ ਨੂੰ ਪਾਣੀ ਦੇ ਕਾਰਨ ਨੁਕਸਾਨ ਨਾ ਪਹੁੰਚੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੰਮ ਦੀ ਗੁਣਵੱਤਾ ਅਤੇ ਸਮਾਂ ਸੀਮਾ ਦਾ ਖਾਸ ਧਿਆਨ ਰੱਖਿਆ ਜਾਵੇ।

ਇਸ ਉਪਰੰਤ ਈਟੀਓ ਵੱਲੋਂ ਹਲਕਾ ਜੰਡਿਆਲਾ ਗੁਰੂ ਦੇ ਮੀਂਹ ਤੋਂ ਪ੍ਰਭਾਵਿਤ ਪਿੰਡ ਸੈਦੋਕੇ, ਮਲਕ ਨੰਗਲ, ਜਲਾਲ, ਉਸਮਾਂ, ਮਹਿਸਮਪੁਰ ਖੁਰਦ, ਧਰਮੂ ਚੱਕ ਦਾ ਦੌਰਾ ਕੀਤਾ ਗਿਆ ਅਤੇ ਮੀਂਹ ਤੋਂ ਪ੍ਰਭਾਵਿਤ ਹੋਏ ਲੋਕਾਂ ਨਾਲ ਮੁਲਾਕਾਤ ਕਰਕੇ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਦੇ ਘਰ ਮੀਂਹ ਤੋਂ ਪ੍ਰਭਾਵਿਤ ਹੋਏ ਹਨ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਮੀਂਹ ਤੋਂ ਪ੍ਰਭਾਵਿਤ ਲੋਕਾਂ ਲਈ ਅੱਗੇ ਆਉਣ ਤਾਂ ਜੋ ਇਸ ਔਖੀ ਘੜੀ ਵਿੱਚ ਮਦਦ ਕੀਤੀ ਜਾ ਸਕੇ। ਇਸ ਮੌਕੇ ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ, ਚੇਅਰਮੈਨ ਗਹਿਰੀ ਮੰਡੀ ਸ਼ਨਾਖ ਸਿੰਘ, ਐਸਡੀਐਮ ਬਾਬਾ ਬਕਾਲਾ ਅਲਕਾ ਕਾਲੀਆ, ਸੁਖਦੇਵ ਸਿੰਘ ਸਰਪੰਚ, ਰਾਣਾ ਸਾਹ ਧਰਦਿਓ, ਬਲਜੀਤ ਸੈਦੋਕੇ, ਐਕਸੀਅਨ ਇੰਦਰਜੀਤ ਸਿੰਘ, ਸਤਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਹੋਰ ਸ਼ਖਸੀਅਤਾਂ ਵੀ ਹਾਜਰ ਸਨ।

# ਨਰਿੰਦਰ ਅਲਗੋਂ ਨੂੰ ਧਮਕਾਉਣ ਵਾਲਿਆਂ ਨੂੰ ਤੁਰੰਤ ਗ੍ਰਿਫਤਾਰ ਜਾਵੇ: ਕਾਮਰੇਡ ਕਾਲਾ

**ਭਿੱਖੀਵਿੰਡ (ਨਜ਼ਸ)**-ਸੀਪੀਆਈ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋਂ 20 ਜੁਲਾਈ ਨੂੰ ਗੁੰਡਿਆਂ ਦੇ ਸਰਗਨਿਆਂ ਨੂੰ ਗ੍ਰਿਫਤਾਰ ਕਰਵਾਉਣ ਦੇ ਮਸਲੇ ਨੂੰ ਲੈ ਕੇ ਅਲਗੋਂ ਮੰਡੀ ਵਿਖੇ ਹੋ ਰਹੇ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਮਰੇਡ ਸੁਖਦੇਵ ਸਿੰਘ ਕਾਲਾ, ਰਛਪਾਲ ਸਿੰਘ ਬਾਠ, ਟਹਿਲ ਸਿੰਘ ਲੱਧੂ ਤੇ ਰੁਪਿੰਦਰ ਕੌਰ ਮਾੜੀਮੇਘਾ ਨੇ ਕੀਤਾ। ਆਗੂਆਂ ਨੇ ਕਿਹਾ ਕਿ ਗੁੰਡਾਗਰਦੀ ਇੰਨੀ ਜ਼ਿਆਦਾ ਵੱਧ ਗਈ ਹੈ, ਹਾਲਾਤ ਇੱਥੋਂ ਤੱਕ ਪਹੁੰਚ ਗਏ ਹਨ ਕਿ ਗੁੰਡਿਆਂ ਨੇ ਸੀਪੀਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ ਨੂੰ ਸਵਰਗੀ ਗੁਰਦਿਆਲ ਸਿੰਘ ਦੇ ਸ਼ੈਲਰ ਨਜ਼ਦੀਕ ਘੇਰ ਕੇ ਧਮਕੀਆਂ ਦਿੱਤੀਆਂ ਕਿ ਤੂੰ ਪੜਤਾਲਾਂ ਰੋਕ ਦੇ ਨਹੀਂ ਤਾਂ ਹਰਜਾਨਾ ਭੁਗਤਾਂ ਲਈ ਤਿਆਰ ਹੋ ਜਾ। ਇਨ੍ਹਾਂ ਧਮਕੀਆਂ ਤੋਂ ਸੀਪੀਆਈ ਬਲਾਕ ਭਿੱਖੀਵਿੰਡ ਦੀ ਮੀਟਿੰਗ ਹੋਈ ਤੇ ਅਲਗੋਂ ਪੁਲਸ ਚੌਕੀ ਵਿੱਚ ਦਰਖਾਸਤ ਦਿੱਤੀ ਨੂੰ 10 ਦਿਨ ਦੇ ਕਰੀਬ ਹੋ ਗਏ ਹਨ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਗੁੰਡੇ ਦਿਨ ਦਿਹਾੜੇ ਦਨਦਨਾਉਂਦੇ ਫਿਰਦੇ ਹਨ। ਸਰਗਣ ਆਪਣਾ ਕੰਮ ਕਰ ਰਹੇ ਹਨ।

ਆਗੂਆਂ ਨੇ ਕਿਹਾ ਕਿ ਅਲਗੋਂ ਦੇ ਪ੍ਰੋਗਰਾਮ ਵਿੱਚ ਐਲਾਨ ਕੀਤਾ ਜਾਵੇਗਾ ਕਿ ਇਸ ਤੋਂ ਅੱਗੇ ਡੀਐਸਪੀ ਦਫਤਰ ਭਿੱਖੀਵਿੰਡ ਵਿਖੇ ਅੰਦੋਲਨ ਆਰੰਭ ਦਿੱਤਾ ਜਾਵੇਗਾ। ਇਹ ਅੰਦੋਲਨ ਉਨਾ ਚਿਰ ਤੱਕ ਚਲਦਾ ਰਹੇਗਾ ਜਿੰਨਾ ਚਿਰ ਤੱਕ ਗੁੰਡਿਆਂ ਦੇ ਸਰਗਣੇ ਤੇ ਗੁੰਡਿਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ 'ਤੇ ਬਣਦਾ ਕੇਸ ਨਾ ਚਲਾਇਆ। ਪ੍ਰਦਰਸ਼ਨ ਵਿੱਚ ਸੂਬਾਈ ਤੇ ਜ਼ਿਲ੍ਹਾ ਪੱਧਰ ਦੇ ਆਗੂ ਸ਼ਾਮਲ ਹੋ ਰਹੇ ਹਨ।

### ਵਾਹ ! ਸਰਕਾਰੇ ਤੇਰੇ ਕੰਮ ਨਿਆਰੇ

# 1988 ਦੇ ਹੜ੍ਹਾਂ ਦੌਰਾਨ ਟੁੱਟਿਆ ਪੁਲ ਹਣ ਤੱਕ ਨਹੀਂ ਉਸਰਿਆ !



ਗੁਰਦਾਸਪੁਰ (ਜਨਕ ਮਹਾਜਨ)-ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਪੈਂਦੇ ਅਖ਼ੀਰਲੇ ਪਿੰਡ ਕਰਾਲ ਤੇ ਗੁੰਨੋਪੁਰ ਵਿਚਕਾਰੋਂ ਲੰਘਦੇ ਸੇਮ ਨਹਿਰ ਦਾ ਪੁਲ 1988 ਦੇ ਹੜ੍ਹਾਂ ਦੌਰਾਨ ਟੁੱਟਿਆ ਸੀ ਅਤੇ ਉਸ ਤੋਂ ਬਾਅਦ ਕਿਸੇ ਸਰਕਾਰ ਨੇ ਇਸ ਪੁਲ ਨੂੰ ਬਣਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਿਸ ਕਰਕੇ ਇਲਾਕੇ ਦੇ ਲੋਕਾਂ ਨੇ ਸੰਬੰਧਿਤ ਵਿਭਾਗ ਖਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੇ। ਇਲਾਕਾ ਵਾਸੀਆ ਨੇ ਦੱਸਿਆ ਕਿ ਪਿੰਡ ਕਰਾਲ ਪੁਲ ਤੱਕ ਸੜਕ ਬਣ ਚੁੱਕੀ ਹੈ ਤੇ ਸੇਮ ਨਹਿਰ 'ਤੇ ਪੁਲ ਨਾ ਹੋਣ ਕਰਕੇ ਲੋਕਾਂ ਅਤੇ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਵਿਚ ਪੰਜ, ਛੇ ਕਿਲੋਮੀਟਰ ਦਾ ਵਾਧੂ ਸਫ਼ਰ ਤੈਅ ਕਰਨਾ ਪੈਂਦਾ ਹੈ ਜਿਸ ਨਾਲ ਉਨ੍ਹਾਂ ਦਾ ਸਮਾਂ ਬਰਬਾਦ ਅਤੇ ਡੀਜ਼ਲ, ਪੈਟਰੋਲ 'ਤੇ ਵੀ ਕਾਫ਼ੀ ਖਰਚਾ ਆਉਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸੇਮ ਨਹਿਰ ਦੇ ਪੁਲ ਨੂੰ ਬਣਾਉਣ ਵਾਸਤੇ ਮੰਤਰੀ ਰਾਜ ਸਭਾ ਮੈਂਬਰ ਅਤੇ ਵਿਧਾਇਕ ਨੂੰ ਵੀ ਬੇਨਤੀ ਕੀਤੀ ਸੀ ਪਰ ਇਹ ਪੁਲ ਦੀ ਉਸਾਰੀ ਨਹੀਂ ਹੋ ਸਕੀ। ਉਨ੍ਹਾਂ ਦੱਸਿਆ ਕਿ ਇਹ ਪੁਲ ਬਣਨ ਨਾਲ ਸਰਕਾਰ ਵਲੋਂ ਬਣਾਈ ਗਈ ਸ਼ਹੀਦਾਂ ਦੀ ਯਾਦਗਾਰ ਸਿਰਫ਼ ਅੱਧਾ ਕਿਲੋਮੀਟਰ ਹੀ ਰਹਿ ਜਾਂਦੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸੇਮ ਨਹਿਰ 'ਤੇ ਪੁਲ ਬਣਾਉਣ ਵਾਸਤੇ ਲੋਕ ਨਿਰਮਾਣ ਵਿਭਾਗਾਂ ਦੇ ਮੰਤਰੀ ਨੂੰ ਨਿਰਦੇਸ਼ ਜਾਰੀ ਕੀਤੇ ਜਾਣ ਜਿਸ ਨਾਲ ਲੋਕਾਂ ਦੀ ਚਿਰਾਂ ਦੀ ਲਟਕਦੀ ਮੰਗ ਪ੍ਰਵਾਨ ਹੋ ਸਕੇ।

# ਸੂਬਾ ਸਰਕਾਰ ਹੜ੍ਹ ਪ੍ਰਭਾਵਿਤ ਕਿਸਾਨਾਂ ਲਈ ਰਾਹਤ ਪੈਕੇਜ ਦਾ ਤੁਰੰਤ ਕਰੇ ਐਲਾਨ: ਦਿਲਬਾਗ ਸਿੰਘ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ੋਨ ਭਾਈ ਤਾਰੂ ਸਿੰਘ ਪੂਹਲਾ ਦੇ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਨੂੰ ਹੜ੍ਹਾਂ ਦੀ ਮਾਰ ਹੇਠਾਂ ਆਏ ਕਿਸਾਨਾਂ ਦੀ ਬਾਂਹ ਫੜਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰੀ ਮੀਂਹ ਨਾਲ ਸੈਂਕੜੇ ਏਕੜ ਵਾਹੀਯੋਗ ਜ਼ਮੀਨ ਅਤੇ ਫਸਲਾਂ ਪ੍ਰਭਾਵਿਤ ਹੋਈਆਂ ਹਨ, ਜਿਸ ਲਈ ਪੰਜਾਬ ਸਰਕਾਰ ਨੂੰ ਹੜ੍ਹ ਪ੍ਰਭਾਵਿਤ ਕਿਸਾਨਾਂ ਅਤੇ ਹੋਰ ਪਰਿਵਾਰਾਂ ਲਈ ਰਾਹਤ ਪੈਕੇਜ ਦਾ ਤੁਰੰਤ ਐਲਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਹਤ ਕਾਰਜਾਂ 'ਚ ਹੋਈ ਦੇਰੀ ਅਤੇ ਮੌਜੂਦਾ ਤਬਾਹਕੁੰਨ ਸਥਿਤੀ ਨੇ ਸੂਬਾ ਸਰਕਾਰ ਦੀ ਯੋਜਨਾ ਦੀ ਫੂਕ ਕੱਢ ਦਿੱਤੀ ਹੈ। ਉਨ੍ਹਾਂ ਢੁਕਵੀਆਂ ਡਰੇਨੇਜ ਪ੍ਰਬੰਧ ਕਰਨ 'ਚ ਨਾਕਾਮ ਰਹਿਣ ਲਈ ਸਰਕਾਰ ਦੀ ਸਖਤ ਆਲੋਚਨਾ ਕੀਤੀ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬੇ 'ਚ ਹੀ ਰਹਿਣ ਅਤੇ ਬਾਹਰ ਨਾ ਜਾਣ ਦੀ ਸਲਾਹ ਦਿੰਦਿਆਂ ਪੰਜਾਬ 'ਚ ਹੜ੍ਹ ਪ੍ਰਭਾਵਿਤ ਸਥਿਤੀ ਨਾਲ ਨਜਿੱਠਣ ਲਈ ਪ੍ਰਭਾਵਿਤ ਲੋਕਾਂ ਤੱਕ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਅਤੇ ਰਾਹਤ ਕਾਰਜਾਂ ਦੀ ਖੁਦ ਨਿਗਰਾਨੀ ਕਰਦਿਆਂ ਲੋਕ ਹਿਤ 'ਚ ਠੋਸ ਕਦਮ ਚੁੱਕਣ ਲਈ ਕਿਹਾ। ਉਨ੍ਹਾਂ ਕਿਹਾ ਕਿ ਮੀਂਹ ਦੇ ਕਹਿਰ ਨੇ ਇਕ ਵਾਰ ਫਿਰ ਕਰਜ਼ੇ ਦੀ ਮਾਰ ਹੇਠ ਆਏ ਕਿਸਾਨਾਂ ਨੂੰ ਝੰਜੋੜ ਦਿੱਤਾ ਹੈ। ਇਸ ਤਬਾਹੀ ਨਾਲ ਫਸਲਾਂ ਅਤੇ ਘਰੇਲੂ ਸਾਮਾਨ ਦਾ ਵੀ ਭਾਰੀ ਨੁਕਸਾਨ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਉਨ੍ਹਾਂ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਹੜ੍ਹਾਂ ਕਾਰਨ ਤਬਾਹ ਹੋਏ ਘਰਾਂ ਨੂੰ ਠੀਕ ਕਰਨ ਲਈ ਮਦਦ ਦੇਣ ਦੇ ਨਾਲ-ਨਾਲ ਫਸਲਾਂ ਦੀ ਗਿਰਦਾਵਰੀ ਕਰਵਾ ਕੇ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਘਰਾਂ 'ਚ ਪਾਣੀ ਵੜਨ ਕਾਰਨ ਸੈਂਕੜੇ ਲੋਕਾਂ ਨੂੰ ਰਾਤਾਂ ਸੜਕਾਂ 'ਤੇ ਗੁਜ਼ਾਰਨੀਆਂ ਪੈ ਰਹੀਆਂ ਹਨ। ਇਸਦੇ ਨਾਲ ਹੀ ਉਨ੍ਹਾਂ ਸਰਕਾਰ ਨੂੰ ਮੁਸੀਬਤਾਂ 'ਚ ਫਸੇ ਲੋਕਾਂ ਦੀ ਮਦਦ ਅਤੇ ਹੜ੍ਹਾਂ ਨਾਲ ਪ੍ਰਭਾਵਿਤ ਪਿੰਡਾਂ ਵਿਚ ਦੁਧਾਰੂ ਪਸ਼ੂਆਂ ਵਾਸਤੇ ਚਾਰਾ ਭੇਜਣ ਦਾ ਪ੍ਰਬੰਧ ਕਰਨ ਦੀ ਵੀ ਅਪੀਲ ਕੀਤੀ।

ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਨੂੰ ਵੀ ਮੁਸੀਬਤ ਮਾਰੇ ਲੋਕਾਂ ਦੀ ਮਦਦ ਕਰਨ ਵਾਸਤੇ ਤੁਰੰਤ ਅੱਗੇ ਆਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਉਨ੍ਹਾਂ ਨਾਲ ਸੁੱਚਾ ਸਿੰਘ ਵੀਰਮ, ਜ਼ਿਲ੍ਹਾ ਪ੍ਰੈੱਸ ਸਕੱਤਰ ਰਣਜੀਤ ਸਿੰਘ ਚੀਮਾ, ਨਿਸ਼ਾਨ ਸਿੰਘ ਮਾੜੀ-ਮੇਘਾ, ਬਲਕਾਰ ਸਿੰਘ ਖਾਲੜਾ, ਅਜਮੇਰ ਸਿੰਘ ਅਮੀਸ਼ਾਹ, ਸੁਖਪਾਲ ਸਿੰਘ ਦੋਦੇ, ਪੂਰਨ ਸਿੰਘ ਮੱਦਰ, ਬਚਿੱਤਰ ਸਿੰਘ ਨਵਾਂ ਪਿੰਡ, ਪਾਲ ਸਿੰਘ ਮਨਾਵਾਂ ਅਤੇ ਸੁਬੇਗ ਸਿੰਘ ਮੱਖੀ ਕਲਾਂ ਆਦਿ ਕਿਸਾਨ ਆਗੂ ਹਾਜ਼ਰ ਸਨ ।

# ਸ਼ਹੀਦਾਂ ਦੇ ਪਰਿਵਾਰਾਂ ਨਾਲ ਪੰਜਾਬ ਸਰਕਾਰ ਹਮੇਸ਼ਾ ਖੜ੍ਹੀ: ਡਾ. ਸੋਹਲ



ਤਰਨਤਾਰਨ ਸਾਗਰਦੀਪ ਸਿੰਘ ਅਰੋੜਾ)-ਬੀਤੇ ਦਿਨੀਂ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਪਿੰਡ ਸਵਰਗਾਪੁਰੀ ਦੇ ਵਸਨੀਕ ਨਾਇਬ ਸੂਬੇਦਾਰ ਸਰਦਾਰ ਕੁਲਦੀਪ ਸਿੰਘ ਜੋ ਕਿ ਜੰਮੂ-ਕਸ਼ਮੀਰ ਦੇ ਪੁੰਛ ਇਲਾਕੇ ਹੜ੍ਹ ਦੇ ਪਾਣੀ ਵਿੱਚ ਵਹਿੰਦੇ ਆਪਣੇ ਸਾਥੀ ਨੂੰ ਬਚਾਉਂਦੇ ਸ਼ਹੀਦ ਹੋ ਗਏ ਜਿਨ੍ਹਾਂ ਦੀ ਅੰਤਿਮ ਅਰਦਾਸ ਵਿੱਚ ਸਿਆਸੀ, ਧਾਰਮਿਕ, ਰਾਜਨੀਤਿਕ ਜਥੇਬੰਦੀਆਂ ਤੋਂ ਇਲਾਵਾ ਸਮਾਜ ਸੇਵੀਆਂ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ।

ਤਰਨਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੈਨਿਕਾਂ ਦਾ ਪੂਰਾ ਮਾਣ ਸਨਮਾਨ ਕੀਤਾ ਜਾਂਦਾ ਹੈ ਅਤੇ ਸ਼ਹੀਦ ਹੋਏ ਸੈਨਿਕਾਂ ਦੇ ਪਰਿਵਾਰਾਂ ਨਾਲ ਪੰਜਾਬ ਸਰਕਾਰ ਹਮੇਸ਼ਾ ਖੜ੍ਹੀ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦ ਕੁਲਦੀਪ ਸਿੰਘ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ ਇੱਕ ਕਰੋੜ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ ਅਤੇ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਭੇਜੀ ਰਾਸੀ ਪਹਿਲੀ ਕਿਸਤ ਪੰਜ ਲੱਖ ਰੁਪਏ ਪੱਚੀ ਹਜ਼ਾਰ ਰੁਪਏ ਦੇ ਚੈੱਕ ਵੀ ਦਿੱਤੇ ਗਏ।

ਇਸ ਮੌਕੇ ਸਾਬਕਾ ਸੈਨਿਕ ਵੈੱਲਫੇਅਰ ਕਮੇਟੀ ਪੰਜਾਬ ਦੇ ਚੇਅਰਮੈਨ ਸੂਬੇਦਾਰ ਸੇਵਾ ਸਿੰਘ, ਅਮਰਜੀਤ ਸਿੰਘ, ਸਾਹਿਬ ਸਿੰਘ, ਸੂਬੇਦਾਰ ਹੈਦਰ ਸਿੰਘ, ਕਮੇਟੀ ਦੇ ਵਾਈਸ ਪ੍ਰਧਾਨ ਤਸਵੀਰ ਸਿੰਘ, ਐਡਵੋਕੇਟ ਪ੍ਰਦੀਪ ਸਿੰਘ ਪੀਏ, ਗੁਰਬਾਜ ਸਿੰਘ, ਦਿਲਬਾਗ ਸਿੰਘ, ਗੁਰਨਾਮ ਸਿੰਘ, ਮਾਣਕ ਸਿੰਘ ਹੈਪੀ, ਅਰਵਿੰਦਰ ਸਿੰਘ, ਸਾਹਿਬ ਸਿੰਘ ਮੁਰਾਦਪੁਰ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ।

# ਸੜਕ ਧੱਸਣ ਕਾਰਨ ਭਾਰੀ ਵਹੀਕਲਾਂ ਦੇ ਲੰਘਣ 'ਤੇ ਰੋਕ



ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਨੇ ਕਰੋੜਾਂ ਰੁਪਏ ਦੀ ਲਾਗਤ ਨਾਲ ਛੋਟਾ ਘੱਲੂਘਾਰਾ ਮੈਮੋਰੀਅਲ 1946 ਦੇ ਸ਼ਹੀਦਾਂ ਦੀ ਯਾਦਗਾਰ ਬਣਾਈ ਸੀ ਤੇ ਜਿਸ ਨੂੰ ਜਾਣ ਵਾਲੀ ਸੜਕ ਪਿਛਲੇ ਦਿਨੀਂ ਹੋਈ ਭਾਰੀ ਬਾਰਸ਼ ਕਾਰਨ ਹੇਠਾਂ ਨੂੰ ਧੱਸ ਗਈ ਸੀ। ਨਵਾਂ ਜ਼ਮਾਨਾ ਵਿਚ ਖ਼ਬਰ ਪ੍ਰਕਾਸ਼ਿਤ ਹੋਣ ਨਾਲ ਜ਼ਿਲ੍ਹਾ ਪ੍ਰਸ਼ਾਸਨ ਨੇ ਸੜਕ ਤੋਂ ਭਾਰੀ ਵਹੀਕਲ ਦੇ ਲੰਘਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਸੰਬੰਧੀ ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਇਹ ਸੜਕ ਸ਼ਹੀਦਾਂ ਦੀ ਯਾਦਗਾਰ ਨੂੰ ਜਾਣ ਵਾਲੀ ਠੇਕੇਦਾਰ ਦੋ-ਤਿੰਨ ਵਾਰ ਬਣਾਈ ਅਤੇ ਪਾਣੀ ਦੇ ਨਿਕਾਸ ਵਾਸਤੇ ਪੁਲੀ ਵੀ ਪਾਈ ਸੀ। ਹੁਣ ਹੋਈ ਭਾਰੀ ਵਰਖਾ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਇਲਾਕਾ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸੜਕ ਦੀ ਮੁਰੰਮਤ ਕਰਵਾਉਣ ਵਾਸਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਜਿਸ ਨਾਲ ਬਿਨ੍ਹਾਂ ਕਿਸੇ ਰੁਕਾਵਟ ਦੇ ਆਵਜਾਈ ਨਿਰੰਤਰ ਜਾਰੀ ਰਹੇ।

# ਬਹਿਰਾਮਪੁਰ 'ਚ ਹੋਈ ਬੇਅਦਬੀ ਦੀ ਧਾਮੀ ਨੇ ਕੀਤੀ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਬਹਿਰਾਮਪੁਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਵਾਪਰੀ ਘਟਨਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਸਰਵਉੱਚ ਹੈ, ਜਿਸ ਦੀ ਬੇਅਦਬੀ ਦੀਆਂ ਘਟਨਾਵਾਂ ਸਿੱਖ ਮਾਨਸਿਕਤਾ ਨੂੰ ਪੀੜਾ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਤਾਜ਼ਾ ਘਟਨਾ ਗੁਰਦੁਆਰਾ ਛੇਵੀਂ ਪਾਤਸ਼ਾਹੀ ਪਿੰਡ ਬਹਿਰਾਮਪੁਰ (ਗੁਰਦਾਸਪੁਰ) ਵਿਖੇ ਵਾਪਰੀ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਕੁਝ ਪੰਥ ਦੋਖੀ ਲੋਕ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ, ਪਰ ਬੇਅਦਬੀ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾਵਾਂ ਨਾ ਮਿਲਣ ਕਾਰਨ ਅਜਿਹੇ ਲੋਕਾਂ ਦੇ ਹੌਸਲੇ ਵੱਧ ਰਹੇ ਹਨ। ਉਨ੍ਹਾਂ ਦੱਸਿਆ ਕਿ ਘਟਨਾ ਬਾਰੇ ਪਤਾ ਲੱਗਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਚਾਰਕਾਂ ਦੀ ਇਕ ਟੀਮ ਨੂੰ ਮੌਕੇ 'ਤੇ ਭੇਜਿਆ ਗਿਆ ਹੈ, ਤਾਂ ਜੋ ਘਟਨਾ ਦੀ ਪੂਰੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਥਾਵਾਂ 'ਤੇ ਬੇਅਦਬੀ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਜੋ ਸਰਕਾਰ ਦੀ ਨਾਕਾਮੀ ਦਾ ਨਤੀਜਾ ਹੈ। ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਅਸਲ ਦੋਸ਼ੀਆਂ ਤੱਕ ਨਾ ਪਹੁੰਚਣ ਕਰਕੇ ਸੰਗਤਾਂ ਅੰਦਰ ਭਾਰੀ ਰੋਸ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੂੰ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਦੋਸ਼ੀਆਂ 'ਤੇ ਸ਼ਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਅਜਿਹੀਆਂ ਘਟਨਾਵਾਂ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਤੋਂ ਪਰਦਾ ਚੁੱਕਿਆ ਜਾ ਸਕੇ।

# ਸੰਕਟ ਦੀ ਘੜੀ 'ਚ ਹੜ੍ਹ ਪੀੜਤਾਂ ਦੀ ਮਦਦ ਲਈ ਡਾ: ਐੱਸ ਪੀ ਸਿੰਘ ਉਬਰਾਏ ਆਏ ਅੱਗੇ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸ਼ਖਸੀਅਤ ਡਾਕਟਰ ਐਸ. ਪੀ. ਸਿੰਘ ਉਬਰਾਏ ਦੀ ਯੋਗ ਅਗਵਾਈ ਹੇਠ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਇਕਾਈ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਸੈਕਟਰੀ ਇੰਦਰਪ੍ਰੀਤ ਸਿੰਘ ਰਿੱਕੀ, ਸਲਾਹਕਾਰ ਰਜਿੰਦਰ ਸਿੰਘ ਰਾਜੂ ਸਰਪੰਚ, ਰੋਹਿਤ ਕੁਮਾਰ ਤੇ ਈਸ਼ੂ ਰਾਂਚਲ ਵਲੋਂ ਅੱਜ ਪੁਲਿਸ ਜ਼ਿਲ੍ਹਾ ਬਟਾਲਾ ਦੇ ਐੱਸ. ਐੱਸ. ਪੀ. ਮੈਡਮ ਅਸ਼ਵਿਨੀ ਗੋਟਿਆਲ (ਆਈ.ਪੀ.ਐਸ) ਅਤੇ ਐੱਸ. ਡੀ. ਐਮ. ਬਟਾਲਾ ਮੈਡਮ ਸ਼ਾਇਰੀ ਭੰਡਾਰੀ (ਪੀ. ਸੀ. ਐਸ.) ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਮਾਨਯੋਗ ਡਾਕਟਰ ਐੱਸ. ਪੀ. ਸਿੰਘ ਓਬਰਾਏ ਵੱਲੋਂ ਸੂਬੇ ਭਰ ਵਿੱਚ ਹੜ੍ਹਾਂ ਦੇ ਕਾਰਨ ਬਣੇ ਸੰਭਾਵੀ ਹਾਲਾਤ ਨਾਲ ਨਜਿੱਠਣ ਵਾਸਤੇ ਹੜ੍ਹ ਪੀੜਤਾਂ ਦੇ ਲਈ ਚਲਾਏ ਜਾ ਰਹੇ ਰਾਹਤ ਕਾਰਜਾਂ ਨੂੰ ਲੈ ਕੇ ਜ਼ਿਲ੍ਹੇ ਦੇ ਸੀਨੀਅਰ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਐਸ. ਐਸ. ਪੀ. ਅਸ਼ਵਿਨੀ ਗੋਟਿਆਲ ਅਤੇ ਐੱਸ. ਡੀ. ਐਮ. ਸ਼ਾਇਰੀ ਭੰਡਾਰੀ ਵੱਲੋਂ ਸਤਿਕਾਰਯੋਗ ਡਾਕਟਰ ਐਸ. ਪੀ. ਸਿੰਘ ਉਬਰਾਏ ਵੱਲੋਂ ਇਸ ਸੰਕਟ ਦੀ ਘੜੀ ਵਿੱਚ ਕੀਤੇ ਜਾ ਰਹੇ ਪਰਉਪਕਾਰੀ ਤੇ ਨੇਕ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਦੌਰਾਨ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਸੀਨੀਅਰ ਅਧਿਕਾਰੀਆਂ ਨੂੰ ਹੜ੍ਹ ਪੀੜਤਾਂ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਰੀਡਰ ਹਰਜੀਤ ਸਿੰਘ ਮਧਰਾ, ਸੁੰਦਰ ਕੁਮਾਰ ਤੇ ਹੋਰ ਮੈਂਬਰ ਹਾਜ਼ਰ ਸਨ।

# ਸ਼ਬਦ ਸਾਂਝ ਲਾਇਬ੍ਰੇਰੀ ਵਿਖੇ ਗ੍ਰੇਟ ਸਪੋਰਟਸ ਕਲਚਰਲ ਕਲੱਬ ਇੰਡੀਆ ਦੀ ਟੀਮ ਵੱਲੋਂ ਫੇਰੀ



ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਪਿੰਡ ਮਾਨ ਸੈਡਵਾਲ ਦੀ ਸ਼ਬਦ ਸਾਂਝ ਲਾਇਬ੍ਰੇਰੀ ਵਿਖੇ ਗ੍ਰੇਟ ਸਪੋਰਟਸ ਕਲਚਰਲ ਕਲੱਬ ਇੰਡੀਆ ਦੀ ਟੀਮ ਉਚੇਚੇ ਤੌਰ 'ਤੇ ਪਹੁੰਚੀ। ਇਸ ਮੌਕੇ ਲਾਇਬ੍ਰੇਰੀ ਮੈਂਬਰਾਂ ਵੱਲੋਂ ਉਹਨਾਂ ਦਾ ਭਰਵਾਂ ਸੁਆਗਤ ਕੀਤਾ ਗਿਆ। ਕਲੱਬ ਦੇ ਰਾਸ਼ਟਰੀ ਪ੍ਰਧਾਨ ਨਵਦੀਪ ਸਿੰਘ ਨੇ ਇਸ ਗੱਲ ਦੀ ਖੁਸ਼ੀ ਪ੍ਰਗਟਾਈ ਕੇ ਪਿੰਡ ਵਿੱਚ ਵਧੀਆ ਤੇ ਸੁਚਾਰੂ ਢੰਗ ਨਾਲ ਲਾਇਬ੍ਰੇਰੀ ਚਲਾ ਕੇ ਲੋਕਾਂ ਨੂੰ ਕਿਤਾਬਾਂ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕੀ ਅੱਜ ਜਦੋਂ ਸਾਡੇ ਸਮਾਜ ਵਿੱਚ ਨਸ਼ੇ ਵੱਧ ਗਏ ਹਨ ਤੇ ਇਨ੍ਹਾਂ ਨਾਲ ਹੀ ਅਪਰਾਧਿਕ ਗਤੀਵਿਧੀਆਂ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਅਜਿਹੇ ਵਿੱਚ ਜ਼ਿੰਦਗੀ ਨੂੰ ਸੇਧ ਦੇਣ ਵਾਲੀਆਂ ਕਿਤਾਬਾਂ ਲੋਕਾਂ ਤੱਕ ਪਹੁੰਚਦੀਆਂ ਕਰਨਾ ਸ਼ਲਾਘਾਯੋਗ ਕਾਰਜ ਹੈ। ਕਲੱਬ ਦੇ ਸਲਾਹਕਾਰ ਗੁਰਪ੍ਰੀਤ ਸੰਧੂ ਨੇ ਕਿਹਾ ਕੇ ਪਿੰਡ ਵਿੱਚ ਲਾਇਬ੍ਰੇਰੀ ਸਥਾਪਤ ਕਰਨਾ ਤੇ ਫਿਰ ਸਮੇਂ ਸਮੇਂ ਤੇ ਸਾਹਿਤਕ ਗਤੀਵਿਧੀਆਂ ਕਰਵਾਉਂਦੇ ਰਹਿਣ ਲਈ ਲਾਇਬ੍ਰੇਰੀਅਨ ਜਸਦੇਵ ਮਾਨ ਤੇ ਸਮੂਹ ਮੈਂਬਰ ਵਧਾਈ ਦੇ ਹੱਕਦਾਰ ਹਨ। ਇਸ ਮੌਕੇ ਸਲਾਹਕਾਰ ਰਾਜ ਕੰਵਲ ਰੰਧਾਵਾ, ਮਨੂੰ, ਗਗਨ ਮਾਨ, ਬਿਕਰਮਜੀਤ ਸਿੰਘ, ਸ਼ਰਨਜੀਤ ਸਿੰਘ, ਪਵਨਦੀਪ ਕੌਰ ਤੇ ਲਾਇਬ੍ਰੇਰੀਅਨ ਜਸਦੇਵ ਮਾਨ ਹਾਜ਼ਰ ਸਨ।

# ਖ਼ਾਲਸਾ ਪਬਲਿਕ ਸਕੂਲ ਦੇ ਹਰਸ਼ ਸ਼ਰਮਾ ਨੇ ਜੂਡੋ 'ਚ ਜਿੱਤਿਆ ਕਾਂਸੇ ਦਾ ਤਮਗਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਰੋਡ ਦੇ ਵਿਦਿਆਰਥੀ ਹਰਸ਼ ਸ਼ਰਮਾ ਨੇ ਤੋਰਨਗੋਲੂ (ਕਰਨਾਟਕਾ) ਵਿਖੇ 'ਨੈਸ਼ਨਲ ਕੈਡੇਟ ਜੂਡੋ ਚੈਂਪੀਅਨਸ਼ਿਪਸ-2023-24' 'ਚ ਜੂਡੋ ਦੇ ਸ਼ਾਨਦਾਰ ਮੁਜ਼ਾਹਰੇ ਸਦਕਾ ਕਾਂਸੇ ਦਾ ਤਮਗਾ ਪ੍ਰਾਪਤ ਕਰ ਕੇ ਸਕੂਲ, ਜ਼ਿਲ੍ਹੇ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਮੌਕੇ ਸਕੂਲ ਪ੍ਰਿੰਸੀਪਲ ਅਮਰਜੀਤ ਸਿੰਘ ਗਿੱਲ ਨੇ ਜੇਤੂ ਵਿਦਿਆਰਥੀ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਹਰਸ਼ ਸ਼ਰਮਾ ਨੇ 81 ਕਿਲੋ ਕੈਟਾਗਰੀ 'ਚ ਕਾਂਸੇ ਦਾ ਤਮਗਾ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਉਕਤ ਮੁਕਾਬਲੇ ਦੌਰਾਨ ਸਮੂਹ ਭਾਰਤ ਤੋਂ ਖਿਡਾਰੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ, ਜਿਸ 'ਚ ਹਰਸ਼ ਸ਼ਰਮਾ ਨੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਸਕੂਲ ਦਾ ਮਾਣ ਵਧਾਇਆ ਹੈ। ਇਸ ਮੌਕੇ ਪ੍ਰਿੰ: ਗਿੱਲ ਨੇ ਡੀ. ਪੀ. ਗੁਰਪ੍ਰੀਤ ਸਿੰਘ ਨੂੰ ਵਧਾਈ ਦਿੰਦਿਆਂ ਵਿਦਿਆਰਥੀ ਨੂੰ ਕਰਵਾਏ ਸਖ਼ਤ ਅਭਿਆਸ ਦੀ ਸ਼ਲਾਘਾ ਕੀਤੀ।

ਇਸ ਮੌਕੇ ਉਨ੍ਹਾਂ ਹੋਰ ਬੱਚਿਆਂ ਲਈ ਭਵਿੱਖ 'ਚ ਇਸੇ ਤਰ੍ਹਾਂ ਬੁਲੰਦੀਆਂ ਨੂੰ ਛੂਹਣ ਦੀ ਕਾਮਨਾ ਕੀਤੀ।

# ਪਾਣੀ-ਪਾਣੀ ਹੋਏ ਪੰਜਾਬ ਲਈ ਮਾਨ ਸਰਕਾਰ ਹੋਰ ਸੰਜੀਦਗੀ ਦਿਖਾਵੇ: ਛੀਨਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਭਾਜਪਾ ਦੇ ਸੀਨੀਅਰ ਆਗੂ ਅਤੇ ਅੰਮ੍ਰਿਤਸਰ ਲੋਕ ਸਭਾ ਹਲਕਾ ਇੰਚਾਰਜ਼ ਰਜਿੰਦਰ ਮੋਹਨ ਸਿੰਘ ਛੀਨਾ ਨੇ ਸੂਬੇ ਦੀ ਆਪ ਸਰਕਾਰ ਅਤੇ ਖਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਟਿੱਚਰਾਂ ਕਰਨ ਵਾਲੀ ਬਿਆਨਬਾਜ਼ੀਆਂ ਤੋਂ ਗੁਰੇਜ਼ ਕਰਨ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਪੀੜਤਾਂ ਨੂੰ ਰਾਹਤ ਸਮੱਗਰੀ ਅਤੇ ਮੁਆਵਜ਼ਾ ਦੇਣ ਲਈ ਸੰਜੀਦਗੀ ਵਿਖਾਉਣ। ਮਾਨ ਦੀ ਨਾਸਮਝੀ ਕਾਰਨ ਅੱਜ ਸੂਬਾ 'ਪਾਣੀ-ਪਾਣੀ' ਹੋ ਗਿਆ ਹੈ, ਕਿਉਂਕਿ ਸਮਾਂ ਰਹਿੰਦਿਆਂ ਪ੍ਰਸ਼ਾਸ਼ਨ ਆਉਣ ਵਾਲੀ ਚੁਣੌਤੀ ਨਾਲ ਨਜਿੱਠਣ ਲਈ ਤਿਆਰ ਹੀ ਨਹੀਂ ਸੀ।

ਸ: ਛੀਨਾ ਨੇ ਕਿਹਾ ਕਿ ਜਦੋਂ ਤੋਂ ਸੂਬੇ ਵਿਚਲੀ ਆਪ ਸਰਕਾਰੀ ਆਈ ਹੈ, ਉਦੋਂ ਤੋਂ ਹੀ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋਏ ਹਨ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਸੱਤਾ 'ਤੇ ਕਾਬਜ਼ ਹੋਣ ਉਪਰੰਤ ਕੇਜਰੀਵਾਲ ਦੇ ਹੱਥਾਂ ਦੀ ਕੱਠਪੁਤਲੀ ਬਣਕੇ ਡਾਇਲਗਬਾਜ਼ੀ ਵਧੇਰੇ ਕੀਤੀ ਅਤੇ ਵਿਕਾਸ ਤੇ ਲੋਕ ਭਲਾਈ ਦੇ ਕੰਮ ਘੱਟ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਸਮਾਂ ਰਹਿੰਦਿਆਂ ਸੂਝ-ਬੂਝ ਨਾਲ ਕੰਮ ਕਰਦੇ ਤਾਂ ਸ਼ਾਇਦ ਅੱਜ ਪੰਜਾਬ ਦੇ ਹਾਲਾਤ ਬੇਹਤਰ ਹੋਣੇ ਸਨ। ਉਨ੍ਹਾਂ ਕਿਹਾ ਕਿ ਇੰਨ੍ਹੇ ਦਿਨ ਬੀਤ ਜਾਣ ਦੇ ਬਾਵਜੂਦ ਵੀ ਮੁੱਖ ਮੰਤਰੀ ਹੜ੍ਹ ਦੀ ਸਥਿਤੀ ਨਾਲ ਨਜਿੱਠਣ ਲਈ ਕੋਈ ਢੁੱਕਵਾਂ ਰਾਹ ਨਹੀਂ ਲੱਭ ਸਕੇ ਅਤੇ ਅੱਜ ਵੀ ਸੂਬੇ ਦੇ ਬਹੁਤ ਇਲਾਕਿਆਂ ਦੀ ਸਥਿਤੀ ਅਤਿ ਤਰਸਯੋਗ ਬਣਦੀ ਜਾ ਰਹੀ ਹੈ।

# ਯੂਥ ਕਾਂਗਰਸ ਦੇ ਜੇਤੂ ਅਹੁਦੇਦਾਰਾਂ ਨੂੰ ਅਰੁਣਾ ਚੌਧਰੀ ਦਾ ਮਿਲਿਆ ਆਸ਼ੀਰਵਾਦ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਯੂਥ ਕਾਂਗਰਸ ਦੀਆਂ ਚੋਣਾਂ ਵਿੱਚ ਜੇਤੂ ਰਹਿਣ ਤੋਂ ਬਾਅਦ ਅੱਜ ਨਵ-ਨਿਯੁਕਤ ਹਲਕਾ ਦੀਨਾਨਗਰ ਪ੍ਰਧਾਨ ਰੰਮੀ ਠਾਕੁਰ, ਜ਼ਿਲ੍ਹਾ ਮੀਤ ਪ੍ਰਧਾਨ ਦੀਪਕ ਰਾਜ ਬਹਿਰਾਮਪੁਰ ਅਤੇ ਸੂਬਾ ਜਨਰਲ ਸਕੱਤਰ ਹਿਮਾਂਸ਼ੂ ਗੋਸਾਂਈ ਸਮੇਤ ਤਮਾਮ ਅਹੁਦੇਦਾਰਾਂ ਵੱਲੋਂ ਵਿਧਾਇਕਾ ਅਰੁਣਾ ਚੌਧਰੀ ਅਤੇ ਸੀਨੀਅਰ ਨੇਤਾ ਅਸ਼ੋਕ ਚੌਧਰੀ ਦੇ ਗ੍ਰਹਿ ਪਹੁੰਚ ਕੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਮੌਕੇ ਅਰੁਣਾ ਚੌਧਰੀ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਹਾਰ ਪਹਿਨਾ ਕੇ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਅਸ਼ੋਕ ਚੌਧਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਦੇਸ਼ ਅੰਦਰ ਯੂਥ ਕਾਂਗਰਸ ਦੀਆਂ ਚੋਣਾਂ ਕਰਵਾ ਕੇ ਇੱਕ ਮਿਸਾਲ ਕਾਇਮ ਕੀਤੀ ਹੈ ਜਦਕਿ ਦੂਜੀਆਂ ਪਾਰਟੀਆਂ ਅੱਜ ਵੀ ਪਰਿਵਾਰਵਾਦ ਦੇ ਮੋਹ 'ਚ ਫਸੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਰਾਹੀਂ ਪਾਰਟੀ ਲਈ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਬਿਨ੍ਹਾਂ ਕਿਸੇ ਪੱਖਪਾਤ ਤੋਂ ਚੋਣ ਲੜਣ ਅਤੇ ਜਿੱਤ ਕੇ ਅੱਗੇ ਵਧਣ ਦਾ ਅਧਿਕਾਰ ਦਿੱਤਾ ਜਾਂਦਾ ਹੈ ਅਤੇ ਇਨ੍ਹਾਂ ਚੋਣਾਂ ਜ਼ਰੀਏ ਹੀ ਕਈ ਅਜਿਹੇ ਨੌਜਵਾਨ ਅਹਿਮ ਅਹੁਦਿਆਂ 'ਤੇ ਬਿਰਾਜਮਾਨ ਹੋਏ ਹਨ, ਜਿਨ੍ਹਾਂ ਦਾ ਕੋਈ ਸਿਆਸੀ ਪਿਛੋਕੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਜ਼ਰੀਏ ਰਾਹੁਲ ਗਾਂਧੀ ਦੀ ਪਛਾਣ ਅਤੇ ਕੱਦ ਪਹਿਲਾਂ ਨਾਲੋਂ ਵੀ ਵਧੇਰੇ ਉੱਚਾ ਹੋਇਆ ਹੈ ਅਤੇ ਵੱਡੀ ਗਿਣਤੀ ਯੂਥ ਕਾਂਗਰਸ ਪਾਰਟੀ ਨਾਲ ਜੁੜਿਆ ਹੈ। ਇਸ ਦੌਰਾਨ ਨਵ-ਨਿਯੁਕਤ ਪ੍ਰਧਾਨ ਰੰਮੀ ਠਾਕੁਰ ਅਤੇ ਹੋਰਨਾਂ ਅਹੁਦੇਦਾਰਾਂ ਨੇ ਭਰੋਸਾ ਦਿੱਤਾ ਕਿ ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਮਿਹਨਤ ਕਰਦੇ ਹੋਏ ਕਾਂਗਰਸ ਪਾਰਟੀ ਦੀ ਮਜ਼ਬੂਤੀ ਤੇ ਤਰੱਕੀ ਲਈ ਕੰਮ ਕਰਨਗੇ। ਉਨ੍ਹਾਂ ਯੂਥ ਕਾਂਗਰਸ ਦੀਆਂ ਚੋਣਾਂ ਜ਼ਰੀਏ ਨਵੇਂ ਨੌਜਵਾਨਾਂ ਨੂੰ ਅੱਗੇ ਆਉਣ ਦਾ ਮੌਕਾ ਪ੍ਰਦਾਨ ਕਰਨ ਲਈ ਰਾਹੁਲ ਗਾਂਧੀ ਦੀ ਉਸਾਰੂ ਸੋਚ ਦੀ ਸ਼ਲਾਘਾ ਕੀਤੀ ਅਤੇ ਹਲਕੇ ਅੰਦਰ ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ, ਸੀਨੀਅਰ ਨੇਤਾ ਅਸ਼ੋਕ ਚੌਧਰੀ ਅਤੇ ਯੂਥ ਨੇਤਾ ਅਭਿਨਵ ਚੌਧਰੀ ਨੂੰ ਆਪਣਾ ਪ੍ਰੇਰਨਾਸਰੋਤ ਦੱਸਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹਾਜ਼ਰ ਵੱਡੀ ਗਿਣਤੀ ਨੌਜਵਾਨਾਂ ਵੱਲੋਂ ਵਿਧਾਇਕਾ ਅਰੁਣਾ ਚੌਧਰੀ ਦੇ ਹੱਕ ਵਿੱਚ ਨਾਅਰੇ ਲਗਾਉਂਦਿਆਂ ਕਿਹਾ ਕਿ ਦੀਨਾਨਗਰ ਹਲਕੇ ਦਾ ਸਾਰਾ ਯੂਥ ਹੁਣ ਉਨ੍ਹਾਂ ਦੇ ਨਾਲ ਹੈ।

# ਸੇਵਾ ਸੁਸਾਇਟੀ ਭੀਲੋਵਾਲ ਨੇ ਸਕੂਲ 'ਚ ਬੂਟੇ ਲਾਉਣ ਦੀ ਸੇਵਾ ਨਿਭਾਈ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਗੁਰਦੁਆਰਾ ਕਲਿਆਨਸਰ ਸਾਹਿਬ ਫ੍ਰੀ ਬੂਟੇ ਸੇਵਾ ਸੁਸਾਇਟੀ ਭੀਲੋਵਾਲ ਵੱਲੋਂ ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਚੰਨਣਕੇ ਵਿਖੇ ਸਜਾਵਟੀ, ਫਲਦਾਰ, ਛਾਂਦਾਰ ਬੂਟੇ ਲਾਏ ਗਏ ਜਿਸ ਵਿੱਚ ਬੱਚਿਆਂ ਨੂੰ ਦੋ-ਦੋ ਬੂਟੇ ਦੇ ਕੇ ਉਨ੍ਹਾਂ ਨੂੰ ਪਾਲਣ ਦੀ ਜ਼ਿੰਮੇਵਾਰੀ ਦਿੱਤੀ ਗਈ ਤਾਂ ਕਿ ਬੱਚਿਆਂ ਦੀ ਸੋਚ ਵਾਤਾਵਰਣ ਨੂੰ ਬਚਾਉਣ ਪ੍ਰਤੀ ਬਣ ਸਕੇ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਨਵਨੀਤ ਕੌਰ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਾਤਾਵਰਣ ਨੂੰ ਸਾਂਭਣ ਲਈ ਵੱਧ ਤੋਂ ਵੱਧ ਬੂਟੇ ਲਾਉਣੇ ਚਾਹੀਦੇ ਹਨ ਜਿਨ੍ਹਾਂ ਨੂੰ ਅੱਜ ਇਨਸਾਨ ਬਚਾਉਣ ਦੀ ਬਜਾਏ ਧੜਾ-ਧੜ ਵੱਢ ਰਿਹੈ ਅਤੇ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ, ਪਰ ਜੇਕਰ ਅਸੀਂ ਕੁਦਰਤ ਨਾਲ ਇਸੇ ਤਰ੍ਹਾਂ ਖੇਡਦੇ ਰਹੇ ਤਾਂ ਭਿਆਨਕ ਸਮਾਂ ਬਹੁਤ ਨੇੜੇ ਦਿਸ ਰਿਹਾ ਹੈ ਜਿਸ ਦੀ ਸ਼ੁਰੂਆਤ ਵੀ ਹੋ ਚੁੱਕੀ ਹੈ। ਇਸ ਮੌਕੇ ਫ੍ਰੀ ਬੂਟੇ ਸੇਵਾ ਸੁਸਾਇਟੀ ਦੇ ਆਗੂ ਵਿਨੋਦ ਸ਼ਰਮਾ ਨੇ ਸਕੂਲ ਅਤੇ ਘਰਾਂ ਵਿੱਚ ਪਿਛਲੇ ਸਾਲ ਲਾਏ ਗਏ ਬੂਟਿਆਂ ਨੂੰ ਪਾਲਣ ਵਿੱਚ ਸਹਿਯੋਗ ਦੇਣ ਵਾਲੇ ਟੀਚਰ ਅਤੇ ਬੱਚਿਆਂ ਨੂੰ ਮਾਣ-ਪੱਤਰ ਦੇ ਕਿ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਸਮਾਜ ਸੇਵਕ ਬਾਬਾ ਸੁਖਵੰਤ ਸਿੰਘ ਚੰਨਣਕੇ, ਵਿਨੋਦ ਸ਼ਰਮਾ, ਮੁੱਖ ਅਧਿਆਪਕ ਮੈਡਮ ਨਵਨੀਤ ਕੌਰ, ਗੁਰਮੀਤ ਕੌਰ, ਕਿਰਨਦੀਪ ਕੌਰ, ਸੰਦੀਪ ਕੌਰ, ਕਵਲਜੀਤ ਕੌਰ, ਕਰਮਜੀਤ ਕੌਰ, ਲਵਦੀਪ ਕੌਰ, ਸਿਮਰਨਜੀਤ ਕੌਰ ਅਤੇ ਸਪਨੋਤ ਕੌਰ ਆਦਿ ਸ਼ਾਮਿਲ ਸਨ।

# ਵਿਭੂਤੀ ਸ਼ਰਮਾ ਨੇ 15 ਲੱਖ 2000 ਦੀ ਲਾਗਤ ਨਾਲ ਬਣੇ ਕਮਰਿਆਂ ਦਾ ਕੀਤਾ ਉਦਘਾਟਨ



ਪਠਾਨਕੋਟ ਦਵਿੰਦਰ ਸਿੰਘ)-ਜ਼ਿਲ੍ਹਾ ਸਪੈਸ਼ਲ ਰਿਸੋਰਸ ਸੈਂਟਰ ਸਰਕਾਰੀ ਪ੍ਰਾਇਮਰੀ ਸਕੂਲ ਮਾਡਲ ਟਾਊਨ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਦੀ ਅਗਵਾਈ ਹੇਠ ਅਤੇ ਬੀਪੀਈਓ ਕੁਲਦੀਪ ਸਿੰਘ ਦੀ ਦੇਖਰੇਖ ਵਿੱਚ ਸਪੈਸ਼ਲ ਬੱਚਿਆਂ ਲਈ 15 ਲੱਖ 2000 ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਕਮਰਿਆਂ ਦਾ ਉਦਘਾਟਨ ਵਿਭੂਤੀ ਸ਼ਰਮਾ ਚੇਅਰਮੈਨ ਪੰਜਾਬ ਸੈਰ ਸਪਾਟਾ ਵਿਭਾਗ ਨਿਗਮ ਨੇ ਮੁੱਖ ਮਹਿਮਾਨ ਵਜੋਂ ਪਹੁੰਚ ਕੇ ਕੀਤਾ। ਜਦਕਿ ਇਨਰਵ੍ਹੀਲ ਕਲੱਬ, ਲਾਇਨਜ਼ ਕਲੱਬ, ਨਿਊ ਈਰਾ ਕਲੱਬ, ਆਨੰਦ ਵਾਹਿਨੀ, ਸਕਸ਼ਮ ਸਮੇਤ ਵੱਖ-ਵੱਖ ਐਨਜੀਓ ਦੇ ਨੁਮਾਇੰਦਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਮਾਰੋਹ ਦੌਰਾਨ ਵਿਭੂਤੀ ਸਰਮਾ ਵੱਲੋਂ ਵੱਖ-ਵੱਖ ਐਨਜੀਓ ਦੇ ਨੁਮਾਇੰਦਿਆਂ ਨੂੰ ਸਕੂਲ ਲਈ ਯੋਗਦਾਨ ਦੇਣ ਲਈ ਸਨਮਾਨ ਚਿੰਨ੍ਹ ਦੇ ਕੇ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਤੇ ਡਿਸਏਬਲ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ ਕਰ ਵਾਹਾਵਾਹੀ ਲੁੱਟੀ ਗਈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਚੇਅਰਮੈਨ ਵਿਭੂਤੀ ਸ਼ਰਮਾ ਨੇ ਦੱਸਿਆ ਕਿ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਉਨ੍ਹਾਂ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਿੱਖਿਆ ਨੂੰ ਮੁੱਖ ਰੱਖਦਿਆਂ 15 ਲੱਖ 2000 ਦੀ ਰਾਸ਼ੀ ਨਾਲ ਵਿਭਾਗ ਵੱਲੋਂ ਤਿਆਰ ਕੀਤੇ ਗਏ ਬਹੁਤ ਹੀ ਸੁੰਦਰ ਕਮਰਿਆਂ ਦਾ ਉਦਘਾਟਨ ਕੀਤਾ ਗਿਆ ਹੈ। ਵਿਭਾਗ ਵੱਲੋਂ ਕੀਤਾ ਗਿਆ ਕੰਮ ਕਾਬਿਲੇ ਤਾਰੀਫ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਮੁੱਖ ਉਦੇਸ ਹਰ ਇੱਕ ਤੱਕ ਸਿੱਖਿਆ ਅਤੇ ਸਿਹਤ ਸਹੂਲਤਾਂ ਪਹਿਲ ਦੇ ਆਧਾਰ ਤੇ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਦਿਆ ਦੀ ਨਹੀਂ, ਸਗੋਂ ਹੌਸਲੇ ਅਤੇ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਉਹ ਵੀ ਆਮ ਬੱਚਿਆਂ ਵਾਂਗ ਆਪਣਾ ਜੀਵਨ ਜੀਅ ਸਕਣ। ਉਨ੍ਹਾਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਅਤੇ ਸਪੈਸ਼ਲ ਰਿਸੋਰਸ ਸੈਂਟਰ ਵਿੱਚ ਦਾਖਲ ਕਰਵਾਉਣ ਤਾਂ ਜੋ ਇਹ ਬੱਚੇ ਵੀ ਅੱਗੇ ਵਧ ਸਕਣ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀ ਸਰਕਾਰ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਹਰ ਤਰ੍ਹਾਂ ਦੀ ਸੁਵਿਧਾ ਰਿਸੋਰਸ ਸੈਂਟਰ ਵਿਖੇ ਉਪਲੱਬਧ ਕਰਵਾਉਣ ਲਈ ਵੱਡੇ ਪੱਧਰ ਤੇ ਫੰਡ ਜਾਰੀ ਕੀਤੇ ਜਾਣਗੇ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕੁਲਦੀਪ ਸਿੰਘ ਵੱਲੋਂ ਪ੍ਰੋਗਰਾਮ ਦੇ ਅੰਤ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਵੱਖ-ਵੱਖ ਐਨਜੀਓ ਵੱਲੋਂ ਭਵਿੱਖ ਵਿੱਚ ਹੋਰ ਜ਼ਿਆਦਾ ਸਹਿਯੋਗ ਦੀ ਕਾਮਨਾ ਕੀਤੀ। ਇਸ ਮੌਕੇ ਪਾਇਲ ਅਗਰਵਾਲ, ਕਵਿਤਾ ਹਾਂਡਾ, ਰਿਆ ਆਹੂਜਾ, ਰਾਧਿਕਾ ਮਹਾਜਨ, ਮੇਘਾ ਮਹਾਜਨ, ਰਮਾ ਗੁਪਤਾ, ਸਾਲੂ ਮਹਾਜਨ, ਅਜਮੇਰ ਸਿੰਘ, ਰੇਖਾ, ਡਾ. ਵਰਨਾ, ਡਾ. ਹਰਸ਼ਿਤਾ, ਕ੍ਰਿਸ਼ਨਾ ਅਗਰਵਾਲ, ਅਨਿਲ ਮਹਿਤਾ, ਸੁਧੀਰ ਗੁਪਤਾ, ਸੰਤੋਸ਼ ਰਾਣਾ, ਸੁਜਾਤਾ, ਉਮਾ ਭਾਰਤੀ, ਡਾ. ਮਨਦੀਪ ਸ਼ਰਮਾ, ਰਾਕੇਸ ਕੁਮਾਰ, ਸਵਿਤਾ, ਰਿਤੂ ਸ਼ਰਮਾ, ਰਾਜੂ ਬਾਲਾ, ਸੁਨੀਤਾ, ਰੇਨੂੰ ਬਾਲਾ, ਇੰਦਰਜੀਤ, ਸੋਨੀਆ, ਸਵਿਤਾ ਆਈਈਵੀ, ਬਲਕਾਰ ਅੱਤਰੀ ਆਦਿ ਹਾਜ਼ਰ ਸਨ।

# ਭੁੱਲਰ ਨੇ ਆਪਣੇ ਖਰਚੇ 'ਤੇ ਹੜ੍ਹ ਪ੍ਰਭਾਵਿਤ ਪਸ਼ੂਆਂ ਲਈ 3000 ਬੋਰੀਆਂ ਫੀਡ, 2000 ਬੋਰੀਆਂ ਚੋਕਰ ਤੇ 14 ਟਰਾਲੀਆਂ ਚਾਰਾ ਵੰਡਿਆ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਹੜ੍ਹ ਕਾਰਨ ਜਿਲ੍ਹਾ ਤਰਨਤਾਰਨ ਦੇ ਕਰੀਬ 31 ਪਿੰਡ ਪ੍ਰਭਾਵਿਤ ਹੋਏ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਸਤਲੁਜ ਦਰਿਆ ਵਿੱਚ ਆਏ ਹੜ੍ਹਾਂ ਕਾਰਨ ਹਲਕਾ ਪੱਟੀ ਦੇ ਪ੍ਰਭਾਵਿਤ ਹੋਏ ਪਰਿਵਾਰਾਂ ਦੇ ਪਸ਼ੂਆਂ ਲਈ ਆਪਣੇ ਖਰਚੇ 'ਤੇ ਹੁਣ ਤੱਕ ਕਰੀਬ 3000 ਬੋਰੀਆਂ ਫੀਡ, 2000 ਬੋਰੀਆਂ ਚੋਕਰ ਅਤੇ 14 ਟਰਾਲੀਆਂ ਹਰੇ ਚਾਰਾ ਦੀਆਂ ਵੰਡੀਆਂ ਗਈਆਂ ਹਨ। ਕੈਬਨਿਟ ਪਿਛਲੇ ਕਈ ਦਿਨਾਂ ਤੋਂ ਹਲਕੇ ਵਿੱਚ ਡਟੇ ਹੋਏ ਹਨ ਅਤੇ ਪੀੜਤ ਪਰਿਵਾਰਾਂ ਦੀ ਮਦਦ ਲਈ ਨਿਰੰਤਰ ਯਤਨਸ਼ੀਲ ਹਨ। ਉਨ੍ਹਾਂ ਦੱਸਿਆ ਕਿ ਦਰਿਆ ਦੇ ਬੰਨ੍ਹ ਨੇੜਲੇ ਕਰੀਬ 31 ਪਿੰਡਾਂ ਨੂੰ ਹੜ੍ਹ ਦੇ ਪਾਣੀ ਨੇ ਪ੍ਰਭਾਵਿਤ ਕੀਤਾ ਹੈ। ਸ. ਭੁੱਲਰ ਨੇ ਦੱਸਿਆ ਕਿ ਹੜ੍ਹ ਕਾਰਨ ਪ੍ਰਭਾਵਿਤ ਪਿੰਡਾਂ ਤੇ ਡੇਰਿਆਂ ਵਿੱਚ ਵੱਸਦੇ ਪਰਿਵਾਰਾਂ ਅਤੇ ਪਸ਼ੂਆਂ ਨੂੰ ਬਾਹਰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹੜ੍ਹਾਂ ਵਾਲੇ ਖੇਤਰ ਵਿੱਚ 7 ਸਕੂਲਾਂ ਵਿੱਚ ਪੀੜਤ ਪਰਿਵਾਰਾਂ ਲਈ ਖਾਣ-ਪੀਣ ਤੇ ਡਾਕਟਰੀ ਸਹੂਲਤਾਂ ਦੇ ਪੁਖਤਾ ਪ੍ਰਬੰਧ ਕੀਤੇ ਹਨ। ਉਨ੍ਹਾਂ ਦੱਸਿਆ ਕਿ ਉਹ ਇਸ ਤੋਂ ਇਲਾਵਾ ਆਪਣੇ ਨਿੱਜੀ ਖਰਚੇ 'ਤੇ ਇਨ੍ਹਾਂ ਪਿੰਡਾਂ ਦੇ ਪਸ਼ੂਆਂ ਲਈ ਨਿਰੰਤਰ ਫੀਡ, ਚੋਕਰ ਅਤੇ ਚਾਰੇ ਦੀ ਸਪਲਾਈ ਯਕੀਨੀ ਬਣਾ ਰਹੇ ਹਨ ਤਾਂ ਜੋ ਹੜ੍ਹ ਨਾਲ ਪਰਿਵਾਰਾਂ ਦੇ ਦੁਧਾਰੂ ਪਸ਼ੂਆਂ ਦੀ ਜਾਨ ਬਚਾਈ ਜਾ ਸਕੇ।

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪਿੰਡ ਕੋਟ ਬੁੱਢਾ, ਮੁੱਠਿਆਂਵਾਲਾ, ਸੀਤੋ ਮਹਿ ਝੁੱਗੀਆਂ, ਰਾਧਲਕੇ, ਭੰਗਾਲਾ, ਤੂਤ, ਝੁੱਗੀਆਂ ਪੀਰ ਬਖਸ਼, ਰਾਮ ਸਿੰਘ ਵਾਲਾ, ਝੁੱਗੀਆਂ ਨੱਥਾ ਸਿੰਘ ਅਤੇ ਝੁੱਗੀਆਂ ਨੂਰ ਮੁਹੰਮਦ, ਡੂਮਨੀ ਵਾਲਾ, ਜਲੋਕੇ, ਭਾਓਵਾਲ, ਭੋਜੋਕੇ, ਬੱਲੜ ਕੇ, ਰਸੂਲਪੁਰ, ਤਲਵੰਡੀ ਮੋਹਰ ਸਿੰਘ, ਕਿਲ੍ਹਾ ਪਤੀ, ਬੰਗਲਾ ਰਾਏ ਆਦਿ ਪਿੰਡਾ ਦੇ ਹੜ੍ਹ ਪ੍ਰਭਾਵਿਤ ਪਰਿਵਾਰ ਨੂੰ ਪਸ਼ੂਆ ਲਈ ਹਰਾ ਚਾਰਾ ਸਾਇਲੇਜ, ਫੀਡ, ਚੋਕਰ, ਤੂੜੀ ਅਤੇ ਹੋਰ ਘਰੇਲੂ ਜ਼ਰੂਰੀ ਸਾਮਾਨ ਅਤੇ ਦਵਾਈਆਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਦਰਿਆ ਵਿੱਚ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋ ਗਿਆ ਹੈ ਜਿਸ ਪਿੱਛੋਂ ਹੁਣ ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਨਤਕ ਸੇਵਾਵਾਂ ਜਿਵੇਂ ਬਿਜਲੀ, ਪੀਣਯੋਗ ਪਾਣੀ, ਸੜਕਾਂ ਸਣੇ ਹੋਰ ਬੁਨਿਆਦੀ ਢਾਂਚੇ ਦੀ ਤੁਰੰਤ ਮੁਰੰਮਤ ਲਈ ਕਿਹਾ ਹੈ। ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ ਰੱਤਾ ਗੁੱਦਾ, ਅਵਤਾਰ ਸਿੰਘ ਢਿੱਲੋਂ ਮੀਡੀਆ ਇੰਚਾਰਜ, ਸੋਨੂੰ ਭੁੱਲਰ ਕਿਰਤੋਵਾਲ ਖੁਰਦ, ਗੁਰਨਾਮ ਸਿੰਘ ਬੱਬੀ ਬਾਠ ਸਰਪੰਚ ਬੂਹ ਹਵੇਲੀਆਂ, ਗੁਰਬਿੰਦਰ ਸਿੰਘ ਕਾਲੇਕੇ ਉਤਾੜ ਆਦਿ ਹਾਜ਼ਰ ਸਨ।

# ਬਰਸਾਤੀ ਨਾਲੇ ਦੀ ਵਿਧਾਇਕ ਚੱਢਾ ਨੇ ਸਫਾਈ ਆਰੰਭ ਕਰਵਾਈ




**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**-ਸ਼ਹਿਰ 'ਚੋਂ ਗੁਜ਼ਰਦੇ ਬਰਸਾਤੀ ਨਾਲੇ ਦੀ ਸਦੀਆਂ ਤੋਂ ਸਫਾਈ ਨਾ ਹੋਣ ਕਾਰਨ ਪ੍ਰੇਸ਼ਾਨੀ ਝੱਲ ਰਹੇ ਲੋਕਾਂ ਲਈ ਉਦੋਂ ਰਾਹਤ ਦੀ ਖਬਰ ਆਈ ਜਦੋਂ ਖੁੱਦ ਹਲਕਾ ਵਿਧਾਇਕ ਦਿਨੇਸ਼ ਚੱਢਾ ਨੇ ਹਾਜ਼ਰ ਹੋ ਕੇ ਉਕਤ ਨਾਲੇ ਦੀ ਸਫਾਈ ਦਾ ਕਾਰਜ ਆਰੰਭ ਕਰਵਾਇਆ। ਜ਼ਿਕਰਯੋਗ ਹੈ ਕਿ ਕਈ ਦਹਾਕਿਆਂ ਤੋਂ ਸਫਾਈ ਨਾ ਹੋਣ ਕਾਰਨ ਉਕਤ ਨਾਲਾ ਗੰਦਗੀ ਕਾਰਨ ਪੂਰੀ ਤਰਾਂ ਬੰਦ ਹੋ ਚੁੱਕਾ ਸੀ ਜਿਸ ਕਾਰਨ ਬੀਤੇ ਦਿਨ ਆਇਆ ਹੜ ਦਾ ਪਾਣੀ ਸ਼ਹਿਰ ਦੇ ਕਈ ਮੁਹੱਲਿਆਂ 'ਚ ਸਥਿਤ ਘਰਾਂ ਅਤੇ ਧਾਰਮਿਕ ਸਥਾਨਾਂ 'ਚ ਦਾਖਿਲ ਹੋ ਗਿਆ। ਜਿਸਦੇ ਚੱਲਦਿਆਂ ਸ਼ਹਿਰ ਦੀ ਸਮੁੱਚੀ ਸਫਾਈ ਵਿਵਸਥਾ ਚਰਮਰਾ ਗਈ। ਸ਼ਹਿਰ ਦੇ ਲੋਕਾਂ ਨਾਲ ਜੁੜੇ ਇਸ ਮਸਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਖੁੱਦ ਵਿਧਾਇਕ ਚੱਢਾ ਮੌਕੇ 'ਤੇ ਪਹੁੰਚੇ ਅਤੇ ਜਿਨਾਂ ਪੰਚਾਇਤੀ ਰਾਜ ਵਿਭਾਗ ਦੇ ਅਧਿਕਾਰੀਆਂ ਸਹਿਤ ਡ੍ਰੇਨੇਜ਼ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਦੀ ਦੇਖ-ਰੇਖ ਹੇਠ ਉਕਤ ਨਾਲੇ ਦੀ ਸਫਾਈ ਦਾ ਹੱਲਾ ਬੋਲ ਤਰੀਕੇ ਨਾਲ ਕਾਰਜ ਆਰੰਭ ਕਰਵਾਇਆ। ਚੱਢਾ ਨੇ ਆਖਿਆ ਕਿ ਨੂਰਪੁਰਬੇਦੀ ਸ਼ਹਿਰ 138 ਪਿੰਡਾਂ ਦਾ ਕੇਂਦਰ ਬਿੰਦੂ ਹੈ ਜਿਸਦਾ ਪ੍ਰਭਾਵ ਹੋਰਨਾਂ ਪਿੰਡਾਂ 'ਤੇ ਪੈਂਦਾ ਹੈ। ਉਨਾਂ ਆਖਿਆ ਕਿ ਹੈਰਾਨੀ ਦੀ ਗੱਲ ਕਿ ਸ਼ਹਿਰ 'ਚੋਂ ਹੋ ਕੇ ਗੁਜ਼ਰਦੇ ਇਸ ਬਰਸਾਤੀ ਨਾਲੇ ਦੀ ਕਰੀਬ 3 ਦਹਾਕਿਆਂ ਤੋਂ ਸਫਾਈ ਨਹੀਂ ਕਰਵਾਈ ਗਈ ਜਿਸ ਕਾਰਨ ਲੋਕਾਂ ਨੂੰ ਬਰਸਾਤ ਦੇ ਦਿਨਾਂ 'ਚ ਭਾਰੀ ਮੁਸ਼ਕਿਲ ਝੱਲਣੀ ਪੈਂਦੀ ਹੈ। ਉਨਾਂ ਕਿਹਾ ਕਿ ਉਕਤ ਸਫਾਈ ਦਾ ਕੰਮ ਬੀ.ਡੀ.ਪੀ.ਓ. ਨੂਰਪੁਰਬੇਦੀ ਦੀ ਨਿਗਰਾਨੀ ਹੇਠ ਮੁਕੰਮਲ ਕਰਕੇ ਸਮੁੱਚੀ ਰਿਪੋਰਟ ਸੌਂਪੀ ਜਾਵੇਗੀ। ਇਸ ਤੋਂ ਇਲਾਵਾ ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਕਿਸੀ ਨੇ ਵੀ ਉਕਤ ਨਾਲੇ 'ਤੇ ਕਬਜ਼ਾ ਕੀਤਾ ਹੋਇਆ ਹੈ ਉਹ ਸ਼ਹਿਰ ਦੀ ਭਲਾਈ ਨੂੰ ਮੁੱਖ ਰੱਖ ਕੇ ਉਕਤ ਕਬਜ਼ੇ ਆਪਣੇ-ਆਪ ਛੱਡ ਕੇ ਇਕ ਚੰਗੇ ਨਾਗਰਿਕ ਹੋਣ ਦਾ ਸਬੂਤ ਪੇਸ਼ ਕਰਨ। ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਮਾ. ਜਗਨਨਾਥ ਭੰਡਾਰੀ ਤੇ ਸਰਪੰਚ ਮਨਜੀਤ ਕੌਰ ਨੇ ਵਿਧਾਇਕ ਚੱਢਾ ਦਾ ਇਸ ਉਪਰਾਲੇ ਲਈ ਸ਼ਹਿਰ ਵਾਸੀਆਂ ਦੀ ਤਰਫ਼ੋਂ ਧੰਨਵਾਦ ਕੀਤਾ। ਇਸ ਮੌਕੇ ਬੀ.ਡੀ.ਪੀ.ਓ. ਦਰਸ਼ਨ ਸਿੰਘ, ਐੱਸ.ਡੀ.ਓ. ਡ੍ਰੈਨੇਜ ਵਿਭਾਗ ਪ੍ਰਦੀਪ ਕੁਮਾਰ, ਜੇ.ਈ. ਡ੍ਰੇਨੇਜ਼ ਦੀਪਕ ਕੁਮਾਰ, ਜੇ.ਈ. ਲੋਕ ਨਿਰਮਾਣ ਵਿਭਾਗ ਗੁਰਦਿਆਲ ਸਿੰਘ, ਮਨਰੇਗਾ ਤੋਂ ਜੇ.ਈ. ਰਾਜ ਕੁਮਾਰ, ਪਾਵਰਕਾਮ ਤੋਂ ਜੇ.ਈ.-1 ਸੁਰਿੰਦਰਪਾਲ ਆਦਿ ਅਧਿਕਾਰੀ ਅਤੇ ਸ਼ਹਿਰ ਵਾਸੀ ਹਾਜ਼ਰ ਸਨ।

# ਬਲਬੀਰ ਮਾਧੋਪੁਰੀ ਦੀ ਸਵੈਜੀਵਨੀ 'ਛਾਂਗਿਆ ਰੁੱਖ' ਤੇ ਹੋਰ ਪੜ੍ਹੀਆਂ ਪੁਸਤਕਾਂ ਦੀ ਸਮੀਖਿਆ



**ਖਰੜ (ਨਵਾਂ ਜ਼ਮਾਨਾ ਸਰਵਿਸ)**-ਸਾਹਿਤ ਸਭਾ ਰਜਿ: ਬਹਿਰਾਮਪੁਰ ਬੇਟ ਦੀ ਮਾਸਿਕ ਇਕੱਤਰਤਾ ਸਭਾ ਦੇ ਦਫਤਰ ਕੰਪਲੈਕਸ ਵਿੱਚ ਹਰਨਾਮ ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਜਨਵਾਦੀ ਲੇਖਕ ਹਰਭਜਨ ਹੁੰਦਲ ਦੀ ਮੌਤ ਉੱਤੇ ਸ਼ੋਕ ਪ੍ਰਗਟ ਕੀਤਾ ਗਿਆ। ਉਪਰੰਤ ਹਾਜਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਵਲੋਂ ਪਿਛਲੇ ਮਹੀਨੇ ਪੜ੍ਹੀਆਂ ਪੁਸਤਕਾਂ ਦੀ ਸਮੀਖਿਆ ਕੀਤੀ ਗਈ। ਨੌਜਵਾਨ ਮੋਹਿਤ ਕੁਮਾਰ ਨੇ ਸਹੀਦ ਭਗਤ ਸਿੰਘ ਦੀ ਜੀਵਨੀ, ਨਾਵਲਕਾਰ ਸੰਤਵੀਰ ਸੁਖਜੀਤ, ਗੁਰਦਿਆਲ ਦਲਾਲ ਅਤੇ ਧਰਮਪਾਲ ਸਾਹਿਲ ਦੀਆਂ ਕਹਾਣੀਆਂ, ਕੁਲਵਿੰਦਰ ਨੇ ਅਰੁੰਧਤੀ ਰਾਏ ਦਾ ਨਾਵਲ 'ਦਰਬਾਰ-ਏ-ਖੁਸੀਆਂ ਬੇਪਨਾਹ', ਡਾਕਟਰ ਰਾਜਪਾਲ ਸਿੰਘ ਵਲੋਂ ਰਵਿੰਦਰ ਵਾਲੀਆ ਦੀ ਪੁਸਤਕ 'ਤਨਖਾਹੀਏ', ਪਰਮਿੰਦਰ ਪ੍ਰੇਮ ਨੇ ਚਰਨਜੀਤ ਦੰਦੀਵਾਲ ਦੀ ਪੁਸਤਕ 'ਅਭੀ ਤਕ ਇਸਕ ਤਾਰੀ ਹੈ', ਹਰਨਾਮ ਸਿੰਘ ਡੱਲਾ ਵਲੋਂ ਬਲਬੀਰ ਮਾਧੋਪੁਰੀ ਦੀ ਸਵੈ ਜੀਵਨੀ 'ਛਾਂਗਿਆ ਰੁੱਖ' ਦੀ ਸੁਰਚਨਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬਲਬੀਰ ਮਾਧੋਪੁਰੀ ਨੇ ਆਪਣੀ ਜੀਵਨੀ ਲਿਖਦਿਆਂ ਪੰਜਾਬੀ ਮਾਂ ਬੋਲੀ ਦਾ ਸਤਿਕਾਰ ਤਾਂ ਕੀਤਾ ਹੀ ਹੈ ਇਸ ਦੇ ਨਾਲ ਹੀ ਉਨ੍ਹਾਂ ਦਲਿਤ ਵਿਹੜਿਆਂ ਵਿੱਚ ਬੋਲੀ ਜਾਂਦੀ ਭਾਸ਼ਾ ਨੂੰ ਕਲਮੀਂ ਛੋਹਾਂ ਦੇ ਕੇ ਸਥਾਨਕ ਲੋਕਾਂ ਦੀ ਭਾਸ਼ਾ ਨੂੰ ਮਕਬੂਲ ਕੀਤਾ ਹੈ। ਉਨ੍ਹਾਂ ਨੇ ਦਲਿਤ ਹੋਣ ਦੇ ਨਾਲ ਨਾਲ ਅਛੂਤ ਹੋਣ ਦਾ ਸੰਤਾਪ ਵੀ ਭੋਗਿਆ ਹੈ ਅਤੇ ਪੰਜਾਬ ਦੇ ਕਾਲੇ ਦੌਰ ਵਿੱਚ ਖੱਬੀ ਵਿਚਾਰਧਾਰਾ ਨਾਲ ਜੁੜੇ ਹੋਣ ਕਰਕੇ ਦਹਿਸਤ ਦੇ ਪਰਛਾਵੇਂ ਵੀ ਜਰੇ ਹਨ। ਪਰ ਮਾਤਾ ਪਿਤਾ ਵਲੋਂ ਬਲਬੀਰ ਮਾਧੋਪੁਰੀ ਨੂੰ ਜੋ ਦੇਖਣਾ ਚਾਹਿਆ ਸੀ, ਉਸ ਲਈ ਮਾਧੁਰੀ ਸਾਹਿਬ ਨੇ ਸਖਤ ਮਿਹਨਤ ਮਜਦੂਰੀ ਕਰਕੇ ਪੜ੍ਹਾਈ ਕੀਤੀ ਅਤੇ ਯੂ ਪੀ ਐੱਸ ਸੀ ਦਾ ਟੈਸਟ ਪਾਸ ਕਰਕੇ ਉੱਚ ਆਹੁਦੇ ਉੱਤੇ ਬਿਰਾਜਮਾਨ ਵੀ ਹੋਏ ਸਨ। ਮਾਧੋਪੁਰੀ ਦੀ ਜੀਵਨੀ ਪੰਜਾਬੀ ਤੋਂ ਇਲਾਵਾ ਹੋਰ ਭਾਰਤੀ ਭਾਸ਼ਾਵਾਂ ਵਿੱਚ ਛਪਣ ਤੋਂ ਬਾਅਦ ਆਕਸਫੋਰਡ ਪ੍ਰੈੱਸ ਨੇ ਅੰਗਰੇਜੀ ਵਿੱਚ ਅਨੁਵਾਦ ਕਰਵਾਕੇ ਵੀ ਪਾਠਕਾਂ ਤੱਕ ਪੁੱਜਦੀ ਕੀਤੀ ਹੈ। ਡੱਲਾ ਵਲੋਂ ਇਹ ਸਵੈ-ਜੀਵਨੀ ਪੜ੍ਹਨ ਦੀ ਪਾਠਕਾਂ ਨੂੰ ਸਲਾਮ ਵੀ ਦਿੱਤੀ ਗਈ। ਮੋਹਣ ਲਾਲ ਰਾਹੀ ਵਲੋਂ ਪੁਰਾਤਨ ਇਤਿਹਾਸਕ ਧਾਰਮਿਕ ਗ੍ਰੰਥ 'ਮਹਾਂਭਾਰਤ' ਦੀ ਵਿਸਾਲਤਾ ਉੱਤੇ ਪੰਛੀ ਝਾਤ ਪੁਆਈ। ਸਾਹਿਤਕ ਦੌਰ ਦੀ ਸ਼ੁਰੂਆਤ ਗੀਤਕਾਰ ਸੰਤੋਖ ਸਿੰਘ ਸੋਖਾ ਦੇ ਗੀਤ ਨਾਲ ਹੋਈ। ਪਰਮਿੰਦਰ ਪ੍ਰੇਮ ਵਲੋਂ ਹਾਸ ਵਿਅੰਗ ਰਚਨਾ, ਸੰਤਵੀਰ ਵਲੋਂ ਨਿਬੰਧ 'ਜ਼ਿੰਦਗੀ ਦੀ ਸ਼ਾਮ' ਕੁਲਵਿੰਦਰ ਨੇ ਖੂਬਸੂਰਤ ਗੀਤ, ਡਾਕਟਰ ਰਾਜਪਾਲ ਸਿੰਘ ਨੇ ਮਹਿਮਾਨ ਰਚਨਾ 'ਕਿਸ ਨੇ ਨਿਗਾਹੋਂ ਸੇ ਸਾਗਰ ਪਿਲਾਏ' ਅਤੇ ਪ੍ਰਿੰਸੀਪਲ ਮੋਹਣ ਲਾਲ ਰਾਹੀ ਨੇ 'ਕੋਈ ਸਾਗਰ ਦਿਲ ਕੋ ਬਹਿਲਾਤਾ ਨਹੀਂ' ਤਰੰਨੁਮ ਵਿੱਚ ਸੁਣਾ ਕੇ ਮਹੌਲ ਗੰਭੀਰ ਬਣਾ ਦਿੱਤਾ। ਹਰਨਾਮ ਸਿੰਘ ਡੱਲਾ ਨੇ ਵੀ ਗੀਤ ਨਾਲ ਹਾਜਰੀ ਭਰੀ। ਇਸ ਸਮੇਂ ਡਾਕਟਰ ਤੇਜਪਾਲ ਸਿੰਘ ਕੰਗ, ਸੰਦੀਪ ਕੁਮਾਰ, ਮੋਹਿਤ ਕੁਮਾਰ, ਵਰਿੰਦਰ ਸਿੰਘ,ਕੰਵਰਫੂਲ, ਅਜਮੇਰ ਫਿਰੋਜਪੁਰੀ, ਸੁਰਿੰਦਰਪਾਲ ਸਿੰਘ ਕੰਗ, ਯਾਕੂਬ ਅਲੀ, ਅਰਸਦੀਪ ਅਤੇ ਲੇਖਰਾਜ ਧੀਰ ਨੇ ਵੀ ਰਚਨਾਵਾਂ ਉੱਤੇ ਉਸਾਰੂ ਬਹਿਸ ਵਿੱਚ ਭਾਗ ਲਿਆ।

## ਜਨਮ ਦਿਨ ਮੁਬਾਰਕ



ਦਿਲਜੀਤ ਗਿੱਲ, ਹੁਸ਼ਿਆਰਪੁਰ



ਨਵਰਾਜ ਸਿੰਘ ਔਜਲਾ, ਕਪੂਰਥਲਾ

# ਗੱਟਾ ਮੰਡੀ ਕਾਸੂ ਨੇੜੇ ਬੰਨ੍ਹ 'ਚ ਪਏ ਪਾੜ ਨੂੰ ਕੁਝ ਦਿਨਾਂ 'ਚ ਪੂਰ ਲਿਆ ਜਾਵੇਗਾ : ਬਲਕਾਰ ਸਿੰਘ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ) :** ਬੀਤੇ ਦਿਨੀ ਭਾਰੀ ਬਾਰਸ਼ਾਂ ਕਾਰਨ ਸਤਲੁਜ ਦਰਿਆ ਦੇ ਧੱਕਾ ਬਸਤੀ ਨੇੜੇ ਧੁੱਸੀ ਬੰਨ੍ਹ ਵਿੱਚ ਪਏ 900 ਫੁੱਟ ਤੋਂ ਵੱਧ ਦੇ ਪਾੜ੍ਹ ਨੂੰ ਪੰਜਾਬ ਸਰਕਾਰ ਵਲੋਂ ਉੱਘੇ ਵਾਤਾਵਰਣ ਪ੍ਰੇਮੀ ਅਤੇ ਮੈਂਬਰ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਸਹਿਯੋਗ ਨਾਲ ਆਉਂਦੇ ਕੁਝ ਦਿਨਾਂ ਵਿੱਚ ਪੂਰ ਕੇ ਇਲਾਕੇ ਦੇ ਪਿੰਡਾਂ ਨੂੰ ਵੱਡੀ ਰਾਹਤ ਦੁਆਈ ਜਾਵੇਗੀ। ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਨੇ ਸੰਤ ਬਲਬੀਰ ਸਿੰਘ ਸੀਚੇਵਾਲ, ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ, ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਅਤੇ ਵੱਖ-ਵੱਖ ਪਿੰਡਾਂ ਤੋਂ ਆਈ ਸੰਗਤ ਦੀ ਮੌਜੂਦਗੀ ਵਿੱਚ ਉਕਤ ਕਾਰਜ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਲਗਾਤਾਰ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਬੰਨ੍ਹੇ ਜਾ ਰਹੇ ਬੰਨ੍ਹ ਦੇ ਕੰਮ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਟੀਮਾਂ ਅਤੇ ਸੰਗਤ ਦੇ ਆਪਸੀ ਸਹਿਯੋਗ ਨਾਲ ਆਉਂਦੇ ਕੁਝ ਦਿਨਾਂ ਵਿੱਚ ਇਹ ਪਾੜ ਪੂਰ ਕੇ ਇਲਾਕੇ ਦੇ ਲੋਕਾਂ ਦਾ ਜੀਵਨ ਮੁੜ ਸੁਖਾਲੀ ਪਟੜੀ 'ਤੇ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਹਰ ਸੰਭਵ ਮਦਦ ਲਈ ਵੱਡੇ ਪੱਧਰ 'ਤੇ ਉਪਰਾਲੇ ਕਰ ਰਹੀ ਹੈ ਅਤੇ ਇਲਾਕੇ ਵਿੱਚ ਬਿਜਲੀ ਸਪਲਾਈ ਦੀ ਬਹਾਲੀ ਦੇ ਨਾਲ-ਨਾਲ ਮੈਡੀਕਲ ਟੀਮਾਂ ਲਗਾਤਾਰ ਲੋਕਾਂ ਦੀ ਸਿਹਤ ਜਾਂਚ ਯਕੀਨੀ ਬਣਾ ਰਹੀਆਂ ਹਨ। ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਖੇਤਰਾਂ ਤੋਂ ਪ੍ਰਭਾਵਿਤ ਇਲਾਕਿਆਂ ਦੇ ਪਰਵਾਰਾਂ ਲਈ ਮਦਦ ਲੈ ਕੇ ਪਹੁੰਚ ਰਹੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੁਦਰਤੀ ਆਫ਼ਤ ਕਾਰਨ ਬਣੇ ਮੌਜੂਦਾ ਹਲਾਤ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਜਾਵੇਗਾ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਅਧਿਕਾਰੀਆਂ ਅਤੇ ਸੰਗਤ ਦੇ ਸਹਿਯੋਗ ਨਾਲ ਪਾੜ ਨੂੰ ਪੂਰਨ ਦਾ ਕੰਮ ਵੱਡੇ ਪੱਧਰ 'ਤੇ ਸ਼ੁਰੂ ਹੋ ਚੁੱਕਾ ਹੈ ਅਤੇ ਜਲਦ ਹੀ ਬੰਨ੍ਹ ਦਾ ਮੁਹਾਂਦਰਾ ਦਿਸਣਾ ਸ਼ੁਰੂ ਹੋ ਜਾਵੇਗਾ ਤੇ ਕੁਝ ਦਿਨਾਂ ਵਿੱਚ ਇਹ ਪਾੜ੍ਹ ਪੂਰ ਕੇ ਪਹਿਲਾਂ ਵਾਂਗ ਆਮ ਜਨ-ਜੀਵਨ ਬਹਾਲ ਹੋ ਜਾਵੇਗਾ। ਉਨ੍ਹਾਂ ਨੇ ਸੰਗਤ ਦੇ ਸਹਿਯੋਗ ਲਈ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਇਸ ਪਾੜ੍ਹ ਨੂੰ ਵੀ ਪੂਰੀ ਤੇਜ਼ੀ ਨਾਲ ਪੂਰ ਕੇ ਦਰਿਆਈ ਖੇਤਰ ਵਿਚਲੇ ਕਿਸਾਨਾਂ ਅਤੇ ਪਰਵਾਰਾਂ ਨੂੰ ਵੱਡੀ ਸਹੂਲਤ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਹ ਪਹਿਲਾਂ ਵਾਂਗ ਆਪਣੀਆਂ ਫ਼ਸਲਾਂ ਅਤੇ ਘਰਾਂ ਦੀ ਸਾਂਭ-ਸੰਭਾਲ ਯਕੀਨੀ ਬਣਾ ਸਕਣ। ਵਿਧਾਇਕ ਇੰਦਰਜੀਤ ਕੌਰ ਮਾਨ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੰਡਾਲਾ ਵਿਖੇ ਪਏ ਪਾੜ੍ਹ ਨੂੰ ਕੁਝ ਹੀ ਦਿਨਾਂ ਦੇ ਸਮੇਂ ਵਿੱਚ ਪੂਰ ਕੇ ਇਲਾਕੇ ਨੂੰ ਰਾਹਤ ਦਿਵਾਈ ਗਈ ਹੈ ਅਤੇ ਗੱਟਾ ਮੰਡੀ ਕਾਸੂ ਦਾ ਕਾਰਜ ਮੁਕੰਮਲ ਹੋਣ ਨਾਲ ਲੋਕਾਂ ਨੂੰ ਮੌਜੂਦਾ ਹਲਾਤ ਤੋਂ ਨਿਜਾਤ ਮਿਲੇਗੀ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਪਾੜ੍ਹ ਦੇ ਦੋਵਾਂ ਪਾਸਿਆਂ 'ਤੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦਿਆਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਹੋਰ ਵੀ ਵਧੇਰੇ ਸਮਰਪਣ ਭਾਵਨਾ ਨਾਲ ਇਸ ਲੋਕਪੱਖੀ ਕਾਰਜ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਵਿੱਚ ਕੋਈ ਕਮੀ ਨਾ ਛੱਡਣ। ਉਨ੍ਹਾਂ ਨੇ ਪੁਲਸ ਦੇ ਅਧਿਕਾਰੀਆਂ ਨੂੰ ਵੀ ਕਿਹਾ ਕਿ ਪਾੜ੍ਹ ਵਾਲੀ ਥਾਂ 'ਤੇ ਟਰਾਲੀਆਂ-ਟਿੱਪਰ ਆਦਿ ਆਉਣ ਲਈ ਸੁਖਾਲੀ ਅਵਾਜਾਈ ਨੂੰ ਯਕੀਨੀ ਬਣਾਉਣ। ਕੈਬਨਿਟ ਮੰਤਰੀ ਬਲਕਾਰ ਸਿੰਘ, ਵਿਧਾਇਕ ਇੰਦਰਜੀਤ ਕੌਰ ਮਾਨ ਅਤੇ ਡਿਪਟੀ ਕਮਿਸ਼ਨਰ ਨੇ ਮੌਕੇ 'ਤੇ ਸਿਹਤ ਵਿਭਾਗ ਦੀ ਟੀਮ ਵਲੋਂ ਲੋਕਾਂ ਦੇ ਕੀਤੇ ਜਾ ਰਹੇ ਚੈਕਅਪ ਅਤੇ ਦਿੱਤੀਆਂ ਜਾ ਰਹੀਆਂ ਦਵਾਈਆਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ।

## 10 ਦਿਨਾਂ ਤੋਂ ਬੰਦ ਪਿਆ ਸੀਵਰੇਜ ਜੱਦੋ-ਜਹਿਦ ਨਾਲ ਖੋਲ੍ਹਿਆ

**ਫਿਲੌਰ (ਨਿਰਮਲ)** ਇਥੇ ਸੀਵਰੇਜ ਜੋ ਕਿ ਕਿਲਾ ਰੋਡ 'ਤੇ ਹੈ, ਪਿਛਲੇ 10-12 ਦਿਨ ਤੋਂ ਬੰਦ ਪਿਆ ਸੀ। ਨਤੀਜੇ ਵਜੋਂ ਸੀਵਰੇਜ ਦਾ ਗੰਦਾ ਪਾਣੀ ਹੋਲਾਂ ਵਿੱਚੋ ਨਿਕਲ ਕੇ ਕਿਲਾ ਰੋਡ, ਸੰਕਟ ਮੋਚਨ ਸ੍ਰੀ ਹਨੂੰਮਾਨ ਮੰਦਿਰ ਅਤੇ ਮੁਹੱਲਾ ਆਬਾਦਪੁਰਾ 'ਤੇ ਖੜ੍ਹਾ ਸੀ। ਇਸ ਪਾਣੀ ਵਿੱਚੋਂ ਬਹੁਤ ਹੀ ਬਦਬੂ ਆ ਰਹੀ ਸੀ। ਦੁਕਾਨਦਾਰ ਬਹੁਤ ਹੀ ਪ੍ਰੇਸ਼ਾਨ ਅਤੇ ਦੁਖੀ ਸਨ। ਲੋਕਾਂ ਦਾ ਵੀ ਉੱਥੋਂ ਲੰਘਣਾ ਬਹੁਤ ਮੁਸ਼ਕਿਲ ਹੋ ਗਿਆ ਸੀ। ਇਹਨਾਂ ਇਲਾਕਿਆਂ ਵਿੱਚ ਬਿਮਾਰੀ ਫੈਲਣ ਦਾ ਖਤਰਾ ਬਣਿਆ ਹੋਇਆ ਸੀ। ਵਾਰਡ ਨੰਬਰ ਤਿੰਨ ਦੀ ਕੌਂਸਲਰ ਬੀਬੀ ਨੇਹਾਂ ਪੰਮਾਂ ਅਤੇ ਉਨ੍ਹਾਂ ਦੇ ਪਤੀ ਅਮਿੱਤ ਪੰਮਾ ਨੇ ਸੀਵਰੇਜ ਖੁਲਵਾਉਣ ਲਈ ਬੇਹੱਦ ਯਤਨ ਕੀਤੇ ਪਰ ਇਹ ਖੁੱਲ ਨਹੀਂ ਰਿਹਾ ਸੀ। ਫਿਰ ਉਨ੍ਹਾਂ ਨੇ ਫਗਵਾੜਾ, ਨਕੋਦਰ ਤੋਂ ਮਾਹਿਰ ਸੀਵਰੇਜ ਕਰਮਚਾਰੀਆਂ ਨੂੰ ਬੁਲਾਇਆ। ਜਿੰਨ੍ਹਾਂ ਨੇ 8-10 ਘੰਟੇ ਦੀ ਸਖਤ ਮਿਹਨਤ ਨਾਲ ਬੰਦ ਪਿਆ ਸੀਵਰੇਜ ਖੋਲ ਦਿੱਤਾ। ਸੋਨੂੰ ਪੰਮਾ ਨੇ ਦੱਸਿਆ ਕਿ ਸੀਵਰੇਜ ਪਲਾਸਟਿਕ ਦੇ ਲਿਫਾਫੇ ਅਤੇ ਹੋਰ ਸਮਾਨ ਕਾਰਨ ਸੀਵਰੇਜ ਰੁਕਿਆ ਹੋਇਆ ਸੀ।

## 28 ਗ੍ਰਾਮ ਹੈਰੋਇਨ ਤੇ 2500 ਰੁਪਏ ਡਰੱਗ ਮਨੀ ਸਮੇਤ ਔਰਤ ਕਾਬੂ



**ਫਿਲੌਰ, (ਨਿਰਮਲ)** ਜਗਦੀਸ਼ ਰਾਜ ਪੀ.ਪੀ.ਐਸ ਉਪ ਪੁਲਸ ਕਪਤਾਨ, ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਸਹਾਇਕ ਸਬ ਇੰਸਪੈਕਟਰ ਪ੍ਰਦੀਪ ਕੁਮਾਰ ਇੰਚਾਰਜ ਚੌਂਕੀ ਲਸਾੜਾ ਵੱਲੋਂ ਕਮਲਜੀਤ ਕੌਰ ਪਤਨੀ ਕਰਨੈਲ ਰਾਮ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 28 ਗ੍ਰਾਮ ਹੈਰੋਇਨ ਅਤੇ 2500/- ਰੁਪਏ ਡਰੱਗ ਮਨੀ ਬਰਾਮਦ ਕਰਕੇ ਮੁਕੱਦਮਾ ਨੰਬਰ 190 ਜੁਰਮ 21ਬੀ-ਐਨ.ਡੀ.ਪੀ.ਐਸ ਐਕਟ ਥਾਣਾ ਫਿਲੌਰ ਦਰਜ ਕੀਤਾ ਗਿਆ। ਮੁੱਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਲੁਕ ਛਿਪ ਕੇ ਕਾਫੀ ਸਮੇਂ ਤੋਂ ਫਿਲੌਰ ਸ਼ਹਿਰ ਦੇ ਆਸ ਪਾਸ ਦੇ ਪਿੰਡਾਂ ਵਿੱਚ ਨਸ਼ਾ ਵੇਚਣ ਦਾ ਕਾਰੋਬਾਰ ਕਰ ਰਹੀ ਸੀ।

## ਕਿਸਾਨ ਜੱਥੇਬੰਦੀ ਵਲੋਂ ਹੜ੍ਹ ਪੀੜਤਾਂ ਦੀ ਕੀਤੀ ਜਾਵੇਗੀ ਹਰ ਸੰਭਵ ਮਦਦ : ਸੰਘਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕਿਸਾਨ ਕਮੇਟੀ ਦੋਆਬਾ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਰਾਜਪੁਰ ਭਾਈਆਂ ਵਿਖੇ ਹੋਈ। ਇਸ ਮੀਟਿੰਗ ਵਿੱਚ ਹਰਬੰਸ ਸੰਘਾ ਨੇ ਐਸ.ਕੇ.ਐਮ ਪੰਜਾਬ ਯੂਨਿਟ ਦੀ ਮੀਟਿੰਗ ਦੀ ਰਿਪੋਰਟਿੰਗ ਕੀਤੀ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੰਘਾ ਨੇ ਦਸਿਆ ਕਿ ਹੜ੍ਹਾਂ ਨਾਲ ਖਰਾਬ ਹੋਈ ਧਾਨ ਦੀ ਫਸਲ ਦੁਬਾਰਾ ਲਾਉਣ ਲਈ ਜਥੇਬੰਦੀ ਵਲੋਂ 2 ਏਕੜ ਪਨੀਰੀ ਬੀਜਣ ਦੀ ਜ਼ਿੰਮੇਵਾਰੀ ਲਾਈ ਗਈ ਸੀ ਪਰ ਕਮੇਟੀ ਨੇ ਹੜ੍ਹ ਪੀੜਿਤ ਕਿਸਾਨਾਂ ਲਈ 4 ਏਕੜ ਪਨੀਰੀ ਬੀਜਣ ਦਾ ਫੈਸਲਾ ਕੀਤਾ ਹੈ। ਅੱਜ ਤੋਂ ਬੀਜਾਈ ਸ਼ੁਰੂ ਕਰ ਦਿੱਤੀ ਹੈ। ਇਹ ਵੀ ਫੈਸਲਾ ਕੀਤਾ ਗਿਆ ਕਿ ਲੋੜ ਅਨੁਸਾਰ ਹਰੇ ਚਾਰੇ ਅਤੇ ਸੁੱਕੇ ਚਾਰੇ ਦੀਆਂ ਟ੍ਰਾਲੀਆਂ ਹੜ ਪੀੜਤ ਇਲਾਕਿਆਂ ਨੂੰ ਭੇਜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਾਡੇ ਇਲਾਕੇ ਦੇ ਕਿਸਾਨਾਂ ਵਿੱਚ ਹੜ ਪੀੜਤਾਂ ਦੀ ਸਹਾਇਤਾ ਕਰਨ ਲਈ ਪੂਰਾ ਉਤਸ਼ਾਹ ਹੈ। ਅਸੀਂ ਇਹ ਦੱਸ ਦੇਣ ਚਾਹੁੰਦੇ ਹਾਂ ਕਿ ਕਿਸਾਨ ਕੇਵਲ ਕੇਵਲ ਧਰਨੇ ਹੀ ਨਹੀਂ ਲਾਉਂਦੇ, ਸਗੋਂ ਲੋੜ ਪੈਣ 'ਤੇ ਲੋੜਵੰਦਾਂ ਦੀ ਸਹਾਇਤਾ ਵੀ ਤਨੋ ਮਨੋ ਕਰਨ ਲਈ ਤਿਆਰ ਰਹਿੰਦੇ ਹਾਂ। ਅੰਤ ਵਿੱਚ ਕਮੇਟੀ ਨੇ ਇਸ ਕਾਰਜ ਵਿੱਚ ਵਰਕਰਾਂ ਨੂੰ ਵਧ ਚੜ ਕੇ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ।

## ਭਲਕ ਦਾ ਧਰਨਾ ਮੁਲਤਵੀ, ਹੁਣ 24 ਨੂੰ ਲਾਇਆ ਜਾਵੇਗਾ

**ਸ਼ਾਹਕੋਟ (ਗਿਆਨ ਸੈਦਪੁਰੀ)** ਜਬਰ ਵਿਰੋਧੀ ਸੰਘਰਸ਼ ਕਮੇਟੀ ਦੀ ਮੀਟਿੰਗ ਰਣਚੇਤ ਸਿੰਘ ਕੋਟਲੀ ਗਾਜਰਾਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸੰਘਰਸ਼ ਕਮੇਟੀ ਵੱਲੋਂ ਮਾਡਲ ਥਾਣਾ ਸ਼ਾਹਕੋਟ ਅੱਗੇ 19 ਜੁਲਾਈ ਨੂੰ ਲਾਇਆ ਜਾਣ ਵਾਲਾ ਧਰਨਾ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਫੈਸਲਾ ਇਲਾਕੇ ਵਿੱਚ ਆਏ ਹੜ੍ਹ ਕਾਰਨ ਲਿਆ ਗਿਆ ਹੈ। ਆਗੂਆਂ ਨੇ ਦੱਸਿਆ ਕਿ ਧਰਨੇ ਦੀ ਅਗਲੀ ਤਰੀਕ 24 ਜੁਲਾਈ ਰੱਖੀ ਗਈ ਹੈ। ਮੀਟਿੰਗ ਵਿੱਚ ਹੋਰਨਾਂ ਤੋ ਇਲਾਵਾ ਕਾਮਰੇਡ ਵਰਿੰਦਰਪਾਲ ਸਿੰਘ ਕਾਲਾ, ਕਾਮਰੇਡ ਨਿਰਮਲ ਸਿੰਘ ਮਲਸੀਆ, ਕਾਮਰੇਡ ਚਰਨਜੀਤ ਸਿੰਘ ਥੰਮੂਵਾਲ, ਕੇਵਲ ਸਿੰਘ ਦਾਨੇਵਾਲ, ਜਸਕਰਨਜੀਤ ਸਿੰਘ ਕੰਗ, ਗੁਰਸੇਵਕ ਸੇਠ ਅਤੇ ਵਿਜੈ ਕੁਮਾਰ ਰਿੰਕੂ ਸ਼ਾਮਲ ਸਨ।

## ਡੇਂਗੂ, ਮਲੇਰੀਆ ਤੋਂ ਬਚਾਅ ਲਈ ਕੀਤੀ ਚੈਕਿੰਗ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਨਗਰ ਕੌਂਸਲ ਅਤੇ ਸੀ.ਐਚ.ਸੀ. ਕਾਲਾ ਬੱਕਰਾ ਵੱਲੋਂ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਡੇਂਗੂ, ਮਲੇਰੀਆ ਆਦਿ ਦੇ ਫੈਲਣ ਤੋਂ ਬਚਾਉਣ ਲਈ ਭੋਗਪੁਰ ਸ਼ਹਿਰ ਅੰਦਰ ਚੈਕਿੰਗ ਕੀਤੀ ਗਈ ਇਸ ਮੌਕੇ ਰਾਜੀਵ ਓਬਰਾਏ ਕਾਰਜ ਸਾਧਕ ਅਫਸਰ ਨਗਰ ਕੌਂਸਲ ਭੋਗਪੁਰ ਅਤੇ ਰਿਚਰਡ ਓਗੀ ਐਸ.ਐਮ.ਓ. ਸੀ.ਐਚ.ਸੀ ਕਾਲਾ ਬੱਕਰਾ ਵਲੋਂ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਮੱਛਰਾਂ ਦੇ ਪੈਦਾਇਸ਼ੀ ਸਥਾਨਾਂ ਜਿਵੇਂ ਗਮਲੇ ,ਟਾਇਰ ,ਟੀਨਾਂ ਅਤੇ ਕੈਨਾਂ ਆਦਿ ਪਾਣੀ ਇੱਕਠਾ ਨਾ ਕੀਤਾ ਜਾਵੇ। ਘਰਾਂ ਅਤੇ ਦੁਕਾਨਾਂ ਦੀਆਂ ਛੱਤਾਂ 'ਤੇ ਪਏ ਬੇਕਾਰ ਟੁੱਟੇ ਬਰਤਨਾਂ ਨੂੰ ਮੂਧਾ ਮਾਰ ਕੇ ਰੱਖਿਆ ਜਾਵੇ। ਸ਼ਾਮ ਅਤੇ ਸਵੇਰੇ ਪੂਰੀਆਂ ਬਾਹਾਂ ਦੇ ਕੱਪੜੇ ਪਹਿਨ ਕੇ ਰੱਖੇ ਜਾਣ। ਇਸ ਤੋਂ ਇਲਾਵਾ ਗਲੇ-ਸੜੇ ਫਲ ਜਾਂ ਜਿਸ ਖਾਣ ਵਾਲੀ ਵਸਤੂ ਉੱਤੇ ਮੱਖੀ, ਮੱਛਰ ਬੈਠਾ ਹੋਵੇ ਉਸਨੂੰ ਨਾ ਖਾਧਾ ਜਾਵੇ ਅਤੇ ਹਰ ਸ਼ੁੱਕਰਵਾਰ ਨੂੰ ਡ੍ਰਾਈ ਡੇ ਮਨਾਇਆ ਜਾਵੇ। ਇਸ ਮੌਕੇ ਦਿਨੇਸ਼ ਕੁਮਾਰ ਸੈਨੇਟਰੀ ਇੰਸਪੈਕਟਰ ਨਗਰ ਕੌਂਸਲ ਭੋਗਪੁਰ, ਗੁਰਮੇਜ ਸਿੰਘ ਹੈਲਥ ਇੰਸਪੈਕਟਰ, ਅੰਮ੍ਰਿਤਪਾਲ ਸਿੰਘ ਇੰਸਪੈਕਟਰ, ਵਿਜੈ ਕੁਮਾਰ ਹੀਰਾ ਅਤੇ ਹੋਰ ਦਫਤਰੀ ਸਟਾਫ ਹਾਜਰ ਸੀ।

## ਕੁਲ ਹਿੰਦ ਕਿਸਾਨ ਸਭਾ ਵੱਲੋਂ ਹੜ੍ਹ ਪੀੜਤਾਂ ਲਈ ਸਹਾਇਤਾ ਦਾ ਕੰਮ ਜਾਰੀ



**ਸ਼ਾਹਕੋਟ (ਗਿਆਨ ਸੈਦਪੁਰੀ)** ਕੁਲ ਹਿੰਦ ਕਿਸਾਨ ਸਭਾ ਵੱਲੋਂ ਦਰਿਆ ਸਤਲੁਜ ਵਿੱਚ ਆਏ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਦਾ ਸਿਲਸਲਾ ਲਗਾਤਾਰ ਜਾਰੀ ਹੈ। ਇਸੇ ਤਹਿਤ ਸੋਮਵਾਰ ਨੂੰ ਬਸਤੀ ਚਿਰਾਗ ਸ਼ਾਹ (ਧਰਮਕੋਟ) ਵਿਖੇ ਲਗਭਗ ਚਾਰ ਕਨਾਲਾਂ ਝੋਨੇ ਦੀ ਪਨੀਰੀ ਬੀਜੀ ਗਈ। ਇਹ ਲੋੜਵੰਦ ਕਿਸਾਨਾਂ ਨੂੰ ਮੁਫਤ ਵੰਡੀ ਜਾਵੇਗੀ। ਇਸ ਕੰਮ ਲਈ ਕਮਿਊਨਿਸਟ ਆਗੂ ਗਿਆਨੀ ਗੁਰਦੇਵ ਸਿੰਘ ਦੇ ਬੇਟੇ ਡਾ. ਨਵਦੀਪ ਸਿੰਘ ਨੇ 10 ਬੋਰੇ ਬੀਜ ਦਾ ਪ੍ਰਬੰਧ ਕਰਕੇ ਨਿਹਾਲ ਸਿੰਘ ਵਾਲਾ ਤੋਂ ਭੇਜੇ ਹਨ। ਵਿਜੇ ਬੱਤਰਾ ਨੇ ਡੀ. ਏ. ਪੀ. ਖਾਦ ਦੀ ਸੇਵਾ ਕੀਤੀ ਹੈ। ਇਸ ਮੌਕੇ ਸਾਥੀ ਸੂਰਤ ਸਿੰਘ ਧਰਮਕੋਟ, ਹਰਦਿਆਲ ਸਿੰਘ ਘਾਲੀ, ਕਰਨੈਲ ਸਿੰਘ ਬਹਿਰਾਮ ਕੇ ਅਤੇ ਅਮਰਜੀਤ ਸਿੰਘ ਹਾਜਰ ਸਨ। ਇਸੇ ਦੌਰਾਨ ਕੁਲ ਹਿੰਦ ਕਿਸਾਨ ਸਭਾ ਦੇ ਆਗੂ ਤਰਸੇਮ ਸਿੰਘ ਅਤੇ ਨਿਰੰਜਣ ਸਿੰਘ ਮੌਜਗੜ੍ਹ ਵੱਲੋਂ ਪਿੰਡ ਸੇਰੇਵਾਲਾ ਦੇ ਹੜ੍ਹ ਪੀੜਤਾਂ ਦੇ ਪਸ਼ੂਆਂ ਲਈ ਚਾਰਾ ਮੁਹੱਈਆ ਕਰਵਾਇਆ ਗਿਆ। ਕੁਲ ਹਿੰਦ ਕਿਸਾਨ ਸਭਾ ਦੇ ਆਗੂ ਪ੍ਰਗਟ ਸਿੰਘ ਵੱਲੋ ਅਮਰੀਕਾ ਵਿੱਚ ਚਲਾਈ ਜਾ ਰਹੀ ਸੰਸਥਾ ਰਾਹੀਂ 500 ਡਾਲਰ ਦੀ ਸਹਾਇਤਾ ਹੜ੍ਹ ਪੀੜਤਾਂ ਵਾਸਤੇ ਭੇਜੀ ਗਈ ਹੈ।

# ਜਟੇਸ਼ਵਰ ਮੰਦਰ ਮੇਲੇ ਦੌਰਾਨ ਰੇਹੜੀ-ਫੜ੍ਹੀ ਵਾਲਿਆਂ ਦੀ ਕੀਤੀ ਚੈਕਿੰਗ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਮੰਦਿਰ ਮੇਲੇ ਵਿਖੇ ਦੌਰਾਨ ਚੈਕਿੰਗ ਕੀਤੀ ਗਈ। ਲੋਕਾਂ ਨੂੰ ਜਿਆਦਾ ਪੱਕੇ ਹੋਏ ਫਲ ਵੇਚਣ ਅਤੇ ਖਾਣ ਤੋਂ ਗੁਰੇਜ ਕਰਨ ਲਈ ਕਿਹਾ ਗਿਆ। ਬਲਜੀਤ ਸਿੰਘ ਹੈਲਥ ਸੁਪਰਵਾਈਜਰ ਨੇ ਦੁਕਾਨਦਾਰਾਂ ਨੂੰ ਕਿਹਾ ਕਿ ਦੂਸ਼ਿਤ ਭੋਜਨ ਅਤੇ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਕੁਝ ਵੀ ਖਾਣ ਤੋਂ ਪਹਿਲਾਂ ਹੱਥਾਂ ਨੂੰ ਸਾਬਣ ਨਾਲ ਧੋਇਆ ਜਾਵੇ। ਪਾਣੀ ਨੂੰ ਚੰਗੀ ਤਰ੍ਹਾਂ ਉਬਾਲ ਕੇ, ਠੰਡਾ ਕਰਕੇ ਪੀਤਾ ਜਾਵੇ। ਉਨ੍ਹਾਂ ਵੱਲੋਂ ਕਲੋਰੀਨ ਦੀਆਂ ਗੋਲੀਆਂ ਵੀ ਮੁਹੱਈਆ ਕਰਵਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਦੂਸ਼ਿਤ ਪਾਣੀ ਅਤੇ ਕੀੜ੍ਹਿਆਂ ਦੇ ਕੱਟਣ ਨਾਲ ਆਮ ਤੌਰ ਤੇ ਚਮੜੀ ਤੇ ਬੈਕਟੀਰੀਅਲ ਇਨਫੈਕਸ਼ਨ (ਲਾਗ) ਹੋ ਜਾਂਦੀ ਹੈ। ਚਮੜੀ ਦੀ ਲਾਗ ਨੂੰ ਰੋਕਣ ਲਈ ਰਬੜ ਦੇ ਬੂਟ ਅਤੇ ਪੂਰੀਆਂ ਬਾਹਾਂ ਵਾਲੇ ਕੱਪੜੇ ਪਹਿਨੇ ਜਾਣ, ਇਨਫੈਕਸ਼ਨ ਹੋਣ 'ਤੇ ਨਜਦੀਕੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ। ਇਸ ਮੌਕੇ 'ਤੇ ਹੈਲਥ ਵਰਕਰ ਦੇਸ ਰਾਜ, ਕੁਲਦੀਪ ਸਿੰਘ, ਦਰਸ਼ਨ ਸਿੰਘ ਚਾਹਲ ਆਦਿ ਦੀ ਮੌਜੂਦ ਸਨ।

# ਬੇਲਾ ਕਾਲਜ ਨੇ ਤਿੰਨ ਵਿਸ਼ੇਸ਼ ਕੋਰਸਾਂ ਨੂੰ ਪੂਰਾ ਕਰਨ ਦੇ ਨਾਲ ਵਿਸ਼ਵ ਯੁਵਾ ਹੁਨਰ ਦਿਵਸ ਮਨਾਇਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਵਿਸ਼ਵ ਯੁਵਾ ਹੁਨਰ ਦਿਵਸ ਨੂੰ ਮਨਾਉਣ ਲਈ ਇੱਕ ਸ਼ਲਾਘਾਯੋਗ ਪਹਿਲਕਦਮੀ ਵਿੱਚ ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਨੇ ਨੌਜਵਾਨਾਂ ਦੇ ਹੁਨਰ ਅਤੇ ਸਮਰੱਥਾ ਨੂੰ ਵਧਾਉਣ ਦੇ ਉਦੇਸ਼ ਨਾਲ ਤਿੰਨ ਸਮਰਪਿਤ ਕੋਰਸਾਂ ਨੂੰ ਸਫਲਤਾਪੂਰਵਕ ਪੂਰਾ ਕੀਤਾ। ਇਹ ਕੋਰਸ, ਖਾਸ ਤੌਰ 'ਤੇ ਭਵਿੱਖ ਲਈ ਜ਼ਰੂਰੀ ਹੁਨਰਾਂ ਨਾਲ ਨੌਜਵਾਨ ਵਿਅਕਤੀਆਂ ਨੂੰ ਸਮਰੱਥ ਬਣਾਉਣ ਅਤੇ ਲੈਸ ਕਰਨ ਲਈ ਤਿਆਰ ਕੀਤੇ ਗਏ ਸਨ। ਕਾਲਜ ਪ੍ਰਿੰਸੀਪਲ ਡਾ.ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਸੰਸਥਾ ਵੱਲੋ ਸਪੋਕਨ ਇੰਗਲਿਸ਼, ਕੰਪਿਊਟਰ ਕੋਰਸ ਅਤੇ ਫੂਡ ਪ੍ਰੋਸੈਸਿੰਗ ਦੇ ਕੋਰਸਾਂ ਵਿੱਚ ਲਗਭਗ 100 ਦੇ ਕਰੀਬ ਬਾਰਵੀਂ ਪਾਸ ਵਿਦਿਆਰਥੀਆਂ ਨੇ ਹਿੱਸਾ ਲਿਆ। ਕੋਰਸਾਂ ਦੀ ਸੰਪੂਰਨਾ ਦੇ ਅਖੀਰਲੇ ਦਿਨ ਕਾਲਜ ਪ੍ਰਬੰਧਕ ਕਮੇਟੀ ਅਤੇ ਸੰਬੰਧਿਤ ਅਧਿਆਪਕਾਂ ਦੀ ਹਾਜਰੀ ਵਿੱਚ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ। ਪ੍ਰਬੰਧਕ ਕਮੇਟੀ ਦੇ ਸਕੱਤਰ ਜਗਵਿੰਦਰ ਸਿੰਘ ਪੰਮੀ ਅਤੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਸਮੁੱਚੀ ਅਧਿਆਪਕ ਟੀਮ ਦੇ ਇਸ ਉਪਰਾਲੇ ਦੀ ਸਰਾਹਨਾ ਕੀਤੀ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਹ ਕੋਰਸ ਪ੍ਰੋਗਰਾਮ ਕੋਆਰਡੀਨੇਟਰ ਡਾ. ਮਮਤਾ ਅਰੋੜਾ, ਸਹਾਇਕ ਪ੍ਰੋ. ਰਾਕੇਸ਼ ਜੋਸ਼ੀ ਅਤੇ ਸਹਾਇਕ ਪ੍ਰੋ. ਗਗਨਦੀਪ ਕੌਰ ਦੀ ਦੇਖ-ਰੇਖ ਅਧੀਨ ਕਰਵਾਏ ਗਏ। ਪਹਿਲੇ ਕੋਰਸ ਦਾ ਉਦੇਸ਼ ਵਿਦਿਆਰਥੀਆਂ ਦੇ ਆਪਸੀ ਅਤੇ ਪੇਸ਼ੇਵਰ ਹੁਨਰ ਨੂੰ ਨਿਖਾਰਨਾ ਸੀ। ਇੰਟਰਐਕਟਿਵ ਵਰਕਸ਼ਾਪ ਅਤੇ ਵਿਹਾਰਕ ਅਭਿਆਸਾਂ ਰਾਹੀਂ, ਭਾਗੀਦਾਰਾਂ ਨੇ ਪ੍ਰਭਾਵਸ਼ਾਲੀ ਸੰਚਾਰ ਤਕਨੀਕਾਂ, ਸੰਘਰਸ਼ ਹੱਲ, ਟੀਮ ਵਰਕ, ਅਤੇ ਲੀਡਰਸ਼ਿਪ ਦੇ ਸਿਧਾਂਤ ਸਿੱਖੇ। ਦੂਜੇ ਕੰਪਿਊਟਰ ਕੋਰਸ ਵਿੱਚ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਜਾਣਕਾਰੀ, ਐਮ.ਐਸ ਵਰਡ, ਐਕਸੈੱਲ ਸਪਰੈੱਡ-ਸ਼ੀਟ, ਪ੍ਰੈਜੇਂਟੇਸ਼ਨ ਬਣਾਉਣਾ, ਕੰਪਿਊਟਰ ਭਾਸ਼ਾ, ਇੰਟਰਨੈੱਟ ਦੀ ਸਹੀ ਵਰਤੋਂ, ਸੋਸ਼ਲ ਮੀਡੀਆ ਟੂਲਜ਼ ਆਦਿ ਸੰਬੰਧੀ ਮੁੱਢਲੀ ਜਾਣਕਾਰੀ ਮੁਹੱਈਆ ਕਰਵਾਈ ਗਈ। ਤੀਜਾ ਕੋਰਸ ਫੂਡ ਪ੍ਰੋਸੈਸਿਗ ਦਾ ਕਰਵਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੂੰ ਭੋਜਨ ਉਤਪਾਦਨ ਤੋਂ ਲੈ ਕੈ ਇਸ ਦੇ ਰੱਖ ਰਖਾਵ, ਸੰਭਾਲ, ਪੈਕੇਜਿੰਗ ਸੰਬੰਧੀ ਸਮਾਜਿਕ ਲੋੜ ਅਨੁਸਾਰ ਜਾਣਕਾਰੀ ਦਿਤੀ ਗਈ। ਇਸ ਮੌਕੇ ਸਮੁੱਚਾ ਸਟਾਫ਼ ਅਤੇ ਵਿਦਿਆਰਥੀ ਹਾਜਰ ਸਨ।

# ਪਸ਼ੂ ਪਾਲਣ ਵਿਭਾਗ ਵੱਲੋਂ ਲਾਏ ਕੈਂਪਾਂ ਦਾ ਅਧਿਕਾਰੀਆਂ ਵੱਲੋਂ ਦੌਰਾ



ਹੜ੍ਹ ਰਾਹਤ ਕੈਂਪ ਦਾ ਨਿਰੀਖਣ ਕਰਦੇ ਹੋਏ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀ ਅਤੇ ਰਤਨ ਸਿੰਘ ਕਾਕੜ ਕਲਾਂ।

**ਸ਼ਾਹਕੋਟ (ਗਿਆਨ ਸੈਦਪੁਰੀ)** ਲੋਹੀਆਂ ਖੇਤਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਸ਼ੂ ਪਾਲਣ ਵਿਭਾਗ ਵੱਲੋਂ 13 ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਹ ਟੀਮਾਂ ਘਰ ਘਰ ਜਾ ਕੇ ਪਸ਼ੂਆਂ ਲਈ ਦਵਾਈਆਂ ਵੰਡ ਰਹੀਆਂ ਹਨ। ਗਲ ਘੋਟੂ ਬਿਮਾਰੀ ਦੇ ਬਚਾਅ ਲਈ ਟੀਕੇ ਵੀ ਲਾਏ ਜਾ ਰਹੇ ਹਨ। ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਹਰਮਨਿੰਦਰ ਸਿੰਘ, ਸਹਾਇਕ ਨਿਰਦੇਸ਼ਕ ਡਾ ਪਰਵਿੰਦਰ ਕੌਰ ਅਤੇ ਸੀਨੀਅਰ ਵੈਟਨਰੀ ਅਫਸਰ ਡਾ. ਅਮਨਦੀਪ ਨੇ ਇਨ੍ਹਾਂ ਕੈਂਪਾਂ ਦਾ ਦੌਰਾ ਕੀਤਾ ਗਿਆ।

ਇਨ੍ਹਾਂ ਨੇ ਟੀਮਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਦੇ ਦੌਰੇ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ ਵੀ ਮੌਜੂਦ ਸਨ। ਉਨ੍ਹਾਂ ਪਸ਼ੂ ਪਾਲਕਾਂ ਨੂੰ ਅਪੀਲ ਕੀਤੀ ਕਿ ਉਹ ਡਾਕਟਰਾਂ ਦੀ ਸਿਫਾਰਸ਼ ਅਨੁਸਾਰ ਪਸ਼ੂਆਂ ਦਾ ਇਲਾਜ ਤੇ ਸੰਭਾਲ ਕਰਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਦਵਾਈਆਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਨਿਰਮਲ ਸਿੰਘ ਮੱਲ ਵੀ ਹਾਜਰ ਸਨ।

# ਐੱਮ ਐੱਸ ਕੇ ਡੇ-ਬੋਰਡਿੰਗ ਸਕੂਲ ਨੇ ਮਿਸ਼ਨ ਹਰਿਆਲੀ ਤਹਿਤ 300 ਪੌਦੇ ਲਗਾਏ



**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**- ਆਪਣਾ ਪੰਜਾਬ ਫਾਊਂਡੇਸਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਪੰਜਾਬ ਵੱਲੋ ਸਾਂਝੇ ਤੌਰ 'ਤੇ ਚਲਾਏ ਗਏ ਮਿਸ਼ਨ ਹਰਿਆਲੀ ਤਹਿਤ ਐਮ ਐਸ ਕੇ ਡੇ-ਬੋਰਡਿੰਗ ਸਕੂਲ ਕੋਟਲੀ ਜੰਡ ਦੇ ਵਿਦਿਆਰਥੀਆਂ ਅਤੇ ਸਟਾਫ ਵੱਲੋਂ 300 ਪੌਦੇ ਲਗਾ ਕੇ ਆਪਣਾ ਯੋਗਦਾਨ ਪਾਇਆ ਗਿਆ। ਸਕੂਲ ਪ੍ਰਧਾਨ ਅਤੇ 'ਆਪਣਾ ਪੰਜਾਬ ਫਾਊਂਡੇਸ਼ਨ' ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਪੂਰੇ ਜਿਲੇ ਵਿਚ ਵੱਖ-ਵੱਖ ਸਕੂਲਾਂ ਵੱਲੋਂ ਪੌਦੇ ਲਗਾ ਕੇ ਵਿਸ਼ਵ ਰਿਕਾਰਡ ਬਣਾਉਣ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਫਾਊਂਡੇਸਨ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਧੂਰੀ ਵੱਲੋਂ ਇਸ ਚੁੱਕੇ ਗਏ ਕਦਮ ਨੂੰ ਪੂਰਾ ਕਰਨ ਲਈ ਪੰਜਾਬ ਦੇ ਸਮੂਹ ਪ੍ਰਾਈਵੇਟ ਸਕੂਲ ਅਤੇ ਆਪਣਾ ਪੰਜਾਬ ਫਾਊਂਡੇਸਨ ਦੇ ਮੈਂਬਰ ਇਸ ਮਿਸ਼ਨ ਨੂੰ ਸਫਲ ਬਣਾਉਣ ਵਿਚ ਲੱਗੇ ਹੋਏ ਹਨ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 50000 ਤੋਂ ਵੱਧ ਪੌਦੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ। ਬੀਤੇ ਵਰ੍ਹੇ ਪੰਜ ਲੱਖ ਪੌਦੇ ਲਗਾ ਕੇ ਵਿਸ਼ਵ ਰਿਕਾਰਡ ਬਣਾਇਆ ਗਿਆ ਸੀ ਅਤੇ ਇਸ ਸਾਲ 7 ਲੱਖ ਪੌਦੇ ਲਗਾਏ ਜਾਣਗੇ। ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਕੌਰ, ਤਰਸੇਮ ਪੱਪੂ, ਪਰਦੀਪ ਸਿੰਘ, ਅਮਨਦੀਪ ਸਿੰਘ, ਸਿਮਰਨਜੀਤ ਕੌਰ ,ਗੁਰਸ਼ਰਨ ਕੌਰ ਅਤੇ ਹੋਰ ਸਕੂਲ ਸਟਾਫ ਹਾਜਰ ਸੀ।

# ਲਾਇਨਜ਼ ਪ੍ਰਧਾਨ ਆਸ਼ੂ ਮਾਰਕੰਡਾ ਦੀ ਅਗਵਾਈ ਹੇਠ ਲੋੜਵੰਦ ਮਰੀਜ਼ ਨੂੰ ਦਵਾਈਆਂ ਦਿੱਤੀਆਂ



**ਫਗਵਾੜਾ ( ਡਾ. ਰਮਨ, ਢੱਡਾ)** ਇਲੈਵਨ ਸਟਾਰ ਹੰਡਰੇਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਦੀ ਨਵੀਂ ਟੀਮ ਨੇ ਆਪਣੇ ਦੂਜੇ ਪ੍ਰੋਜੈਕਟ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਦੇ ਹੋਏ ਕਲੱਬ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਦੀ ਅਗਵਾਈ ਹੇਠ ਇੱਕ ਲੋੜਵੰਦ ਮਰੀਜ਼ ਨੂੰ ਦਵਾਈਆਂ ਭੇਟ ਕੀਤੀਆਂ।

ਇਸ ਦੌਰਾਨ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਪਰਸਨ (ਹਿਊਮੈਨਿਟੇਰੀਅਨ ਸਰਵਿਸਿਜ) ਅਤੇ ਮੈਂਬਰ ਜੀ.ਐਲ.ਟੀ. ਬਤੌਰ ਮੁੱਖ ਮਹਿਮਾਨ ਹਾਜਰ ਹੋਏ। ਉਨ੍ਹਾਂ ਕਲੱਬ ਦੇ ਇਸ ਪ੍ਰੋਜੈਕਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਰਥਿਕ ਤੌਰ 'ਤੇ ਕਮਜ਼ੋਰ ਲੋੜਵੰਦ ਗਰੀਬ ਮਰੀਜ਼ਾਂ ਦੀ ਸੇਵਾ ਕਰਨਾ ਬਹੁਤ ਪੁੰਨ ਦਾ ਕੰਮ ਹੈ। ਬਿਮਾਰ ਵਿਅਕਤੀ ਦੇ ਮੂੰਹੋਂ ਨਿਕਲੀ ਦੁਆ ਨੂੰ ਪਰਮਾਤਮਾ ਹਮੇਸ਼ਾ ਸਵੀਕਾਰ ਕਰਦਾ ਹੈ। ਲਾਇਨ ਆਸ਼ੂ ਮਾਰਕੰਡਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਉਨ੍ਹਾਂ ਦੀ ਟੀਮ ਨੇ ਆਪਣੇ ਪਹਿਲੇ ਪ੍ਰੋਜੈਕਟ ਤਹਿਤ ਸਿਵਲ ਹਸਪਤਾਲ ਵਿੱਚ ਮਰੀਜ਼ਾਂ ਨੂੰ ਦੁੱਧ, ਫਲ ਆਦਿ ਵੰਡੇ ਸਨ। ਜਲਦੀ ਹੀ ਹੋਰ ਪ੍ਰੋਜੈਕਟ ਵੀ ਸਫਲਤਾਪੂਰਵਕ ਕੀਤੇ ਜਾਣਗੇ। ਇਸ ਦੌਰਾਨ ਮੌਜੂਦ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ ਲਾਇਨ ਅਤੁਲ ਜੈਨ, ਜ਼ੋਨ ਚੇਅਰਮੈਨ ਲਾਇਨ ਸੁਨੀਲ ਢੀਂਗਰਾ ਅਤੇ ਐਂਟਰਟੇਨਮੈਂਟ ਚੇਅਰਮੈਨ ਲਾਇਨ ਜਸਬੀਰ ਮਾਹੀ ਨੇ ਵੀ ਲਾਇਨ ਆਸ਼ੂ ਮਾਰਕੰਡਾ ਅਤੇ ਉਨ੍ਹਾਂ ਦੀ ਟੀਮ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਇਸ ਮੌਕੇ ਕਲੱਬ ਦੇ ਸਕੱਤਰ ਲਾਇਨ ਸੰਜੀਵ ਲਾਂਬਾ, ਕੈਸ਼ੀਅਰ ਜੁਗਲ ਬਵੇਜਾ ਅਤੇ ਪੀ.ਆਰ.ਓ. ਸੁਮਿਤ ਭੰਡਾਰੀ ਆਦਿ ਹਾਜ਼ਰ ਸਨ।

# ਸਿਹਤ ਵਿਭਾਗ ਨੇ ਬੁਲ੍ਹੋਵਾਲ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਗਾਇਆ




**ਬੁਲ੍ਹੋਵਾਲ, (ਵਿਰਦੀ)** ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵਿੰਦਰ ਕੁਮਾਰ ਦੇ ਹੁਕਮਾਂ ਤਹਿਤ, ਡਾ. ਜਗਦੀਪ ਸਿੰਘ, ਐਪੀਡੀਮੋਲੋਜਿਸਟ ਅਤੇ ਡਾ. ਬਲਦੇਵ ਸਿੰਘ ਐਸ.ਐਮ.ਓ. ਚੱਕੋਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਅਧੀਨ ਪੈਂਦੇ ਪਿੰਡਾਂ ਦੇ ਲੋਕਾਂ ਨੂੰ ਬਰਸਾਤ ਦੇ ਮੌਸਮ ਦੇ ਚਲਦਿਆਂ ਬਿਮਾਰੀਆਂ ਤੋਂ ਬਚਾਅ ਸਬੰਧੀ ਕੈਂਪ ਲਗਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਹੈਲਥ ਇੰਸਪੈਕਟਰ ਗੁਰਦੇਵ ਸਿੰਘ ਵਲੋਂ ਆਪਣੀ ਟੀਮ ਸਹਿਤ ਕਸਬਾ ਬੁਲ੍ਹੋਵਾਲ ਵਿਖੇ ਘਰ-ਘਰ ਜਾ ਕੇ ਡੇਂਗੂ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਡੇਂਗੂ ਦਾ ਸਰਵੇ ਵੀ ਕੀਤਾ ਗਿਆ। ਟੀਮ ਮੈਂਬਰਾਂ ਨੇ ਦੱਸਿਆ ਕਿ ਪਿੰਡ ਬੁਲ੍ਹੋਵਾਲ ਦੇ 5 ਘਰਾਂ ਵਿੱਚੋਂ ਡੇਂਗੂ ਦਾ ਲਾਰਵਾ ਮਿਲਿਆ ਅਤੇ ਉਸਨੂੰ ਮੌਕੇ 'ਤੇ ਹੀ ਨਸ਼ਟ ਕੀਤਾ ਗਿਆ।

ਇਸ ਮੌਕੇ ਸਿਹਤ ਵਿਭਾਗ ਦੀ ਟੀਮ ਵਲੋਂ ਘਰ-ਘਰ ਜਾ ਕੇ ਕੂਲਰਾਂ, ਬਾਹਰ ਪਏ ਖਾਲੀ ਬਰਤਨਾਂ, ਗਮਲਿਆਂ, ਪੁਰਾਣੇ ਟਾਇਰਾਂ, ਪਾਣੀ ਵਾਲੀਆਂ ਟੈਂਕੀਆਂ, ਨਾਲੀਆਂ-ਗਲੀਆਂ ਆਦਿ ਵਿੱਚ ਲਾਰਵਾ ਚੈਕ ਕੀਤਾ ਗਿਆ। ਹੈਲਥ ਇੰਸਪੈਕਟਰ ਗੁਰਦੇਵ ਸਿੰਘ ਨੇ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ। ਇਹ ਮਾਦਾ ਏਡੀਜ਼ ਅਜੈਪਟੀ ਦੇ ਕੱਟਣ ਨਾਲ ਹੁੰਦਾ ਹੈ ਜਿਸ ਨਾਲ ਤੇਜ਼ ਬੁਖਾਰ, ਸਿਰ ਦਰਦ, ਚਮੜੀ ਤੇ ਦਾਣੇ ਆਦਿ ਹੋ ਜਾਂਦੇ ਹਨ। ਇਸ ਰੋਗ ਤੋਂ ਬਚਾਅ ਦਾ ਅਹਿਮ ਤਰੀਕਾ ਆਸ-ਪਾਸ ਦੀ ਸਫਾਈ ਰੱਖਣਾ ਹੀ ਹੈ। ਉਹਨਾਂ ਦੱਸਿਆ ਕਿ ਬੁਖਾਰ ਹੋਣ ਦੀ ਸੂਰਤ ਵਿਚ ਨੇੜੇ ਦੇ ਸਿਹਤ ਕੇਂਦਰ ਜਾ ਕੇ ਖੂਨ ਦੀ ਜਾਂਚ ਜਰੂਰ ਕਰਵਾਉਣੀ ਚਾਹੀਦੀ ਹੈ ਕਿਉਂਕਿ ਕੋਈ ਵੀ ਬੁਖਾਰ ਮਲੇਰੀਆ ਜਾਂ ਡੇਂਗੂ ਹੋ ਸਕਦਾ ਹੈ। ਉਹਨਾਂ ਵਲੋਂ ਪੌਸ਼ਟਿਕ ਆਹਾਰ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਮਲਟੀਪਰਪਜ਼ ਹੈਲਥ ਵਰਕਰ ਬਲਵਿੰਦਰ ਸਿੰਘ, ਬਲਜੀਤ ਸਿੰਘ, ਸਤਵੀਰ ਸਿੰਘ, ਜਸਵੰਤ ਸਿੰਘ, ਰਛਪਾਲ ਸਿੰਘ, ਆਸ਼ਾ ਫੈਲਿਟੇਟਰ ਜਸਵੀਰ ਕੌਰ, ਆਸ਼ਾ ਵਰਕਰ ਹਰਜੀਤ ਕੌਰ, ਪਰਮਿੰਦਰ ਕੌਰ, ਹਰਦੀਪ ਕੌਰ, ਬਿੰਦੂ ਸੈਣੀ, ਜਸਵਿੰਦਰ ਕੌਰ, ਜੁਗਿੰਦਰ ਕੌਰ ਵਲੋਂ ਇਸ ਲੋਕ ਭਲਾਈ ਦੇ ਕੰਮ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਬਾਖੂਬੀ ਨਿਭਾਇਆ ਗਿਆ।